"ਕੋਈ ਪੁੱਛ ਸਕਦਾ ਹੈ ਕਿ ਇਸ ਦਾ ਹੱਲ ਕੀ ਹੈ, ਕਿਸਾਨਾਂ ਦੀ ਹਾਲਤ ਕਿਵੇਂ ਸੁਧਾਰੀ ਜਾ ਸਕਦੀ ਹੈ? ਛੋਟੇ ਕਿਸਾਨ ਖੁਦ ਨੂੰ ਮਜ਼ਦੂਰ ਜਮਾਤ ਦੀ ਲਹਿਰ ਨਾਲ ਜੋੜਕੇ ਅਤੇ ਸਮਾਜਵਾਦੀ ਪ੍ਰਬੰਧ ਲਈ ਸੰਘਰਸ਼ ਵਿੱਚ ਜ਼ਮੀਨ ਅਤੇ ਹੋਰ ਸਾਧਨਾਂ (ਕਾਰਖਾਨੇ, ਮਸ਼ੀਨਾਂ ਆਦਿ) ਨੂੰ ਸਮਾਜਿਕ ਸੰਪਤੀ ਦੇ ਰੂਪ ਵਿੱਚ ਬਦਲ ਦੇਣ ਵਿੱਚ ਮਜ਼ਦੂਰਾਂ ਦੀ ਮਦਦ ਕਰਕੇ ਖੁਦ ਨੂੰ ਪੂੰਜੀ ਦੀ ਜਕੜ ਤੋਂ ਮੁਕਤ ਕਰ ਸਕਦੇ ਹਨ। ਛੋਟੇ ਪੈਮਾਨੇ ਦੀ ਖੇਤੀ ਅਤੇ ਛੋਟੀਆਂ ਜੋਤਾਂ ਨੂੰ ਬਚਾਉਣ ਦਾ ਯਤਨ ਸਮਾਜਿਕ ਵਿਕਾਸ ਦੀ ਗਤੀ ਨੂੰ ਅਣਉਪਯੋਗੀ ਰੂਪ ਵਿੱਚ ਧੀਮੀ ਕਰਨਾ ਹੋਵੇਗਾ। ਇਸਦਾ ਮਤਲਬ ਪੂੰਜੀਵਾਦ ਦੇ ਅਧੀਨ ਹੀ ਖੁਸ਼ਹਾਲੀ ਦੀ ਸੰਭਾਵਨਾ ਦੇ ਭਰਮ ਨਾਲ ਕਿਸਾਨਾਂ ਨੂੰ ਧੋਖਾ ਦੇਣਾ ਹੋਵੇਗਾ। ਇਸਦਾ ਮਤਲਬ ਕਿਰਤੀ ਜਮਾਤਾਂ ਵਿੱਚ ਫੁੱਟ ਪਾਉਣਾ ਅਤੇ ਬਹੁ ਗਿਣਤੀ ਦੀ ਉੱਪਰ ਘੱਟ ਗਿਣਤੀ ਲਈ ਇੱਕ ਸੁਵਿਧਾਮਈ ਹਾਲਤ ਪੈਦਾ ਕਰਨਾ ਹੋਵੇਗਾ।"

—ਲੈਨਿਨ

"ਛੋਟੇ ਕਿਸਾਨ ਨੂੰ ਉਸ ਦੀ ਸੰਪਤੀ ਨਾਲ ਨੱਥੀ ਰੱਖਣ ਦੀ ਤੁਹਾਡੀ ਕੋਸ਼ਿਸ਼, ਉਸਦੀ ਆਜ਼ਾਦੀ ਦੀ ਨਹੀਂ ਸਗੋਂ ਉਸ ਦੀ ਗੁਲਾਮੀ ਦੀ ਹੀ ਇਕ ਖਾਸ ਕਿਸਮ ਦੀ ਰਾਖੀ ਕਰਦੀ ਹੈ। ਇਹ ਅਜਿਹੀ ਸਥਿਤੀ ਨੂੰ ਹੋਰ ਲੰਮੇਰਾ ਕਰ ਦਿੰਦੀ ਹੈ, ਜਿਸ ਵਿਚ ਨਾ ਤਾਂ ਉਹ ਜਿਉਂਦਾ ਰਹਿ ਸਕਦਾ ਹੈ ਅਤੇ ਨਾ ਹੀ ਮਰ ਸਕਦਾ ਹੈ।"

—ਫਰੈਡਰਿਕ ਏਂਗਲਜ਼

# ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ

# ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ


| | | |
|---|---|---|
| ਪਹਿਲੀ ਵਾਰ | : | ਅਕਤੂਬਰ, 2004 |
| ਕੰਪਿਊਟਰ ਵਰਕ | : | ਸਿਮ ਕੰਪਿਊਟਰਜ਼<br>ਪ੍ਰੀਤ ਨਗਰ, ਸੋਢਲ ਰੋਡ, ਜਲੰਧਰ,<br>ਫੋਨ : 98728-81886 |
| ਪ੍ਰਕਾਸ਼ਕ | : | ਸ਼ਹੀਦ ਭਗਤ ਸਿੰਘ ਯਾਦਗਾਰੀ<br>ਪ੍ਰਕਾਸ਼ਨ, ਲੁਧਿਆਣਾ |
| ਪੁਸਤਕ ਪ੍ਰਾਪਤੀ | : | ਡਾ: ਹਰਦੀਪ ਸਿੰਘ<br>15 ਪ੍ਰੀਤ ਵਿਹਾਰ, ਸਾਹਮਣੇ ਪੈਟਰੋਲ<br>ਪੰਪ, ਦਾਦ, ਪੱਖੋਵਾਲ ਰੋਡ, ਲੁਧਿਆਣਾ<br>ਫੋਨ : 0161-3940669 |

**ਕੀਮਤ** 10 ਰੁਪਏ

*ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ*

(ਪੰਜਾਬੀ ਵਿਭਾਗ ਰਾਹੁਲ ਫਾਊਂਡੇਸ਼ਨ, ਲਖਨਊ)


## ਭੂਮਿਕਾ

ਪੰਜਾਬ ਕਿਸਾਨੀ ਲਹਿਰਾਂ ਦੀ ਜ਼ਮੀਨ ਰਿਹਾ ਹੈ ਅਤੇ ਅੱਜ ਵੀ ਹੈ। ਕਿਸਾਨੀ ਲਹਿਰਾਂ ਪ੍ਰਤੀ ਪੰਜਾਬ ਦੀ ਕਮਿਊਨਿਸਟ ਲਹਿਰ ਦੀ ਪਹੁੰਚ ਬਹੁਤ ਸਮੱਸਿਆਵਾਂ ਭਰਪੂਰ ਰਹੀ ਹੈ। ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਧਰਤੀ ਧਨੀ ਕਿਸਾਨੀ ਦੇ ਅੰਦੋਲਨਾਂ ਦਾ ਅਖਾੜਾ ਬਣ ਗਈ। ਕਈ ਕਮਿਊਨਿਸਟ ਗਰੁੱਪ ਜੋ ਮਾਲਕ ਕਿਸਾਨੀ ਦੇ ਇਹਨਾਂ ਸੰਘਰਸ਼ਾਂ ਨੂੰ ਮਜ਼ਦੂਰ ਜਮਾਤ ਦੇ ਹਿੱਤ ਵਿੱਚ ਵਰਤਣ ਗਏ, ਉਹ ਖੁਦ ਹੀ ਧਨੀ ਕਿਸਾਨਾਂ ਦੁਆਰਾ ਵਰਤੇ ਗਏ। ਅੱਜ-ਕੱਲ੍ਹ ਪੰਜਾਬ ਵਿੱਚ ਉਪਰੋਕਤ ਗਰੁੱਪ ਧਨੀ ਕਿਸਾਨ ਅੰਦੋਲਨ ਦੀ ਪੂਛ ਬਣੇ ਦਿਖਾਈ ਦਿੰਦੇ ਹਨ।

ਮਾਲਕ ਕਿਸਾਨੀ ਪ੍ਰਤੀ, ਉਸਦੇ ਸੰਘਰਸ਼ਾਂ ਪ੍ਰਤੀ ਮਾਰਕਸਵਾਦੀ-ਲੈਨਿਨਵਾਦੀ ਨਜ਼ਰੀਆ ਕੀ ਹੋਵੇ? ਇਸੇ ਸਵਾਲ ਨੂੰ ਲੈ ਕੇ 'ਜੈਕਾਰਾ' ਦੇ ਦੂਜੇ ਅੰਕ (ਸਤੰਬਰ 2001) ਤੋਂ ਇੱਕ ਬਹਿਸ ਦੀ ਸ਼ੁਰੂਆਤ ਕੀਤੀ ਗਈ ਸੀ। ਇਸੇ ਲੜੀ ਵਿੱਚ ਜੈਕਾਰਾ ਦੇ ਬਾਅਦ ਦੇ ਅੰਕਾਂ ਵਿੱਚ ਵੀ ਲੇਖ ਛਪਦੇ ਰਹੇ। ਪਰ ਜਿਨ੍ਹਾਂ ਪਾਰਟੀਆਂ ਗਰੁੱਪਾਂ ਦੀ ਇਹਨਾਂ ਲੇਖਾਂ ਵਿੱਚ ਅਲੋਚਨਾ ਕੀਤੀ ਗਈ ਸੀ, ਉਨ੍ਹਾਂ ਇਸ ਬਹਿਸ ਤੋਂ ਕਿਨਾਰਾਕਸ਼ੀ ਹੀ ਕੀਤੀ।

ਪਾਠਕਾਂ ਦੀ ਸਹੂਲਤ ਵਾਸਤੇ ਅਸੀਂ ਮਾਲਕ ਕਿਸਾਨੀ ਪ੍ਰਤੀ ਕਮਿਊਨਿਸਟ ਪਹੁੰਚ ਦੇ ਸਵਾਲ ਤੇ ਜੈਕਾਰਾ ਦੇ ਵੱਖ-ਵੱਖ ਅੰਕਾਂ ਵਿੱਚ ਪ੍ਰਕਾਸ਼ਤ ਲੇਖਾਂ ਅਤੇ ਕੁਝ ਜੈਕਾਰਾ ਟੀਮ ਵੱਲੋਂ ਵਿਸ਼ੇਸ਼ ਤੌਰ 'ਤੇ ਇਸ ਕਿਤਾਬਚੇ ਵਾਸਤੇ ਲਿਖੇ ਲੇਖਾਂ ਨੂੰ ਇੱਕਠੇ ਛਾਪ ਰਹੇ ਹਾਂ। ਜੈਕਾਰਾ 'ਚ ਪਹਿਲਾਂ ਛੱਪ ਚੁੱਕੇ ਲੇਖਾਂ ਚੋਂ ਕੁਝ ਲੇਖਾਂ ਨੂੰ ਇਸ ਕਿਤਾਬਚੇ 'ਚ ਸ਼ਾਮਿਲ ਕਰਨ ਸਮੇਂ ਸੰਪਾਦਿਤ ਕੀਤਾ ਗਿਆ ਹੈ। ਅਸੀਂ ਇਹਨਾਂ ਲੇਖਾਂ ਉੱਪਰ ਸਾਰਥਕ ਬਹਿਸ, ਅਲੋਚਨਾਵਾਂ, ਸੁਝਾਵਾਂ ਦਾ ਸਵਾਗਤ ਕਰਾਂਗੇ।

—ਪ੍ਰਕਾਸ਼ਕ

# ਭਾਰਤੀ ਖੇਤੀ ਦਾ ਸੰਕਟ ਅਤੇ ਨਰੋਦਵਾਦੀ ਰਾਸ਼ਟਰਵਾਦੀ-"ਮਾਰਕਸਵਾਦ"

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਉਦਾਰੀਕਰਨ ਦੇ ਦੌਰ ਦੀਆਂ ਆਰਥਿਕ ਨੀਤੀਆਂ ਦੇ ਭਾਰਤੀ ਖੇਤੀ ਉੱਤੇ ਜਿਹੜੇ ਮਾੜੇ ਪ੍ਰਭਾਵ ਸਾਹਮਣੇ ਆ ਰਹੇ ਹਨ ਉਹਨਾਂ ਦੀ ਚਰਚਾ, ਗਾਂਧੀਵਾਦੀ, ਵਾਤਾਵਰਣ ਬਚਾਉਵਾਦੀ, ਐਨ. ਜੀ. ਉ. (ਸਰਕਾਰੀ ਪੈਸੇ 'ਤੇ ਆਧਾਰਤ ਚਲਣ ਵਾਲੀਆਂ ਜਥੇਬੰਦੀਆਂ) ਅਤੇ ਕੁਲਕਾਂ ਫਾਰਮਰਾਂ ਦੀ ਅਗਵਾਈ ਕਰ ਰਹੇ ਕਿਸਾਨ ਆਗੂ ਵੱਖ-ਵੱਖ ਕਿਸਮਾਂ ਦੇ ਸਮਾਜਿਕ ਜਮਹੂਰੀ, ਸੰਸਦੀ "ਖੱਬੇ ਪੱਖੀ" ਅਤੇ ਇਨਕਲਾਬੀ ਕੈਂਪ ਦੀਆਂ ਭਾਈਵਾਲ ਜਥੇਬੰਦੀਆਂ ਅੱਜ ਕੱਲ੍ਹ ਲੱਗਭਗ ਇਕ ਹੀ ਭਾਸ਼ਾ 'ਚ ਕਰ ਰਹੀਆਂ ਹਨ।

ਮਾਰਕਸਵਾਦੀ ਅਰਥ ਸ਼ਾਸ਼ਤਰ ਦੀ ਨਾ ਸਮਝਦਾਰੀ ਜਾਂ ਕੱਚੀ ਪਿੱਲੀ ਸਮਝ ਤੋਂ ਵੀ ਵੱਧ ਇਹ ਬੁਨਿਆਦੀ ਜਮਾਤੀ ਪੋਜੀਸ਼ਨ ਤੋਂ ਹੀ ਥਿੜਕਣ ਹੈ ਕਿ ਭੂਮੀ ਸਬੰਧਾਂ ਅਤੇ ਕਿਸਾਨ ਆਬਾਦੀ ਦੇ ਵਿਭੇਦੀਕਰਨ ਦੇ ਸੁਆਲਾਂ ਨੂੰ ਭੁਲਾ ਕੇ ਜਾਂ ਇਉਂ ਕਹਿ ਲਈਏ ਕਿ ਜਮਾਤੀ ਵਿਸ਼ਲੇਸ਼ਣ ਅਤੇ ਜਮਾਤੀ ਗੱਠਜੋੜ ਦੇ ਸੁਆਲ ਨੂੰ ਤਿਲਾਂਜਲੀ ਦੇ ਕੇ, ਇਨਕਲਾਬੀ ਸਾਹਿਤ ਇਸ ਚੀਕ ਚਿਲਾਹਟ ਨਾਲ ਭਰਿਆ ਦਿਖ ਰਿਹਾ ਹੈ ਕਿ ਉਦਾਰੀਕਰਨ ਦੀਆਂ ਨੀਤੀਆਂ ਖੇਤੀ ਅਤੇ ਕਿਸਾਨਾਂ ਨੂੰ ਕਿਸ ਤਰ੍ਹਾਂ ਤਬਾਹ ਕਰ ਰਹੀਆਂ ਹਨ। ਚਰਚਾ ਵਿਸ਼ੇਸ਼ ਕਰ ਕੇ ਇਸ ਰੂਪ ਵਿੱਚ ਹੋ ਰਹੀ ਹੈ ਕਿ ਕਿਸਾਨ ਉੱਜੜ ਰਹੇ ਹਨ। ਕਿਹੜੇ ਕਿਸਾਨ ਉੱਜੜ ਰਹੇ ਹਨ- ਵੱਡੇ ਜਾਂ ਛੋਟੇ? ਕੌਣ ਜਿਆਦਾ ਉੱਜੜ ਰਹੇ ਹਨ। ਕੀ ਵੱਡੇ ਅਤੇ ਛੋਟੇ ਜਾਂ ਮੱਧਵਰਗੀ ਕਿਸਾਨਾਂ ਦੇ ਸੰਕਟ ਅਤੇ ਤਬਾਹੀ ਦੀ ਪ੍ਰਕ੍ਰਿਤੀ, ਮਾਤਰਾ ਅਤੇ ਗੁਣ ਦੀ ਦ੍ਰਿਸ਼ਟੀ ਤੋਂ ਇਕ ਸਮਾਨ ਹੈ? ਕੀ ਇਨਕਲਾਬੀ ਮਜ਼ਦੂਰ ਜਮਾਤ ਇਹਨਾਂ ਸਾਰਿਆਂ ਦਾ ਸਮਾਨ ਰੂਪ 'ਚ ਪੱਖ ਲਵੇਗੀ? ਅਤੇ ਫਿਰ ਪਿੰਡਾਂ ਦੇ ਉਜਰਤੀ ਗੁਲਾਮਾਂ, ਮਜ਼ਦੂਰ ਜਮਾਤ, ਅਰਧ ਮਜ਼ਦੂਰ ਜਮਾਤ ਦੀ ਤਬਾਹੀ ਬਰਬਾਦੀ ਦੇ ਸਬੰਧ ਵਿੱਚ ਕੌਣ ਸੋਚੇਗਾ? ਉਹਨਾਂ ਦੀ ਤਬਾਹੀ ਦੀ ਚਰਚਾ ਤਾਂ ਸਿਰੇ ਤੋਂ ਹੀ ਗਾਇਬ ਹੈ, ਜਾਂ ਫਿਰ ਕੁਝ ਮਾਮੂਲੀ ਹੈ! ਕਿਹਾ ਜਾ ਸਕਦਾ ਹੈ ਕਿ ਖੇਤੀ ਸੰਕਟ ਉਤੇ ਮਾਲਿਕ ਕਿਸਾਨਾਂ ਦੇ ਨਜ਼ਰੀਏ ਤੋਂ, ਜਾ ਵੱਧ ਤੋਂ ਵੱਧ ਛੋਟੇ ਮਾਲਿਕ ਕਿਸਾਨਾਂ ਦੇ ਨਜ਼ਰੀਏ ਤੋਂ ਸੋਚਣ ਦੀ ਪ੍ਰਵਿਰਤੀ ਸਿਰਫ਼ ਚੋਣਾਂ ਵਾਲੇ ਖੱਬੇ ਪੱਖੀਆਂ ਦੇ ਵਿਚ ਹੀ ਨਹੀਂ, ਸਗੋਂ ਇਨਕਲਾਬੀ ਲੋਕਾਂ ਦੇ ਖੇਮੇ ਵਿੱਚ ਵੀ ਭਾਰੂ ਦਿਖਾਈ ਦੇ ਰਹੀ ਹੈ। ਭਾਵੇਂ ਆਨਾਜ ਆਯਾਤ ਦਾ ਸੁਆਲ ਹੋਵੇ, ਸਬਸਿਡੀ ਘਟਾਉਣ ਜਾਂ ਖਤਮ ਕਰਨ ਦਾ ਸੁਆਲ ਹੋਵੇ ਜਾਂ ਲਾਭਕਾਰੀ ਮੁੱਲਾਂ ਦਾ ਸੁਆਲ ਹੋਵੇ ਹਰ ਮਾਮਲੇ ਵਿੱਚ ਇੱਕ ਹੀ ਪ੍ਰਵਿਰਤੀ ਦਿੱਖ ਰਹੀ ਹੈ। ਇਹ ਇੱਕ ਕਿਸਮ ਦਾ 'ਆਰਥਿਕ ਰੋਮਾਂਟਸਇਜ਼ਮ' ਹੈ। ਇਹ ਮਾਲ ਉਤਪਾਦਕ ਛੋਟੇ ਮਾਲਿਕ ਕਿਸਾਨ ਦਾ ਯੂਟੋਪੀਆ ਹੈ। ਇਹ ਸੁਰੱਖਿਆਵਾਦ ਮੁੱਖ ਰੂਪ ਵਿੱਚ ਕੁਲਕ ਹਿੱਤਾਂ ਦਾ ਰੱਖਿਅਕ ਹੈ। ਇਹ ਮਾਰਕਸ ਦਾ ਨਹੀਂ ਸਿਸਮੋਂਦੀ ਦਾ ਨਜ਼ਰੀਆ ਹੈ। ਇਹ ਲੈਨਿਨਵਾਦੀ ਨਹੀਂ ਸਗੋਂ ਨਰੋਦਵਾਦੀ ਨਜ਼ਰੀਆ ਹੈ।

ਕੁਝ ਹਾਰੀਆਂ ਹੋਈਆਂ ਆਤਮਾਵਾਂ ਸਾਮਾਰਾਜਵਾਦ ਦੇ ਨਵੇਂ ਹਮਲੇ ਦਾ ਮੁਕਾਬਲਾ ਕੌਮਵਾਦ ਦੀ ਜ਼ਮੀਨ ਉੱਤੇ ਖੜ੍ਹੇ ਹੋ ਕੇ ਕਰਨਾ ਚਾਹੁੰਦੀਆਂ ਹਨ ਅਤੇ (ਪਿੰਡ ਦੇ ਉਜਰਤੀ ਗੁਲਾਮਾਂ ਦੇ ਮਹਾਂ ਸਾਗਰ ਨੂੰ ਅਣਡਿੱਠ ਕਰਦਿਆਂ ਹੋਇਆਂ) ਕਿਸਾਨਾਂ ਦੀ ਤਬਾਹੀ ਦੇ ਵਿਰੁੱਧ ਨਰੋਦਵਾਦ ਦੀ ਜ਼ਮੀਨ ਉੱਤੇ ਖੜ੍ਹੇ ਹੋ ਕੇ ਲੜਨਾ ਚਾਹੁੰਦੀਆਂ ਹਨ।

ਇਹ ਪੂੰਜੀਵਾਦ ਦੇ ਜੰਮਣ ਸਮਿਆਂ ਤੋਂ ਹੀ ਮੌਜੂਦ ਨਿੱਕ ਪੂੰਜੀਵਾਦੀ ਸਮਾਜਵਾਦ ਦਾ ਹੀ ਇੱਕ ਨਵਾਂ ਅਧਿਆਏ ਹੈ। ਅਸੀਂ ਆਪਣੇ ਭਾਈਚਾਰਕਾਂ ਨੂੰ 'ਕਮਿਊਨਿਸਟ ਮੈਨੀਫੈਸਟੋ' ਵਿੱਚ ਨਿੱਕ ਪੂੰਜੀਵਾਦੀ ਸਮਾਜਵਾਦ ਦੀ ਚਰਚਾ ਕਰਦਿਆਂ ਹੋਇਆਂ ਮਾਰਕਸ, ਏਂਗਲਜ਼ ਵੱਲੋਂ ਕਹੀਆਂ ਗਈਆਂ ਕੁੱਝ ਗੱਲਾਂ ਦਾ ਇਥੇ ਹਵਾਲਾ ਦੇਣਾ ਚਾਹੁੰਦੇ ਹਾਂ—



'ਫਰਾਂਸ ਵਰਗੇ ਦੇਸ਼ਾਂ ਵਿੱਚ ਜਿਥੇ ਅੱਧੀ ਤੋਂ ਵੱਧ ਆਬਾਦੀ ਕਿਸਾਨਾਂ ਦੀ ਹੈ, ਇਹ ਸੁਭਾਵਿਕ ਸੀ ਕਿ ਜਿਹੜੇ ਲੇਖਕ ਪੂੰਜੀਪਤੀ ਵਰਗ ਦੇ ਵਿਰੁੱਧ ਮਜ਼ਦੂਰ ਜਮਾਤ ਦਾ ਸਾਥ ਦਿੰਦੇ ਸਨ, ਉਹ ਪੂੰਜੀਵਾਦੀ ਹਕੂਮਤ ਦੀ ਆਪਣੀ ਆਲੋਚਨਾ ਵਿੱਚ ਛੋਟੇ ਕਿਸਾਨਾਂ ਅਤੇ ਨਿੱਕੇ ਪੂੰਜੀਪਤੀਆਂ ਦੇ ਮਾਪਦੰਡਾਂ ਦੀ ਵਰਤੋਂ ਕਰਦੇ ਸਨ ਅਤੇ ਮੰਜ਼ਦੂਰ ਜਮਾਤ ਦੇ ਸਮਰਥਨ ਵਿੱਚ ਇਹਨਾਂ ਹੇਠਲੀਆਂ ਜਮਾਤਾਂ ਦੇ ਨਜ਼ਰੀਏ ਤੋਂ ਆਵਾਜ਼ ਉਠਾਉਂਦੇ ਸਨ। ਨਿੱਕ ਪੂੰਜੀਵਾਦੀ ਸਮਾਜਵਾਦ ਦੀ ਉਤਪੱਤੀ ਇਸੇ ਤਰਾਂ ਹੋਈ। ਨਾ ਸਿਰਫ ਫਰਾਂਸ ਵਿੱਚ, ਸਗੋਂ ਇੰਗਲੈਂਡ ਵਿੱਚ ਵਿੱਚ ਵੀ ਇਸ ਮੱਤ ਦੇ ਨੇਤਾ ਸਿਸਮੋਂਦੀ ਸਨ।"

"ਸਮਾਜਵਾਦ ਦੀ ਇਸ ਸ਼ਾਖਾ ਦੇ ਪੈਰੋਕਾਰਾਂ ਨੇ ਆਧੁਨਿਕ ਉਤਪਾਦਨ ਦੀਆਂ ਅਵਸਥਾਵਾਂ ਦੇ ਅੰਤਰ ਵਿਰੋਧਾਂ ਦਾ ਬਹੁਤ ਹੀ ਬਰੀਕੀ ਦੇ ਨਾਲ ਵਿਸ਼ਲੇਸ਼ਣ ਕੀਤਾ। ਅਰਥ ਸ਼ਾਸ਼ਤਰੀਆਂ ਦੀਆਂ ਢੋਂਗ ਪੂਰਨ ਵਕਾਲਤਾਂ ਦਾ ਉਹਨਾਂ ਨੇ ਪਰਦਾਫਾਸ਼ ਕੀਤਾ। ਮਸ਼ੀਨਾਂ ਦੀ ਵਰਤੋਂ ਅਤੇ ਮਿਹਨਤ ਦੀ ਵੰਡ ਦੇ ਤਬਾਹਕਰੂ ਸਿੱਟਿਆਂ, ਪੂੰਜੀ ਅਤੇ ਭੂਮੀ ਦਾ ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਕੇਂਦਰਤ ਹੋਣਾ, ਵਧੇਰੇ ਉਤਪਾਦਨ ਅਤੇ ਸੰਕਟ ਇਹਨਾਂ ਸਾਰਿਆਂ ਨੂੰ ਉਹਨਾਂ ਅਟੱਲ ਰੂਪ ਨਾਲ ਪ੍ਰਮਾਣਿਤ ਕੀਤਾ। ਉਹਨਾਂ ਨੇ ਨਿਮਨ ਪੂੰਜੀਪਤੀ ਵਰਗ ਅਤੇ ਕਿਸਾਨਾਂ ਦੀ ਬਰਬਾਦੀ ਦੀ ਲਾਜ਼ਮੀ ਹੋਣੀ ਮਜ਼ਦੂਰ ਜਮਾਤ ਦੀ ਦੁਰਦਸ਼ਾ, ਪੈਦਾਵਾਰ, 'ਚ ਅਰਾਜਕਤਾ, ਪੈਸੇ ਦੀ ਵੰਡ 'ਚ ਘੋਰ ਅਸਮਾਨਤਾ, ਇਕ ਦੂਸਰੇ ਨੂੰ ਖਤਮ ਕਰ ਦੇਣ ਦੇ ਲਈ ਕੌਮਾਂ ਦੇ ਵਿਚਕਾਰ ਉਦਯੋਗਿਕ ਯੁੱਧਾਂ, ਪੁਰਾਣੇ ਨੈਤਿਕ ਬੰਧਨਾਂ ਦੇ ਖਿੰਡਣ ਪੁਰਾਣੇ ਪਰਿਵਾਰਿਕ ਸਬੰਧਾਂ ਅਤੇ ਪੁਰਾਣੀਆਂ ਜਾਤੀਆਂ ਦੇ ਟੁੱਟਣ ਦੇ ਵੱਲ ਇਸ਼ਾਰਾ ਕੀਤਾ।

"ਪ੍ਰੰਤੂ ਆਪਣੇ ਸਾਕਾਰਆਤਮਕ ਉਦੇਸ਼ਾਂ ਵਿੱਚ ਇਸ ਤਰ੍ਹਾਂ ਦਾ ਸਮਾਜਵਾਦ ਜਾਂ ਤਾਂ ਇਹ ਚਾਹੁੰਦਾ ਹੈ ਕਿ ਉਤਪਾਦਨ ਅਤੇ ਵਪਾਰ ਦੇ ਪੁਰਾਣੇ ਸਾਧਨਾਂ ਨੂੰ ਅਤੇ ਉਹਦੇ ਨਾਲ ਪੁਰਾਣੇ ਜਾਇਦਾਦੀ ਸਬੰਧਾਂ ਨੂੰ ਅਤੇ ਪੁਰਾਣੇ ਸਮਾਜ ਨੂੰ ਮੁੜ ਕੇ ਕਾਇਮ ਕਰ ਦਿੱਤਾ ਜਾਵੇ ਜਾਂ ਉਤਪਾਦਨ ਦੇ ਅਤੇ ਵਪਾਰ ਦੇ ਆਧੁਨਿਕ ਸਾਧਨਾਂ ਨੂੰ ਉਹਨਾਂ ਪੁਰਾਣੇ ਜਾਇਦਾਦੀ ਸਬੰਧਾਂ ਦੇ ਸ਼ਿਕੰਜੇ ਵਿੱਚ ਕੱਸ ਦਿੱਤਾ ਜਾਵੇ ਜਿਹਨਾਂ ਨੇ ਉਹਨਾਂ ਨੂੰ ਤੋੜ ਦਿੱਤਾ ਸੀ ਅਤੇ ਜਿਨ੍ਹਾਂ ਦਾ ਇਹਨਾਂ ਸਾਧਨਾਂ ਦੇ ਰਾਹੀਂ ਟੁੱਟਣਾ ਲਾਜ਼ਮੀ ਸੀ। ਦੋਹਾਂ ਹਾਲਤਾਂ ਵਿੱਚ ਇਹ ਸਮਾਜਵਾਦ ਪਿਛਾਖੜੀ ਅਤੇ ਕਲਪਨਾਵਾਦੀ ਦੋਵੇਂ ਹਨ।"

ਮਾਰਕਸ, ਏਂਗਲਜ਼ ਨੇ ਉਸ ਸਮੇਂ ਦੀਆਂ ਪੱਛਮੀ ਯੂਰਪੀ ਹਾਲਤਾਂ ਦੇ ਆਧਾਰ ਉੱਤੇ ਲਿੱਖਿਆ ਸੀ ਕਿ, 'ਅੰਤ ਵਿੱਚ ਜਦੋਂ ਬੇਰਹਿਮ ਇਤਿਹਾਸਕ ਹਕੀਕਤ ਨੇ ਸਵੈ ਧੋਖੇ ਦਾ ਨਸ਼ਾ ਉਤਾਰ ਦਿੱਤਾ ਤਾਂ ਸਮਾਜਵਾਦ ਦਾ ਇਹ ਰੂਪ ਖੁਮਾਰੀ ਦੇ ਦੌਰ ਵਿੱਚ ਆਪਣੇ ਆਪ ਖਤਮ ਹੋ ਗਿਆ।" ਪਰ ਸਮੇਂ ਨੇ ਵਿਖਾਇਆ ਹੈ ਕਿ ਇਹ ਖੁਮਾਰੀ ਲੈਨਿਨ ਦੇ ਸਮੇਂ ਵਿੱਚ ਰੂਸ ਵਿੱਚ ਵੀ ਨਰੋਦਵਾਦੀਆਂ ਅਤੇ ਫਿਰ ਸਮਾਜਵਾਦੀ ਇਨਕਲਾਬੀਆਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਚੜ੍ਹੀ ਰਹੀ ਅਤੇ ਅੱਜ ਪੂੰਜੀ ਦੇ ਵਿਸ਼ਵੀਕਰਨ ਦੇ ਦੌਰ ਵਿੱਚ ਜਦੋਂ ਨਵ-ਕਲਾਸਿਕੀ ਪੂੰਜੀਵਾਦੀ ਰਾਜਨੀਤਕ ਅਰਥ-ਸ਼ਾਸ਼ਤਰ ਦੇ ਦਬਦਬੇ ਦੇ ਦਾਹਵੇ ਕੀਤੇ ਜਾ ਰਹੇ ਹਨ ਤਾਂ ਇਹ ਖੁਮਾਰੀ ਇਨਕਲਾਬੀ ਖੇਮੇ ਦੇ ਵੱਡੇ ਹਿੱਸੇ ਦੇ ਵੀ ਸਿਰ ਚੜ੍ਹ ਬੋਲ ਰਹੀ ਹੈ।

ਪੂੰਜੀਵਾਦੀ ਉਤਪਾਦਨ ਪ੍ਰਣਾਲੀ ਦੇ ਅਧੀਨ ਅਲੱਗ-ਅਲੱਗ ਜਮਾਤਾਂ ਦੀ ਤਬਾਹੀ ਦੀ ਪ੍ਰਕਿਰਤੀ ਅਲੱਗ-ਅਲੱਗ ਹੁੰਦੀ ਹੈ। ਕਿਸ ਜਮਾਤ ਦੀ ਤਬਾਹੀ ਤੋਂ ਅਸੀਂ ਸਭ ਤੋਂ ਵੱਧ ਚਿੰਤਤ ਹਾਂ ਇਹ ਸਾਡੇ ਜਮਾਤੀ ਪੱਖਪਾਤ ਦਾ ਸਵਾਲ ਹੈ।

ਇਹ ਆਮ ਪੂੰਜੀਵਾਦੀ ਨਿਯਮ ਹੈ ਕਿ ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ। ਵੱਡੇ ਪੂੰਜੀਪਤੀ ਛੋਟੇ ਪੂੰਜੀਪਤੀਆਂ ਨੂੰ, ਇਜਾਰੇਦਾਰ ਪੂੰਜੀਪਤੀ ਗੈਰ ਇਜ਼ਾਰੇਦਾਰ ਪੂੰਜੀਪਤੀ ਨੂੰ ਵੱਡਾ ਇਜਾਰੇਦਾਰ ਛੋਟੇ ਇਜਾਰੇਦਾਰ ਨੂੰ ਅਤੇ ਵਿੱਤੀ ਅਤੇ ਉਦਯੋਗਿਕ ਪੂੰਜੀਪਤੀ, ਪੂੰਜੀਵਾਦੀ

ਫਾਰਮਰਾਂ ਭੂ-ਸੁਆਮੀਆਂ ਕੁਲਕਾਂ ਨੂੰ ਤਬਾਹ ਕਰਨ ਜਾਂ ਦਬਾਉਣ ਦਾ ਕੋਈ ਮੌਕਾ ਨਹੀਂ ਛੱਡਦੇ। ਆਰਥਿਕ ਮੰਦੀ ਦੇ ਇਸ ਦੌਰ ਵਿੱਚ, ਫਾਰਮਰਾਂ ਕੁਲਕਾਂ ਦਾ ਰੋਣਾ ਇਹ ਹੈ ਕਿ ਕੁੱਲ ਇਕੱਠੀ ਹੋ ਰਹੀ ਪੂੰਜੀ ਵਿੱਚ ਉਹਨਾਂ ਦਾ ਹਿੱਸਾ ਛੋਟੇ ਤੋਂ ਛੋਟਾ ਹੁੰਦਾ ਜਾ ਰਿਹਾ ਹੈ। ਉਹਨਾਂ ਨੂੰ ਆਪਣੀ ਪੈਦਾਵਾਰ ਦੇ ਲਾਭਕਾਰੀ ਭਾਅ ਨਹੀਂ ਮਿਲ ਰਹੇ, ਉਹ ਮੁਨਾਫਾ ਨਹੀਂ ਕਮਾ ਰਹੇ। ਸਰਕਾਰਾਂ ਸਬਸਿਡੀ ਦੇਣ ਅਤੇ ਸਰਕਾਰੀ ਖਰੀਦ ਤੋਂ ਹੱਥ ਖਿੱਚੀ ਜਾ ਰਹੀਆਂ ਹਨ...ਆਦਿ ਆਦਿ। ਸਵਾਲ ਇਹ ਹੈ ਕਿ ਜੇ ਵੱਡੇ ਮੁਨਾਫਾਖੋਰ ਛੋਟੇ ਮੁਨਾਫਾਖੋਰਾਂ ਦਾ ਹਿੱਸਾ ਹੜੱਪ ਕਰ ਰਹੇ ਹਨ, ਜੇ ਆਪਣਾ ਮੁਨਾਫਾ ਵਧਾਉਣ ਦੀ ਹਵਸ ਵਿੱਚ ਕੁਲਕ ਅਤੇ ਫਾਰਮਰ ਬੈਂਕਾਂ ਤੋਂ ਕਰਜ਼ਾ ਲੈ ਕੇ ਟਰੈਕਟਰ, ਕੰਬਾਈਨਾਂ ਖਰੀਦ ਰਹੇ ਹਨ ਅਤੇ ਫੇਰ ਖੇਤੀ ਪੈਦਾਵਾਰ ਦੇ ਬਾਜ਼ਾਰ ਵਿੱਚ 'ਵਾਧੂ ਉਤਪਾਦਨ' ਅਤੇ ਮੰਦੀ ਦੇ ਚਲਦਿਆਂ ਭਾਰੀ ਘਾਟਾ ਉਠਾਕੇ ਕਰਜ਼ ਦੀਆਂ ਕਿਸ਼ਤਾਂ ਭਰ ਸਕਣ ਤੋਂ ਅਸਮਰਥ ਹਨ ਤਾਂ ਮਜ਼ਦੂਰ ਇਨਕਲਾਬੀਆਂ ਦੀ ਹਮਦਰਦੀ ਉਹਨਾਂ ਦੇ ਨਾਲ ਭਲਾ ਕਿਉਂ ਹੋਣੀ ਚਾਹੀਦੀ ਹੈ? ਕੀ ਇਹ ਕੁਲਕ ਅਤੇ ਫਾਰਮਰ ਉਜਰਤੀ ਮਜ਼ਦੂਰਾਂ ਦੀ ਬੇਰਿਹਮੀ ਦੇ ਨਾਲ ਲੁੱਟ ਜਬਰ ਨਹੀਂ ਕਦੇ? ਵੱਡੇ ਮੁਨਾਫਾਖੋਰ ਲਾਜ਼ਮੀ ਤੌਰ 'ਤੇ ਛੋਟੇ ਮੁਨਾਫਾਖੋਰਾਂ ਨੂੰ ਤਬਾਹ ਕਰਨਗੇ। ਕਿਸੇ ਵੀ ਪੂੰਜੀਵਾਦੀ ਪ੍ਰਬੰਧ ਵਿੱਚ ਖੇਤੀ ਅਤੇ ਉਦਯੋਗ ਦੇ ਵਿਚਕਾਰ ਲਗਾਗਾਤਰ ਵੱਧ ਰਹੇ ਅੰਤਰ ਅਤੇ ਅੰਤਰ ਵਿਰੋਧ ਦਾ ਅਤੇ ਵੱਡੇ ਮਾਲਿਕ ਕਿਸਾਨਾਂ ਅਤੇ ਉਦਯੋਗਪਤੀਆਂ ਨਾਲ ਡੂੰਘੇ ਹੁੰਦੇ ਜਾ ਰਹੇ ਅੰਤਰ ਵਿਰੋਧਾਂ ਦੀ ਦਾਅਪੇਚਕ ਵਰਤੋਂ ਕਰਨੀ ਇੱਕ ਗੱਲ ਹੈ, ਪਰ ਮੁਨਾਫਾਖੋਰ ਕੁਲਕਾਂ ਦੀ ਤਬਹੀ ਨਾਲ ਮਜ਼ਦੂਰ ਜਮਾਤ ਦੇ ਪ੍ਰਤੀਨਿਧੀਆਂ ਦੇ ਢਿੱਡ ਵਿੱਚ ਦਰਦ ਹੋਣ ਦਾ ਕੋਈ ਕਾਰਨ ਸਮਝ ਨਹੀਂ ਆਉਂਦਾ।

ਜਿਥੋਂ ਤੱਕ ਛੋਟੇ ਅਤੇ ਦਰਮਿਆਨੇ ਮਾਲਿਕ ਕਿਸਾਨਾਂ ਦਾ ਪੱਖ ਹੈ। ਉਹਦਾ ਚਰਿੱਤਰ ਮੁੱਖ ਤੌਰ 'ਤੇ ਉਜਰਤੀ ਮਜ਼ਦੂਰ ਦੀ ਲੁੱਟ ਕਰਨ ਦਾ ਨਹੀਂ ਹੁੰਦਾ। ਪੂੰਜੀ ਦੀ ਮਾਰ ਨਾਲ ਤਬਾਹ ਹੋ ਕੇ ਪ੍ਰੋਲੇਤਾਰੀ ਅਰਧ ਪ੍ਰੋਲੇਤਾਰੀਆਂ ਦੀਆਂ ਕਤਾਰਾਂ ਵਿੱਚ ਸ਼ਾਮਿਲ ਹੋਣਾ ਉਹਦੀ ਹੋਣੀ ਹੁੰਦੀ ਹੈ। ਅੰਤ ਮਜ਼ਦੂਰ ਜਮਾਤ ਦੀ ਆਬਾਦੀ ਦੇ ਇਸ ਕੁਦਰਤੀ ਸੰਗੀ ਦੀ ਤਬਾਹੀ ਜ਼ਾਹਿਰਾ ਤੌਰ 'ਤੇ ਕਮਿਊਨਿਸਟ ਇਨਕਲਾਬੀਆਂ ਦੀ ਚਿੰਤਾ ਦਾ ਅਤੇ ਸਰੋਕਾਰ ਦਾ ਵਿਸ਼ਾ ਹੁੰਦੀ ਹੈ। ਪਰ ਕਮਿਊਨਿਸਟ ਇਨਕਲਾਬੀਆਂ ਦਾ ਕੰਮ ਛੋਟੇ ਦਰਮਿਆਨੇ ਮਾਲਿਕ ਕਿਸਾਨਾਂ ਨੂੰ ਕਲਪਨਾਲੋਕ ਦੀ ਸੈਰ ਕਰਾਉਣ ਦੀ ਥਾਂ ਫੌਰੀ ਤੌਰ 'ਤੇ ਰਾਜ ਤੋਂ ਉਹਦੀਆਂ ਆਰਥਿਕ ਰਾਜਨੀਤਕ ਮੰਗਾਂ ਦੀ ਹਮਾਇਤ ਕਰਨ ਦੇ ਨਾਲ-ਨਾਲ ਉਹਨਾਂ ਨੂੰ ਇਹ ਦੱਸਣਾ ਵੀ ਜ਼ਰੂਰੀ ਹੁੰਦਾ ਹੈ ਕਿ ਪੂੰਜੀਵਾਦੀ ਪ੍ਰਬੰਧ ਵਿੱਚ ਉਹਨਾਂ ਦੀ ਤਬਾਹੀ ਹੋਣੀ ਹੀ ਹੈ ਅਤੇ ਇਹ ਕਿ ਉਹਨਾਂ ਦੇ ਸਾਹਮਣੇ ਇੱਕੋ-ਇੱਕ ਰਾਹ ਇਹੋ ਹੀ ਹੈ ਕਿ ਉਹ ਉਜਰਤੀ ਗੁਲਾਮਾਂ ਦੇ ਨਾਲ ਖੜੇ ਹੋ ਕੇ ਪੂੰਜੀਵਾਦ-ਸਾਮਰਾਜਵਾਦ ਦੇ ਵਿਰੁੱਧ ਸੰਘਰਸ਼ ਵਿੱਚ ਭਾਈਵਾਲ ਬਣਨ। ਹਕੀਕੀ ਤੌਰ 'ਤੇ ਵੇਖੀਏ ਤਾਂ ਖੇਤੀ ਖੇਤਰ ਦੇ ਛੋਟੇ ਮਾਲ ਉਤਪਾਦਕਾਂ ਦੀ ਤਬਾਹੀ ਪਿੰਡਾਂ ਵਿੱਚ ਜਮਾਤਾਂ ਦੀਆਂ ਕਤਾਰਬੰਦੀਆਂ ਨੂੰ ਤੇਜ਼ ਕਰ ਦਿੰਦੀ ਹੈ ਅਤੇ ਇਨਕਲਾਬੀ ਸੰਘਰਸ਼ ਵਿੱਚ ਲੋਕ ਪੱਖੀ ਜਮਾਤਾਂ ਦੀ ਲਾਮਬੰਦੀ ਆਸਾਨ ਕਰ ਦਿੰਦੀ ਹੈ। ਸਾਡਾ ਕੰਮ ਇਸ ਪ੍ਰਕ੍ਰਿਆ ਨੂੰ ਰੋਕਣ ਦੀਆਂ ਹਵਾਈ ਕੋਸ਼ਿਸ਼ਾਂ ਕਰਨਾ ਜਾਂ ਇਹਦੀ ਗਤੀ ਨੂੰ ਮੱਧਮ ਕਰਨਾ ਨਹੀਂ ਸਗੋਂ ਦਰਮਿਆਨੇ ਕਿਸਾਨਾਂ ਦੀ ਸੁਪਨ ਦੁਨੀਆਂ ਨੂੰ ਤਹਿਸ ਨਹਿਸ ਕਰਨ ਦੀਆਂ ਹੋਣੀਆਂ ਚਾਹੀਦੀਆਂ ਹਨ। ਸਾਨੂੰ ਉਹਨਾਂ ਨੂੰ ਇਹ ਦੱਸਣਾ ਪਵੇਗਾ ਕਿ ਲਾਭਕਾਰੀ ਭਾਅ, ਰਾਜਕੀ ਸਬਸਿਡੀ ਜਾਂ ਇੱਥੋਂ ਤੱਕ ਕਿ ਪੂੰਜੀਵਾਦੀ ਪ੍ਰਬੰਧ ਦੇ ਅਧੀਨ ਜ਼ਮੀਨ ਦੇ ਕੌਮੀਕਰਨ ਜਾਂ ਸਹਿਕਾਰੀ ਖੇਤੀ ਆਦਿ ਤੱਕ ਨਾਲ ਵੀ ਲਾਭ ਸਿਰਫ ਵੱਡੀ ਪੂੰਜੀਪਤੀ ਕਿਸਾਨੀ ਨੂੰ ਹੀ ਪਹੁੰਚ ਸਕਦਾ ਹੈ।

ਲੈਨਿਨ ਨੇ ਇਸ ਸੁਆਲ ਉੱਤੇ ਕਮਿਊਨਿਸਟ ਪਹੁੰਚ ਢੰਗ ਨੂੰ ਅਨੇਕਾਂ ਥਾਵਾਂ ਉੱਤੇ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਲਿਖਦੇ ਹਨ, "ਜੇ ਨਰੋਦਵਾਦੀਆਂ ਦੇ ਕਲਪਨਾ ਲੋਕ



ਵਿੱਚ, ਅਸੀਂ ਹਕੀਕੀ ਆਰਥਿਕ ਕਾਰਨਾਂ ਨੂੰ ਮਿਥਕ ਵਿਚਾਰਧਾਰਾ ਤੋਂ ਸਾਵਧਾਨੀ ਭਰੇ ਢੰਗ ਨਾਲ ਅਲੱਗ ਕਰੀਏ ਤਾਂ ਉਸੇ ਪਲ ਵੇਖਾਂਗੇ ਕਿ ਜਗੀਰੂ ਜਗੀਰਾਂ ਦੇ ਟੁੱਟਣ ਨਾਲ ਭਾਵੇਂ ਉਹ ਵੰਡ ਕਾਰਨ ਟੁੱਟਣ ਦਾਂ ਕੌਮੀਕਰਨ ਨਾਲ ਜਾਂ ਮਿਊਂਸੀਪਲੀਕਰਨ ਨਾਲ, ਸਭ ਤੋਂ ਵੱਧ ਲਾਭ ਲੈਣ ਵਲਾ ਵਰਗ ਸਪੱਸ਼ਟ ਤੌਰ 'ਤੇ ਪੂੰਜੀਵਾਦੀ ਕਿਸਾਨ ਹੀ ਹਨ। ਰਾਜ ਵੱਲੋਂ ਦਿੱਤਾ ਜਾਂਦਾ ਕਰਜ਼ ਸਹਿਯੋਗ ਵੀ ਪੂੰਜੀਵਾਦੀ ਕਿਸਾਨਾਂ ਨੂੰ ਹੀ ਸਭ ਤੋਂ ਵੱਧ ਲਾਭ ਪਹੁੰਚਾਉਣ ਦੇ ਲਈ ਹੀ ਕੰਮ ਕਰਦਾ ਹੈ। "ਕਿਸਾਨ ਭੂਮੀ ਇਨਕਲਾਬ" ਜ਼ਮੀਨ ਮਾਲਕੀ ਦੇ ਪੂਰੇ ਪ੍ਰਬੰਧ ਨੂੰ ਸ਼ੁੱਧ ਰੂਪ ਵਿੱਚ ਇਹਨਾਂ ਪੂੰਜੀਵਾਦੀ ਫਾਰਮਰਾਂ ਦੇ ਵਿਕਾਸ ਅਤੇ ਅਮੀਰੀ ਦੀਆਂ ਸ਼ਰਤਾਂ ਦੇ ਅਧੀਨ ਕਰ ਦੇਣ ਦੇ ਸਿਵਾਏ ਹੋਰ ਕੁਝ ਵੀ ਨਹੀਂ ਹੈ। (ਸਮਾਜਿਕ ਜਮਹੂਰੀਅਤ ਦਾ ਭੂਮੀ ਪ੍ਰੋਗਰਾਮ ਲੈਨਿਨ ਸੰਕਲਿਤ ਰਚਨਾਵਾਂ ਜਿਲਦ 13 ਅੰਗਰੇਜ਼ੀ ਛਾਪ ਮਾਸਕੋ 1962 ਸਫਾ 318)

ਬੇਸ਼ੱਕ ਮਜ਼ਦੂਰ ਜਮਾਤ ਦੇ ਮਿੱਤਰ ਵਰਗ ਦੇ ਰੂਪ ਵਿੱਚ ਛੋਟੇ ਕਿਸਾਨਾਂ ਦੀ ਤਬਾਹੀ ਇੱਕ ਕਮਿਊਨਿਸਟ ਦੇ ਲਈ ਗਹਿਰੀ ਚਿੰਤਾ ਦਾ ਵਿਸ਼ਾ ਹੈ। ਪਰ ਇਹਦਾ ਮਤਲਬ ਇਹ ਬਿਲਕੁਲ ਨਹੀਂ ਕਿ ਮਜ਼ਦੂਰ ਜਮਾਤ ਦੀ ਜਥੇਬੰਦੀ, ਇੱਕ ਮਾਲ ਉਤਪਾਦਕ ਦੇ ਰੂਪ ਵਿੱਚ ਛੋਟੇ ਮਾਲਕ ਕਿਸਾਨਾਂ ਦੀਆਂ ਮੰਗਾਂ ਨੂੰ ਅਪਣਾ ਕੇ ਉਹਨਾਂ ਦਾ ਦੁੱਮਛਲਾ ਬਣ ਜਾਵੇ ਅਤੇ ਮਜ਼ਦੂਰ ਜਮਾਤ ਦੇ ਹਿਰਾਵਲ ਦੀ ਭੂਮਿਕਾ ਨੂੰ ਹੀ ਤਿਆਗ ਦੇਵੇ ਛੋਟੇ ਮਾਲਿਕ ਕਿਸਾਨਾਂ ਵਿੱਚ ਵੱਡਾ ਮਾਲਿਕ ਬਣਨ ਦੀ ਭੁੱਖ ਜਗਾਉਣ ਜਾਂ ਛੋਟੀ ਲਾਭਕਾਰੀ ਜੋਤ ਦੇ ਯੂਟੋਪੀਆ ਨੂੰ ਬਲ ਦੇਣ ਦੀ ਥਾਂ ਕਮਿਊਨਿਸਟਾਂ ਦਾ ਫਰਜ਼ ਇਹ ਹੈ ਕਿ ਉਹ ਛੋਟੇ ਮਾਲਕ ਕਿਸਾਨਾਂ ਨੂੰ ਇਹ ਦੱਸੇ ਕਿ ਪੂੰਜੀਵਾਦੀ ਹਕੂਮਤ ਦੇ ਅਧੀਨ ਮੁਦਰਾ ਦੀ ਸੱਤਾ ਹਰ ਹਾਲਤ ਵਿੱਚ ਉਹਨਾਂ ਨੂੰ ਵਿੰਨ ਸੁੱਟੇਗੀ। ਚਾਹੇ ਧੀਮੀ ਗਤੀ ਨਾਲ ਹੋਵੇ ਜਾਂ ਤੇਜ਼ ਗਤੀ ਨਾਲ। ਤਬਾਹ ਹੋ ਕੇ ਮਜ਼ਦੂਰਾਂ ਤੇ ਅਰਧ ਮਜ਼ਦੂਰਾਂ ਦੀਆਂ ਕਤਾਰਾਂ ਵਿੱਚ ਸ਼ਾਮਿਲ ਹੋਣਾ ਉਹਦੀ ਹੋਣੀ ਹੈ। ਆਓ ਵੇਖੀਏ, ਲੈਨਿਨ ਇਸ ਵਿਸ਼ੇ ਦੇ ਸਬੰਧ 'ਚ ਕੀ ਲਿਖਦੇ ਹਨ ਅਤੇ ਧਿਆਨ ਦੇਣਯੋਗ ਗੱਲ ਇਹ ਵੀ ਹੈ ਕਿ ਲੈਨਿਨ ਨੇ ਇਹ ਉਸ ਦੌਰ 'ਚ ਲਿਖਿਆ ਹੈ ਜਦੋਂ ਰੂਸ ਅਜੇ ਬੁਰਜੂਆ ਜਮਹੂਰੀ ਇਨਕਲਾਬੀ ਦੇ ਪੜਾਅ 'ਚ ਸੀ।

ਲੈਨਿਨ ਦੇ ਸ਼ਬਦਾਂ 'ਚ, "ਕੋਈ ਪੁੱਛ ਸਕਦਾ ਹੈ, ਇਹਦਾ ਹੱਲ ਕੀ ਹੈ, ਕਿਸਾਨਾਂ ਦੀ ਹਾਲਤ ਕਿਵੇਂ ਸੁਧਾਰੀ ਜਾ ਸਕਦੀ ਹੈ? ਛੋਟੇ ਕਿਸਾਨ ਖੁਦ ਨੂੰ ਮਜ਼ਦੂਰ ਜਮਾਤ ਦੇ ਅੰਦੋਲਨ ਨਾਲ ਜੋੜ ਕੇ ਅਤੇ ਸਮਾਜਵਾਦੀ ਪ੍ਰਬੰਧ ਦੇ ਲਈ ਸੰਘਰਸ਼ ਵਿੱਚ ਅਤੇ ਜ਼ਮੀਨ ਅਤੇ ਉਤਪਾਦਨ ਦੇ ਹੋਰ ਸਾਧਨਾਂ (ਕਾਰਖਾਨੇ ਮਸ਼ੀਨਾਂ ਆਦਿ) ਨੂੰ ਸਮਾਜਿਕ ਸੰਪਤੀ ਦੇ ਰੂਪ ਵਿੱਚ ਬਦਲ ਦੇਣ ਵਿੱਚ ਮਜ਼ਦੂਰਾਂ ਦੀ ਮਦਦ ਕਰਕੇ ਹੀ ਆਪਣੇ ਆਪ ਨੂੰ ਪੂੰਜੀ ਦੀ ਜਕੜ ਤੋਂ ਮੁਕਤ ਕਰ ਸਕਦੇ ਹਨ। ਛੋਟੇ ਪੈਮਾਨੇ ਦੀ ਖੇਤੀ ਅਤੇ ਛੋਟੀਆਂ ਜੋਤਾਂ ਨੂੰ ਪੂੰਜੀਵਾਦ ਦੇ ਚੌਤਰਫੇ ਹਮਲੇ ਤੋਂ ਬਚਾ ਕੇ ਕਿਸਾਨ ਸਮੂਹਾਂ ਨੂੰ ਬਚਾਉਣ ਦਾ ਯਤਨ ਸਮਾਜਿਕ ਵਿਕਾਸ ਦੀ ਗਤੀ ਨੂੰ ਵਿਅਰਥ ਰੂਪ ਨਾਲ ਧੀਮਾ ਕਰਨਾ ਹੋਵੇਗਾ। ਇਹਦਾ ਮਤਲਬ ਪੂੰਜੀਵਾਦ ਦੇ ਅੰਤਰਗਤ ਵੀ ਖੁਸ਼ਹਾਲੀ ਦੀ ਸੰਭਾਵਨਾ ਦੇ ਭਰਮਾਂ ਹੇਠ ਕਿਸਾਨਾਂ ਨੂੰ ਧੋਖਾ ਦੇਣਾ ਹੋਵੇਗਾ। ਇਹਦਾ ਮਤਲਬ ਮਿਹਨਤਕਸ਼ ਵਰਗਾਂ ਵਿੱਚ ਫੁੱਟ ਪੈਦਾ ਕਰਨਾ ਅਤੇ ਬਹੁਮਤ ਦੀ ਕੀਮਤ ਉੱਤੇ ਘੱਟ ਗਿਣਤੀ ਦੇ ਲਈ ਇਕ ਵਿਸ਼ੇਸ਼ ਸੁਵਿਧਾ ਪ੍ਰਾਪਤ ਹਾਲਤ ਪੈਦਾ ਕਰਨਾ ਹੋਵੇਗਾ।" ('ਮਜ਼ਦੂਰ ਪਾਰਟੀ ਤੇ ਕਿਸਾਨ' ਸੰਕਲਿਤ ਰਚਨਾਵਾਂ 4 (1960) ਸਫਾ 422-23)

ਇਸੇ ਸਵਾਲ ਉੱਤੇ ਇਕ ਹੋਰ ਥਾਂ ਲੈਨਿਨ ਕਹਿੰਦੇ ਹਨ, "ਇਸ ਲਈ ਵਰਗ ਚੇਤੰਨ ਮਜ਼ਦੂਰਾਂ ਦੇ ਲਾਲ ਝੰਡੇ ਦਾ ਪਹਿਲਾ ਮਤਲਬ ਹੈ ਕਿ ਅਸੀਂ ਆਪਣੀ ਪੂਰੀ ਤਾਕਤ ਦੇ ਨਾਲ, ਪੂਰੀ ਆਜ਼ਾਦੀ ਅਤੇ ਪੂਰੀ ਜ਼ਮੀਨ ਦੇ ਲਈ ਕਿਸਾਨਾਂ ਦੇ ਸੰਘਰਸ਼ ਦਾ ਸਮਰਥਨ ਕਰਦੇ ਹਾਂ। ਦੂਸਰਾ ਇਹਦਾ ਅਰਥ ਹੈ ਕਿ ਅਸੀਂ ਇਥੇ ਹੀ ਨਹੀਂ ਰੁਕਦੇ ਸਗੋਂ ਇਸ ਤੋਂ ਅੱਗੇ ਜਾਂਦੇ ਹਾਂ। ਸਮਾਜਵਾਦ ਦੇ ਲਈ ਸੰਘਰਸ਼ ਪੂੰਜੀ ਦੀ ਹਕੂਮਤ ਦੇ ਵਿਰੁੱਧ ਸੰਘਰਸ਼ ਹੈ। ਇਹ ਸਭ ਤੋਂ ਪਹਿਲਾਂ ਅਤੇ ਸਭ ਤੋਂ

ਮੁੱਖ ਰੂਪ ਵਿੱਚ ਉਜਰਤੀ ਮਜ਼ਦੂਰਾਂ ਵੱਲੋਂ ਚਲਾਇਆ ਜਾਂਦਾ ਹੈ। ਜਿਹੜਾ ਪ੍ਰਤੱਖ ਰੂਪ 'ਚ ਅਤੇ ਪੂਰਨ ਰੂਪ ਵਿੱਚ ਪੂੰਜੀਵਾਦ ਉਤੇ ਨਿਰਭਰ ਹੁੰਦਾ ਹੈ। ਜਿਥੋਂ ਤੱਕ ਛੋਟੇ ਮਾਲਿਕ ਕਿਸਾਨਾਂ ਦਾ ਸੁਆਲ ਹੈ ਉਹਨਾਂ ਵਿੱਚੋਂ ਕੁਝ ਦੇ ਕੋਲ ਖੁਦ ਦੀ ਹੀ ਪੂੰਜੀ ਹੈ ਅਤੇ ਹਾਲਾਂਕਿ ਖੁਦ ਹੀ ਮਜ਼ਦੂਰਾਂ ਦੀ ਲੁੱਟ ਕਰਦੇ ਹਨ। ਇਸ ਲਈ ਛੋਟੇ ਮਾਲਿਕ ਕਿਸਾਨ ਸਮਾਜਵਾਦ ਦੇ ਲਈ ਲੜਨ ਵਾਲਿਆਂ ਦੀ ਕਤਾਰ ਵਿੱਚ ਸ਼ਾਮਿਲ ਨਹੀਂ ਹੋਣਗੇ ਸਗੋਂ ਉਹੀ ਅਜਿਹਾ ਕਰਨਗੇ ਜਿਹੜੇ ਦ੍ਰਿੜ ਸੰਕਲਪ ਲੈ ਕੇ ਸਚੇਤਨ ਤੌਰ ਤੇ ਪੂੰਜੀ ਦੇ ਵਿਰੁੱਧ ਮਜ਼ਦੂਰਾਂ ਦਾ ਪੱਖ ਲੈਣਗੇ, ਨਿੱਜੀ ਮਾਲਕੀ ਦੇ ਵਿਰੁੱਧ ਸਰਵਜਨਕ ਮਾਲਕੀ ਦਾ ਪੱਖ ਲੈਣਗੇ।" (ਕਿਸਾਨ ਸਮੁਦਾਏ ਤੇ ਮਜ਼ਦੂਰ' ਸੰਕਲਿਤ ਰਚਨਾਵਾਂ 10 (1965) ਸਫਾ 42-43)

ਇਸ ਸੁਆਲ ਨੂੰ ਸਪਸ਼ਟ ਕਰਦਿਆਂ ਹੋਇਆ ਇੱਕ ਹੋਰ ਥਾਂ ਉੱਤੇ ਲੈਨਿਨ ਲਿਖਦੇ ਹਨ: "ਫਿਰ ਵੀ ਜੇ ਰੂਸ ਵਿੱਚ ਵਰਤਮਾਨ ਇਨਕਲਾਬ ਦੀ ਨਿਰਣਾਇਕ ਜਿੱਤ ਲੋਕਾਂ ਦੀ ਪੂਰਨ ਪ੍ਰਭੂਸਤਾ ਕਾਇਮ ਕਰਦੀ ਹੈ, ਭਾਵ ਇੱਕ ਗਣਰਾਜ ਅਤੇ ਇਕ ਪੂਰਨ ਜਮਹੂਰੀ ਰਾਜ ਪ੍ਰਬੰਧ ਦੀ ਸਥਾਪਨਾ ਕਰਦੀ ਹੈ ਤਾਂ ਪਾਰਟੀ ਜ਼ਮੀਨ ਦੀ ਨਿੱਜੀ ਮਾਲਕੀ ਨੂੰ ਖਤਮ ਕਰ ਦੇਵੇਗੀ ਅਤੇ ਸਾਰੀ ਜ਼ਮੀਨ ਆਮ ਜਾਇਦਾਦ ਦੇ ਰੂਪ ਵਿੱਚ ਪੂਰੀ ਜਨਤਾ ਨੂੰ ਸੌਂਪ ਦੇਵੇਗੀ।"

ਇਸਤੋਂ ਵਧੇਰੇ, ਸਾਰੀਆਂ ਹਾਲਤਾਂ ਵਿੱਚ ਰੂਸੀ ਸਮਾਜਿਕ ਜਮਹੂਰੀ ਪਾਰਟੀ ਦਾ ਉਦੇਸ਼, ਜਮਹੂਰੀ ਭੂਮੀ ਸੁਧਾਰਾਂ ਦੀ ਭਾਵੇਂ ਜਿਹੜੀ ਵੀ ਹਾਲਤ ਹੋਏ, ਪੇਂਡੂ ਮਜ਼ਦੂਰਾਂ ਦੀ ਆਜ਼ਾਦ ਜਮਾਤੀ ਜਥੇਬੰਦੀ ਦੇ ਲਈ ਉਹਨਾਂ ਨੂੰ ਸਮਝਾਉਣ ਦੇ ਲਈ ਕਿ ਉਸਦਾ ਹਿੱਤ ਕਿਸਾਨ ਪੂੰਜੀਪਤੀ ਵਰਗ ਦੇ ਹਿੱਤ ਨਾਲ ਕੱਟੜ ਰੂਪ ਨਾਲ ਵਿਰੋਧੀ ਹੈ, ਉਹ ਨੂੰ ਛੋਟੇ ਪੱਧਰ ਦੀ ਮਾਲਕੀ ਦੇ ਵਿਰੁੱਧ ਚਿਤਾਵਨੀ ਦੇਣ ਦੇ ਲਈ ਜਿਹੜੇ, ਜਦੋਂ ਤੱਕ ਮਾਲ ਉਤਪਾਦਨ ਮੌਜੂਦ ਰਹੇਗਾ ਉਦੋਂ ਤੱਕ ਲੋਕਾਂ ਦੀ ਕੰਗਾਲੀ ਦੂਰ ਨਹੀਂ ਕਰ ਸਕਦਾ ਅਤੇ ਅੰਤ ਵਿੱਚ ਸਾਰੇ ਜ਼ਬਰਾਂ ਅਤੇ ਹਰ ਕਿਸਮ ਦੀ ਲੁੱਟ ਨੂੰ ਖਤਮ ਕਰਨ ਦੇ ਇੱਕੋ ਇੱਕ ਸਾਧਨ ਦੇ ਰੂਪ ਵਿੱਚ ਇਕ ਪੂਰਨ ਸਮਾਜਵਾਦੀ ਇਨਕਲਾਬ ਦੀ ਲੋੜ ਉਤੇ ਜ਼ੋਰ ਦੇਣ ਦੇ ਲਈ ਲਗਾਤਾਰ ਕੋਸ਼ਿਸ਼ ਕਰਦੇ ਰਹਿਣਾ ਹੈ। ('ਮਜ਼ਦੂਰ ਪਾਰਟੀ ਦੇ ਭੂਮੀ ਪ੍ਰੋਗਰਾਮ ਵਿੱਚ ਸੁਧਾਰ, ਸੰਕਲਿਤ ਰਚਨਾਵਾਂ ਨੰ. 10 (1965 ਸਫਾ 194-95)

ਲੈਨਿਨ ਨੇ ਭੂਮੀ ਸੁਆਲ ਅਤੇ ਕਮਿਊਨਿਸਟ ਪਾਰਟੀ ਦੇ ਜ਼ਮੀਨੀ ਪ੍ਰੋਗਰਾਮ ਦੀ ਚਰਚਾ ਕਰਦਿਆਂ ਹੋਇਆ ਬਾਰ ਬਾਰ ਚਿਤਾਇਆ ਹੈ ਕਿ ਪੂੰਜੀ ਦੇ ਪ੍ਰਭਾਵ ਵਿੱਚ ਛੋਟੇ ਮਾਲਿਕ ਕਿਸਾਨਾਂ ਦੇ ਮਾਲ ਉਤਪਾਦਕ ਬਣ ਜਾਣ ਦੇ ਪਿਛੋਂ ਖੇਤ ਮਜ਼ਦੂਰਾਂ ਨਾਲ ਉਹਨਾਂ ਦੇ ਅੰਤਰ ਵਿਰੋਧ ਦੀ ਅਤੇ ਵੱਡੇ ਭੂ-ਸੁਆਮੀਆਂ ਨਾਲ ਉਹਨਾਂ ਦੇ ਜਮਾਤੀ ਪੱਖਪਾਤ ਦੇ ਪਹਿਲੂ ਨੂੰ ਅਣਦੇਖਿਆ ਨਹੀਂ ਕੀਤਾ ਜਾਣਾ ਚਾਹੀਦਾ। ਉਹਨਾਂ ਨੂੰ ਉਜਰਤੀ ਗੁਲਾਮਾਂ ਦੇ ਨਾਲ ਖੜਾ ਹੋਣ ਦੇ ਲਈ ਸਿਰਫ ਤਾਂ ਹੀ ਤਿਆਰ ਕੀਤਾ ਜਾ ਸਕਦਾ ਹੈ ਜਦੋਂ ਉਹ ਹਾਲਤ ਦੀ ਮਾਰ ਅਤੇ ਕਮਿਊਨਿਸਟਾਂ ਦੇ ਪ੍ਰਚਾਰ ਨਾਲ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਣ ਕਿ ਖੇਤੀ ਵਿੱਚ ਪੂੰਜੀਵਾਦੀ ਮਾਲ ਉਤਪਾਦਨ ਦੀ ਪ੍ਰਵਿਰਤੀ ਦੇ ਹਾਵੀ ਹੋਣ ਦੇ ਪਿਛੋਂ ਅਤੇ ਲਗਾਤਾਰ ਵਧਦੀ ਇਜਾਰੇਦਾਰੀ ਦੀ ਦੁਨੀਆਂ ਵਿੱਚ ਛੋਟੇ ਮਾਲ ਉਤਪਾਦਕਾਂ ਦੀ ਵੱਡੀ ਪੱਧਰ 'ਤੇ ਤਬਾਹੀ ਸੁਨਿਸ਼ਚਤ ਹੈ।

ਲੈਨਿਨ ਦੇ ਹੀ ਸ਼ਬਦਾਂ ਵਿੱਚ 'ਪੂੰਜੀਵਾਦ ਦੇ ਅੰਤਰਗਤ ਛੋਟਾ ਮਾਲਿਕ ਕਿਸਾਨ, ਉਹ ਚਾਹਵੇ ਜਾਂ ਨਾਂ ਚਾਹਵੇ, ਇਸ ਤੋਂ ਜਾਣੂੰ ਹੋਵੇ ਜਾਂ ਨਾ ਹੋਵੇ-ਇਕ ਮਾਲ ਉਤਪਾਦਕ ਬਣ ਜਾਂਦਾ ਹੈ। ਇਹੋ ਉਹ ਤਬਦੀਲੀ ਹੈ ਜਿਹੜੀ ਬੁਨਿਆਦੀ ਹੈ, ਕਿਉਂਕਿ ਸਿਰਫ਼ ਇਹੋ ਉਹ ਨੂੰ ਬਾਵਜੂਦ ਇਹਦੇ ਕਿ ਉਹ ਭਾੜੇ ਦੀ ਮਿਹਨਤ ਦੀ ਲੁੱਟ ਨਹੀਂ ਕਰਦਾ, ਇੱਕ ਨਿੱਕ ਪੂੰਜੀਪਤੀ ਬਣਾ ਦਿੰਦਾ ਹੈ ਅਤੇ ਉਹ ਨੂੰ ਮਜ਼ਦੂਰ ਜਮਾਤ ਦੇ ਇੱਕ ਵਿਰੋਧੀ ਦੇ ਰੂਪ ਵਿੱਚ ਬਦਲ ਦਿੰਦਾ ਹੈ। ਇਹ ਆਪਣਾ ਉਤਪਾਦਨ ਵੇਚਦਾ ਹੈ ਜਦੋਂ ਕਿ ਮਜ਼ਦੂਰ ਆਪਣੀ ਮਿਹਨਤ ਸ਼ਕਤੀ। ਇਕ ਜਮਾਤ ਦੇ ਰੂਪ ਵਿੱਚ ਛੋਟਾ ਮਾਲਿਕ ਕਿਸਾਨ ਸਿਰਫ਼ ਖੇਤੀ ਜਿਣਸਾਂ ਦੇ ਮੁੱਲ ਵਿੱਚ ਵਾਧਾ ਹੀ ਚਾਹ ਸਕਦਾ ਹੈ



ਅਤੇ ਇਹ ਵੱਡੇ ਭੂ-ਸੁਆਮੀਆਂ ਦੇ ਨਾਲ ਲਗਾਨ ਵਿੱਚ ਉਹ ਦੀ ਹਿੱਸੇ ਦਾਰੀ ਅਤੇ ਬਾਕੀ ਸਮਾਜ ਦੇ ਵਿਰੁੱਧ ਭੂ-ਸੁਆਮੀਆਂ ਦੇ ਨਾਲ ਉਹਦੇ ਪੱਖ ਲੈਣ ਦਾ ਬਰਾਬਰ ਹੈ। ਮਾਲ ਉਤਪਾਦਨ ਦੇ ਵਿਕਾਸ ਦੇ ਨਾਲ ਹੀ ਛੋਟਾ ਮਾਲਿਕ ਕਿਸਾਨ ਆਪਣੀ ਜਮਾਤੀ ਸਥਿਤੀ ਦੇ ਅਨੁਰੂਪ ਇਕ ਨਿੱਕਾ ਭੂ-ਸੰਪਤੀਵਾਨ ਮਾਲਿਕ ਬਣ ਜਾਂਦਾ ਹੈ। (ਖੇਤੀ ਵਿੱਚ ਪੂੰਜੀਵਾਦ ਦੇ ਵਿਕਾਸ ਦੇ ਅੰਕੜੇ ਸੰਕਲਿਤ ਰਚਨਾਵਾਂ ਨੰ. 22 (1964) ਸਫਾ 95-95)

ਮਾਰਕਸ, ਏਂਗਲਜ਼ ਅਤੇ ਲੈਨਿਨ ਦੇ ਲੇਖਾਂ ਵਿੱਚ ਸੈਂਕੜੇ ਥਾਵਾਂ 'ਤੇ ਇਹ ਚਰਚਾ ਆਉਂਦੀ ਹੈ ਜਿਸਦੇ ਆਧਾਰ ਤੇ ਇਹ ਨਤੀਜਾ ਆਸਾਨੀ ਨਾਲ ਕੱਢਿਆ ਜਾ ਸਕਦਾ ਹੈ ਕਿ ਦਰਮਿਆਨੇ ਕਿਸਾਨਾਂ (ਜਾਂ ਛੋਟੇ ਮਾਲਿਕ ਕਿਸਾਨਾਂ) ਦੀ ਤਬਾਹੀ ਦੇ ਪ੍ਰਤਿ ਕਮਿਊਨਿਸਟਾਂ ਦਾ ਸਰੋਕਾਰ ਕਿਸ ਰੂਪ ਵਿੱਚ ਬਣਨਾ ਚਾਹੀਦਾ ਹੈ ਅਤੇ ਕਿਉਂ ਲਾਭਕਾਰੀ ਭਾਵਾਂ ਦੀ ਮੰਗ ਦੇ ਪੱਖ ਵਿੱਚ ਕਿਸੇ ਵੀ ਰੂਪ ਵਿੱਚ ਖੜਾ ਹੋਣਾ ਉਜਰਤੀ ਮਜ਼ਦੂਰਾਂ ਦੀ ਬਹੁਗਿਣਤੀ ਆਬਾਦੀ ਦੇ ਸਿੱਧੇ ਵਿਰੋਧ ਵਿੱਚ ਜਾ ਖੜਾ ਹੋਣਾ ਹੈ।

ਇਸ ਦਾ ਸਭ ਤੋਂ ਸਾਫ ਤੇ ਸਪੱਸ਼ਟ ਦ੍ਰਿਸ਼ ਪੰਜਾਬ 'ਚ ਦਿਖਾਈ ਦਿੰਦਾ ਹੈ ਜਿਥੋਂ ਦੇ 'ਇਨਕਲਾਬੀ', ਸ਼ਹਿਰੀ ਅਤੇ ਪੇਂਡੂ, ਪ੍ਰਵਾਸੀ ਅਤੇ ਸਥਾਨਕ ਮਜ਼ਦੂਰ ਅਤੇ ਅਰਧ ਮਜ਼ਦੂਰਾਂ ਦੀ ਬੇਰਹਿਮ ਲੁੱਟ ਅਤੇ ਨਰਕੀ ਜ਼ਿੰਦਗੀ ਨੂੰ ਅਣਦੇਖਿਆ ਕਰਦਿਆਂ ਹੋਇਆ ਖੇਤੀ ਦੇ ਸੰਕਟ ਉਤ ਮਾਲਿਕ ਕਿਸਾਨਾਂ ਦੀ ਭਾਸ਼ਾ ਵਿੱਚ ਗੱਲ ਕਰ ਰਹੇ ਹਨ ਅਤੇ ਲਾਭਕਾਰੀ ਭਾਵਾਂ ਦਾ ਰੋਣਾ ਰੋ ਰਹੇ ਹਨ, ਅਤੇ ਸਭਸਿਡੀਆਂ ਘਟਾਏ ਜਾਣ 'ਤੇ ਛਾਤੀ ਪਿੱਟ ਰਹੇ ਹਨ ਅਤੇ ਖੇਤੀ ਜਿਣਸਾਂ ਦੇ ਲਈ ਕੌਮੀ ਬਾਜ਼ਾਰ ਦੇ ਦਰਵਾਜ਼ੇ ਖੋਹਲ ਦਿੱਤੇ ਜਾਣ ਤੇ ਚੀਕ ਚਿਹਾੜਾ ਪਾ ਰਹੇ ਹਨ।

ਜ਼ਾਹਰਾ ਤੌਰ 'ਤੇ ਇਹਦਾ ਇਕ ਮੁੱਖ ਕਾਰਨ ਇਹ ਹੈ ਕਿ ਇਹ ਇਨਕਲਾਬੀ ਲੋਕ ਭਾਰਤ ਵਿੱਚ ਪਰਸ਼ਿਆਈ ਮਾਰਗ (ਜੁੰਕਰ ਟਾਈਪ ਰੂਪਾਂਤਰਣ) ਜਾਂ ਸਤਾਲਿਪਿਨ ਸੁਧਾਰਾਂ ਨਾਲ ਮਿਲਦੇ ਜੁਲਦੇ ਢੰਗਾਂ ਨਾਲ ਹੋਏ ਬੁਰਜ਼ੂਆ ਭੂਮੀ ਸੁਧਾਰਾਂ ਦੀ ਹੋਂਦ ਨੂੰ ਹੀ ਨਹੀਂ ਮੰਨਦੇ। ਖੇਤੀ 'ਚ ਮਾਲ ਉਤਪਾਦਨ ਦੀ ਪ੍ਰਣਾਲੀ ਦੇ ਸਥਾਪਿਤ ਢਾਂਚੇ, ਇਕ ਕੌਮੀ ਬਾਜ਼ਾਰ ਦੀ ਮੌਜੂਦਗੀ, ਪੇਂਡੂ ਜ਼ਿੰਦਗੀ ਦੇ ਪੋਟੇ ਪੋਟੇ ਤੱਕ ਵਿੱਤੀ ਪੂੰਜੀ ਦੀ ਪੈਂਠ, ਕਿਸਾਨ ਆਬਾਦੀ ਦੇ ਵਿਭੇਦੀਕਰਨ ਆਦਿ ਪ੍ਰਤਿਨਿਧਕ, ਘਟਨਾਵਾਂ, ਲੱਛਣਾਂ ਨੂੰ ਅਣਡਿੱਠ ਕਰਦਿਆਂ ਹੋਇਆਂ 'ਅਤੇ ਸਿਰਫ਼ ਮੁਜ਼ਾਰਾ ਪ੍ਰਬੰਧ ਦੇ ਕੁੱਝ ਪੁਰਾਣੇ ਰੂਪਾਂ ਅਤੇ ਕੁਝ ਪੂਰਵ ਪੂੰਜੀਵਾਦੀ ਰਹਿੰਦ ਖੂੰਹਦ ਦੇ ਆਧਾਰ ਅਤੇ ਉਸਾਰ 'ਚ ਮੌਜੂਦਗੀ ਦੇ ਆਧਾਰ 'ਤੇ ਇਸ ਗੱਲ ਉੱਤੇ ਖੂੰਡਾ ਗੱਡੀ ਬੈਠੇ ਹੋਏ ਹਨ ਕਿ ਭਾਰਤ ਵਿੱਚ ਅਜੇ ਵੀ ਮੂਲ ਰੂਪ 'ਚ ਜਗੀਰੂ ਪ੍ਰਬੰਧ ਕਾਇਮ ਹੈ। ਤਾਂ ਫਿਰ ਸਾਡੇ ਇਹ ਮਿੱਤਰ 'ਚਾਰ ਵਰਗਾਂ ਦੀ ਯੁੱਧਨੀਤਕ ਸਾਂਝ' ਦੀ ਚਿੰਤਾ 'ਚ ਪਾਗਲ ਹੋ ਕੇ ਲਾਭਕਾਰੀ ਭਾਵਾਂ, ਸਬਸਿਡੀਆਂ, ਰਾਜਕੀ ਸੁਰੱਖਿਆ ਆਦਿ ਦੀਆਂ ਮੰਗਾਂ ਉਠਾਉਂਦਿਆਂ ਹੋਇਆ ਬਾਹਰਮੁਖੀ ਤੌਰ ਤੇ ਨਾ ਸਿਰਫ਼ ਛੋਟੇ ਕਿਸਾਨਾਂ ਦੇ ਪੈਰੋਕਾਰ ਬਣ ਬਹਿੰਦੇ ਹਨ ਸਗੋਂ ਕੁਲਕਾਂ ਦੇ ਪਿਛਲੱਗੂ ਹੋ ਜਾਂਦੇ ਹਨ, ਅਤੇ ਪ੍ਰਬੰਧ ਦੀ ਸ਼ਰਨ 'ਚ ਚਲੇ ਜਾਂਦੇ।

ਪਰ ਗੱਲ ਸਿਰਫ਼ ਐਨੀ ਹੀ ਨਹੀਂ ਹੈ। ਇਹ ਇਨਕਲਾਬੀ ਮਜ਼ਦੂਰ ਜਮਾਤੀ ਪੋਜ਼ੀਸ਼ਨ ਤੋਂ ਹੀ ਖਿਸਕ ਚੁੱਕੇ ਹਨ। ਧਿਆਨ ਦੇਣ ਵਾਲੀ ਗੱਲ ਹੈ ਕਿ ਬੁਰਜ਼ੂਆ ਜਮਹੂਰੀ ਇਨਕਲਾਬ ਦੇ ਦੌਰਾਨ ਵੀ ਲੈਨਿਨ ਕਿਸਾਨਾਂ ਦੀ ਆਜ਼ਾਦੀ ਅਤੇ ਜ਼ਮੀਨ ਦੀ ਲੜਾਈ ਦੀ ਪੂਰੀ ਤਰ੍ਹਾਂ ਹਮਾਇਤ ਕਰਦਿਆਂ ਹੋਇਆ ਲਗਾਤਾਰ ਉਹਨਾਂ ਦੇ ਵਿਚਕਾਰ ਇਸ ਪ੍ਰਚਾਰ ਉਤੇ ਜ਼ੋਰ ਦਿੰਦੇ ਹਨ, ਕਿ ਮਾਲ ਉਤਪਾਦਨ ਦੇ ਢਾਂਚੇ ਵਿੱਚ ਛੋਟੇ ਉਤਪਾਦਨ ਨੇ ਤਬਾਹ ਹੋਣਾ ਹੀ ਹੈ ਸਮੁੱਚੀ ਜ਼ਮੀਨ ਉਤੇ ਸਮੁੱਚੀ ਜਨਤਾ ਦੀ ਮਲਕੀਅਤ ਅਤੇ ਸਿਰਫ਼ ਐਨਾ ਹੀ ਨਹੀਂ ਸਗੋਂ ਨਾਲ ਹੀ ਪੂੰਜੀ ਅਤੇ ਮਾਲ ਅਰਥਚਾਰੇ ਦਾ ਖਾਤਮਾ ਹੀ ਜ਼ਮੀਨ ਦੇ ਸੁਆਲ ਦਾ ਹਕੀਕੀ ਹੱਲ ਹੈ। ਲੈਨਿਨ ਇਸ ਗੱਲ ਨੂੰ ਵੀ ਸ਼ਪੱਸ਼ਟ ਕਰਦੇ ਹਨ ਕਿ ਜ਼ਮੀਨ ਉੱਤੇ ਸੰਪੂਰਨ ਕਾਨੂੰਨੀ ਮਾਲਕੀ ਅਤੇ ਜਗੀਰੂ ਨਿਰੰਕੁਸ਼ਤਾ ਦੇ

ਵਿਰੁੱਧ ਆਜ਼ਾਦੀ ਦੀ ਲੜਾਈ ਵਿੱਚ ਸਾਥ ਦਿੰਦਿਆਂ ਹੋਇਆ ਵੀ ਕੁਲਕ ਧਨੀ ਕਿਸਾਨ ਵੱਡੇ ਮਾਲ ਉਤਪਾਦਕ ਦੇ ਰੂਪ ਵਿੱਚ ਪ੍ਰੋਲੇਤਾਰੀ, ਅਰਧ ਪ੍ਰੋਲੇਤਾਰੀ ਆਬਾਦੀ ਦੇ ਨਾਲ ਕਦੇ ਵੀ ਨਹੀਂ ਖੜੇ ਹੋਣਗੇ ਅਤੇ ਛੋਟੇ ਮਾਲਿਕ ਕਿਸਾਨ ਵੀ ਆਪਣੀ ਹੋਣੀ ਦੇ ਅਹਿਸਾਸ ਤੋਂ ਪਿਛੋਂ ਹੀ ਨਾਲ ਆਉਣਗੇ ਅਤੇ ਉਹ ਵੀ ਡਾਵਾਂਡੋਲ ਹਾਲਤਾਂ ਚੋਂ ਦੀ ਲੰਘਦਿਆਂ ਹੋਇਆਂ। ਉਹ ਜ਼ਮੀਨ ਉਤੇ ਮਾਲਕੀ ਅਤੇ ਆਜ਼ਾਦੀ ਦੀ ਉਹਨਾਂ ਦੀ ਮੰਗ ਦੀ ਹਿਮਾਇਤ ਕਰਦਿਆਂ ਹੋਇਆਂ ਵੀ ਲਾਭਕਾਰੀ ਭਾਵਾਂ ਵਰਗੀਆਂ ਮੰਗਾਂ ਨੂੰ ਬੇਹੱਦ ਪਿਛਾਂਹ ਖਿੱਚੂ ਦੱਸਦੇ ਹਨ ਅਤੇ ਕਿਸਾਨ ਆਬਾਦੀ ਦੇ ਵਿਚਕਾਰ ਬੁਰਜ਼ੂਆ ਜਮਹੂਰੀ ਇਨਕਲਾਬ ਦੇ ਦੌਰ ਵਿੱਚ ਵੀ ਸਮਾਜਵਾਦੀ ਪ੍ਰਚਾਰ ਉੱਤੇ ਲਗਾਤਾਰ ਜ਼ੋਰ ਦਿੰਦੇ ਹਨ।

ਆਪਣੀ ਮੌਤ ਤੋਂ ਠੀਕ ਇਕ ਸਾਲ ਪਹਿਲਾਂ 1894 'ਚ ਫਰੈਡਰਿਕ ਏਂਗਲਜ਼ ਨੇ ਖੇਤੀ ਸਮੱਸਿਆ ਉਤੇ ਇੱਕ ਬਹੁਮੁੱਲੀ ਮਾਰਕਸਵਾਦੀ ਰਚਨਾ ਲਿਖੀ ਹੈ:- **'ਫਰਾਂਸ ਅਤੇ ਜਰਮਨੀ ਵਿੱਚ ਕਿਸਾਨਾਂ ਦਾ ਸੁਆਲ'**। ਅਸੀਂ ਸਮਝਦੇ ਹਾਂ ਕਿ ਭਾਰਤ ਦੇ ਇਨਕਲਾਬੀਆਂ ਨੂੰ ਨਵ ਨਰੋਦਵਾਦੀ ਯੂਟੋਪੀਆ ਤੋਂ ਮੁਕਤ ਹੋਣ ਅਤੇ ਸਿਸਮੋਂਦੀ ਦੀ ਥਾਂ ਮਾਰਕਸ ਦਾ ਸ਼ਿਸ਼ ਬਣਨ ਦੇ ਲਈ ਇਸ ਕਿਰਤ ਦਾ ਲਾਜ਼ਮੀ ਹੀ ਅਧਿਐਨ ਕਰਨਾ ਚਾਹੀਦਾ ਹੈ। ਇਸ ਰਚਨਾ ਨੂੰ ਲਿਖਣ ਦਾ ਇੱਕ ਕਾਰਨ ਇਹ ਵੀ ਸੀ ਕਿ ਏਂਗਲਜ਼ ਉਹਨਾਂ ਫਰਾਂਸੀਸੀ ਸਮਾਜਵਾਦੀਆਂ ਦੀਆਂ ਗਲਤੀਆਂ ਸੁਧਾਰਨਾ ਚਾਹੁੰਦੇ ਸਨ, ਜਿਹਨਾਂ ਨੇ ਮਾਰਸੇਈ ਵਿੱਚ 1892 'ਚ ਪਾਸ ਕੀਤੇ ਅਤੇ 1894 ਵਿੱਚ ਨਾਂਟ ਵਿਚ ਹੋਰ ਵਿਸਥਾਰਤ ਆਪਣੇ ਖੇਤੀ ਪ੍ਰੋਗਰਾਮ ਵਿੱਚ ਮਾਰਕਸਵਾਦ ਤੋਂ ਬੇਮੁੱਖ ਹੋ ਕੇ ਮੌਕਾਪ੍ਰਸਤੀ ਨੂੰ ਰਿਆਇਤਾਂ ਦਿੱਤੀਆਂ ਸਨ। ਇਹ ਫਰਾਂਸੀਸੀ ਸਮਾਜਵਾਦੀ ਛੋਟੇ ਮਾਲਿਕ ਕਿਸਾਨਾਂ ਨੂੰ ਨਾਲ ਲੈਣ ਦੇ ਲਈ ਉਹਨਾਂ ਦੀਆਂ ਦੂਸਰੇ ਤਰ੍ਹਾਂ ਨਾਲ ਮਜ਼ਦੂਰ ਵਿਰੋਧੀ ਮੰਗਾਂ 'ਚ ਵੀ ਸਮਰਥਕ ਬਣ ਬੈਠੇ ਸਨ। "ਛੋਟੀ ਲਾਭਕਾਰੀ ਜੋਤ" ਦੇ ਯੂਟੋਪੀਆ ਦੀ ਪੈਰੋਕਾਰੀ ਕਰਨ ਲੱਗੇ ਸਨ ਅਤੇ ਲਾਭਕਾਰੀ ਭਾਵਾਂ ਅਤੇ ਰਾਜਸੀ ਸੁਰੱਖਿਆ, ਰਿਆਇਤਾਂ ਦੀ ਮੰਗ ਦੀ ਹਮਾਇਤ ਕਰਨ ਲਗੇ ਸਨ। ਕਿ ਲਿਖਤ ਨੂੰ ਲਿਖਣ ਦਾ ਇਕ ਹੋਰ ਪ੍ਰਤੱਖ ਕਾਰਨ ਇਹ ਸੀ ਕਿ ਫੋਲਮਰ ਅਤੇ ਹੋਰ ਮੌਕਾਂ ਪ੍ਰਸਤਾਂ ਨੇ 1894 ਵਿੱਚ ਜਰਮਨ ਸਮਾਜਿਕ ਜਮਹੂਰੀਆਂ ਦੀ ਫਰੈਂਕਫਰਟ ਕਾਂਗਰਸ ਵਿੱਚ ਖੇਤੀ ਪ੍ਰੋਗਰਾਮ ਉਤੇ ਹੋਈ ਬਹਿਸ ਦੀ ਵਰਤੋਂ ਕਰਦਿਆਂ ਧਨੀ ਕਿਸਾਨਾਂ ਦੇ ਸਮਾਜਵਾਦੀ ਰੂਪਾਂਤਰਨ ਦੇ ਆਪਣੇ ਮਾਰਕਸਵਾਦ ਵਿਰੋਧੀ "ਸਿਧਾਂਤ" ਨੂੰ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਸੀ।

ਆਪਣੀ ਇਸ ਮਹੱਤਵਪੂਰਨ ਲਿਖਤ ਵਿੱਚ ਏਂਗਲਜ਼ ਨੇ ਸ਼ਪੱਸ਼ਟ ਕੀਤਾ ਹੈ ਕਿ ਮਜ਼ਦੂਰ ਜਮਾਤ ਦਾ ਹਿਰਾਵਲ ਇਕ ਛੋਟੇ ਮਾਲ ਉਤਪਾਦਕ ਦੇ ਰੂਪ ਵਿੱਚ ਛੋਟੇ ਮਾਲਿਕ ਕਿਸਾਨਾਂ ਦੀਆਂ ਮੰਗਾਂ ਦਾ ਹਮਾਇਤੀ ਨਹੀਂ ਹੋ ਸਕਦਾ ਅਤੇ ਜੇ ਉਹਨਾਂ ਦੇ ਯੂਟੋਪਿਆ ਨੂੰ ਹਮਾਇਤ ਦੇ ਕੇ ਉਹਨਾਂ ਨੂੰ ਨਾਲ ਵੀ ਲਿਆ ਜਾਵੇ ਤਾਂ ਆਉਣ ਵਾਲੇ ਸਮੇਂ 'ਚੇ ਉਹ ਹੋਰ ਦੂਰ ਡਿੱਗ ਪੈਣਗੇ। ਏਂਗਲਜ਼ ਮੁਤਾਬਕ 'ਅਤੀਤ ਕਾਲੀਨ ਪੈਦਾਵਾਰੀ ਢੰਗ ਦੇ ਹੁੰਦਿਆਂ ਹੋਰ ਸਾਰੀ ਰਹਿੰਦ ਖੂੰਹਦ ਦੇ ਵਾਂਗੂ ਸਾਡੇ ਛੋਟੇ ਕਿਸਾਨ ਦਾ ਵੀ ਵਿਨਾਸ਼ ਨਿਸ਼ਚਿਤ ਹੈ, ਉਹਦੇ ਬਚੇ ਰਹਿਣ ਜਾਂ ਭਲੇ ਦੀ ਕੋਈ ਆਸ ਨਹੀਂ ਹੈ। ਉਹ ਆਉਣ ਵਾਲਾ ਪ੍ਰੋਲੇਤਾਰੀ ਹੈ।" ਇਸ ਲਈ ਉਹ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਹ ਨੂੰ ਆਉਣ ਵਾਲੀ ਮਜ਼ਦੂਰ ਜਮਾਤ ਦੇ ਰੂਪ ਵਿੱਚ ਨਾਲ ਲਿਆ ਜਾਣਾ ਚਾਹੀਦਾ ਹੈ, ਨਾ ਕਿ ਅੱਜ ਦੇ ਚੰਗੇ ਖਾਂਦੇ ਪੀਂਦੇ (ਮਾਲਕ) ਕਿਸਾਨਾਂ ਦੇ ਰੂਪ ਵਿੱਚ।

ਵੱਡੇ ਤੋਂ ਲੈ ਕੇ ਛੋਟੇ ਮਾਲਿਕ ਕਿਸਾਨਾਂ ਤੱਕ ਦੇ ਰਾਜਸੀ ਪ੍ਰਤਿਨਿਧ ਅਤੇ ਸੋਧਵਾਦੀ ਪਾਰਟੀਆਂ ਕਾਫ਼ੀ ਹੋ ਹੱਲਾ ਮਚਾ ਰਹੀਆਂ ਹਨ ਕਿ ਵਿਦੇਸ਼ੀ ਆਨਾਜ ਤੇ ਖਾਣ ਵਾਲੇ ਪਦਾਰਥ ਅਤੇ ਹੋਰ ਖੇਤੀ ਉਤਪਾਦਾਂ ਦੇ ਲਈ ਦੇਸ਼ੀ ਬਾਜ਼ਾਰ ਨੂੰ ਖੋਹਲਕੇ ਸਰਕਾਰ ਨੇ ਕਿਸਾਨਾਂ ਦੀ ਤਬਾਹੀ ਦਾ ਰਾਹ ਖੋਹਲ ਦਿੱਤਾ ਹੈ। ਇਨਕਲਾਬੀ ਜਥੇਬੰਦੀਆਂ ਵੀ ਲਗਭਗ ਇਸ ਚਿੰਤਾ 'ਚ ਸੁਰ ਮਿਲਾ



ਰਹੀਆਂ ਸਨ।

ਕੀ ਇਹ ਠੀਕ ਜਮਾਤੀ ਦ੍ਰਿਸ਼ਟੀਕੋਣ ਹੈ? ਇਹ ਨੂੰ ਸਮਝਣ ਦੇ ਲਈ ਪਿਛਲੀ ਸਦੀ ਦੇ ਯੂਰਪ ਦੀ ਅਜਿਹੀ ਹੀ ਇਕ ਘਟਨਾ ਦਾ ਜ਼ਿਕਰ ਕਰਨਾ ਪ੍ਰਸੰਗ ਤੋਂ ਬਾਹਰਾ ਨਹੀਂ ਹੋਵੇਗਾ। ਉੱਤਰੀ ਅਤੇ ਦੱਖਣੀ ਅਮਰੀਕਾ ਦੇ ਫਾਰਮਰਾਂ ਨੇ (ਮੁੱਖ ਰੂਪ 'ਚ ਆਪਣੇ ਗੁਲਾਮਾਂ ਦੀ ਕਿਰਤ ਤੇ ਬਲਬੂਤੇ 'ਤੇ) ਬਸਤੀਆਂ ਦੇ ਮੁਜ਼ਾਰੇ ਕਿਸਾਨਾਂ ਨੂੰ ਨਿਚੋੜ ਕੇ ਵਿਰੋਧੀ ਤਾਕਤਾਂ ਨੇ ਪੂਰੇ ਯੂਰਪ ਦੇ ਬਾਜ਼ਾਰ ਨੂੰ ਸਸਤੇ ਆਨਾਜ ਨਾਲ ਭਰ ਦਿੱਤਾ ਸੀ। ਤਾਂ ਇੰਗਲੈਂਡ ਦੇ ਭੂ-ਸੁਆਮੀਆਂ ਨੇ ਇਸ ਗੱਲ ਦੀ ਮੰਗ ਕੀਤੀ ਕਿ ਬਾਹਰ ਤੋਂ ਆਨਾਜ ਆਉਣ ਉਤੇ ਰੋਕ ਲਾਈ ਜਾਵੇ। ਇਸ ਮਾਮਲੇ 'ਤੇ ਮਾਰਕਸ ਨੇ ਆਪਣੇ ਵਿਚਾਰ ਆਨਾਜ ਆਯਾਤ ਦੇ ਪੱਖ ਵਿੱਚ ਪ੍ਰਗਟ ਕੀਤੇ ਸਨ। ਕਿਉਂਕਿ ਉਹ ਇਹ ਨੂੰ ਪੂੰਜੀਵਾਦੀ ਵਿਕਾਸ ਦੀ ਲਾਜ਼ਮੀ ਗਤੀ ਦਾ ਸਿੱਟਾ ਅਤੇ ਵਿਗਿਆਨਕ ਆਰਥਿਕ ਦ੍ਰਿਸ਼ਟੀ ਤੋਂ ਪ੍ਰਗਤੀਸ਼ੀਲ ਕਦਮ ਮੰਨਦੇ ਸਨ। ਉਹਨਾਂ ਦਾ ਮਤ ਸੀ ਕਿ ਇਹਦੇ ਨਾਲ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੀ ਗਤੀ ਤੇਜ਼ ਹੋਵੇਗੀ ਅਤੇ ਛੋਟੇ ਮਾਲਿਕਾਂ ਦੇ ਮਜ਼ਦੂਰ ਬਣ ਜਾਣ ਦੀ ਨਾ ਟਾਲੀ ਜਾ ਸਕਣ ਵਾਲੀ ਹੋਣੀ ਤੇਜ਼ੀ ਨਾਲ ਵੱਧਣ ਦੇ ਨਾਲ ਹੀ ਜਮਾਤੀ ਧਰੁਵੀਕਰਨ ਤੇਜ਼ ਹੋ ਜਾਵੇਗਾ।

ਉਤੇ ਚਰਚਿਤ ਆਪਣੀ ਲਿਖਤ ਵਿੱਚ ਵੀ ਏਂਗਲਜ਼ ਨੇ ਉਪਰੋਕਤ ਪ੍ਰਸੰਗ ਦਾ ਜ਼ਿਕਰ ਕਰਦਿਆਂ ਹੋਇਆ ਦੱਸਿਆ ਹੈ ਕਿ ਇਸ ਹਾਲਤ ਵਿੱਚ, "ਵੱਡੇ ਜ਼ਮੀਨ ਮਾਲਕ ਛੋਟੇ ਛੋਟੇ ਕਿਸਾਨਾਂ ਦੇ ਹਮਾਇਤੀ ਬਣ ਕੇ ਮੈਦਾਨ ਵਿੱਚ ਉਤਰਦੇ ਹਨ ਅਤੇ ਛੋਟੇ ਕਿਸਾਨ ਜ਼ਿਆਦਾਤਰ ਉਹਨਾਂ ਨੂੰ ਇਸ ਰੂਪ ਵਿੱਚ ਹੀ ਸਵੀਕਾਰ ਕਰਦੇ ਹਨ।" ਏਂਗਲਜ਼ ਨੇ ਦੱਸਿਆ ਕਿ ਅਭਾਗੇ ਛੋਟੇ ਕਿਸਾਨਾਂ ਨੂੰ ਉਹਨਾਂ ਦੇ ਝੂਠੇ ਰੱਖਿਅਕਾਂ ਦੇ ਪਿਛਲੱਗੂ ਬਣਨ ਤੋਂ ਬਚਾਉਣ ਲਈ ਕਮਿਊਨਿਸਟਾਂ ਨੂੰ ਉਹਨਾਂ ਨੂੰ ਪੂੰਜੀਵਾਦ ਦੇ ਅਧੀਨ ਉਹਨਾਂ ਦੇ ਭਵਿੱਖ ਸਬੰਧੀ ਸਾਫ ਸਾਫ ਦੱਸਣਾ ਪਵੇਗਾ। ਹਾਂ ਉਹਨਾਂ ਦੇ ਸਾਹਮਣੇ ਹੱਲ ਜ਼ਰੂਰ ਸ਼ਪੱਸ਼ਟ ਕਰ ਦੇਣਾ ਪਵੇਗਾ ਕਿ ".....ਜਦੋਂ ਸਾਡੇ ਹੱਥਾਂ 'ਚ ਰਾਜ ਸੱਤਾ ਆਵੇਗੀ, ਉਦੋਂ ਅਸੀਂ ਪੂਰੀ ਤਾਕਤ ਨਾਲ ਛੋਟੇ ਕਿਸਾਨਾਂ ਦੀ ਜਾਇਦਾਦ (ਮੁਆਵਜ਼ੇ ਸਮੇਤ ਜਾਂ ਬਿਨਾਂ ਮੁਆਵਜ਼ਾ) ਖੋਹਣ ਦਾ ਜਿਹੜਾ ਕੰਮ ਸਾਨੂੰ ਵੱਡੇ ਜ਼ਿਮੀਦਾਰਾਂ ਦੇ ਮਾਮਲੇ 'ਚ ਕਰਨਾ ਪਵੇਗਾ, ਦੀ ਗੱਲ ਵੀ ਨਹੀਂ ਸੋਚਾਂਗੇ। ਛੋਟੇ ਕਿਸਾਨਾਂ ਦੇ ਸਬੰਧ ਵਿੱਚ ਸਾਡਾ ਕੰਮ ਸਭ ਤੋਂ ਪਹਿਲਾ ਕੰਮ ਉਹਨਾਂ ਦੇ ਨਿੱਜੀ ਉੱਦਮ ਅਤੇ ਨਿੱਜੀ ਮਾਲਕੀ ਨੂੰ ਸਹਿਕਾਰੀ ਉੱਦਮ ਅਤੇ ਸਹਿਕਾਰੀ ਮਾਲਕੀ ਦੇ ਅਧੀਨ ਕਰਨਾ ਪਵੇਗਾ। ਇਹ ਤਾਕਤ ਨਾਲ ਨਹੀਂ ਸਗੋਂ ਮਿਸਾਲਾਂ ਪੇਸ਼ ਕਰਕੇ ਅਤੇ ਸਮਾਜਿਕ ਸਹਾਇਤਾ ਦੇ ਕੇ ਕੀਤਾ ਜਾਵੇਗਾ। ਕਹਿਣ ਦੀ ਲੋੜ ਨਹੀਂ ਕਿ ਉਸ ਸਮੇਂ ਛੋਟੇ ਕਿਸਾਨਾਂ ਨੂੰ ਅਜਿਹੇ ਹੀ ਭਾਵੀ ਲਾਭ; ਜਿਹੜੇ ਉਹਨਾਂ ਨੂੰ ਅੱਜ ਵੀ ਸ਼ਪੱਸ਼ਟ ਹੋਣਗੇ, ਵਿਖਾਉਣ ਲਈ ਸਾਡੇ ਕੋਲ ਬਹੁਤ ਸਾਰੇ ਸਾਧਨ ਹੋਣਗੇ।" (ਫਰਾਂਸ ਤੇ ਜਰਮਨੀ 'ਚ ਕਿਸਾਨਾਂ ਦਾ ਸੁਆਲ) (ਚੋਣਵੀਆਂ ਰਚਨਾਵਾਂ 3 ਭਾਗ 2 (1978) ਸਫਾ 382)

ਧਨੀ ਕਿਸਾਨਾਂ ਦੇ ਮਾਮਲੇ ਵਿੱਚ ਜਿਹੜੇ ਮੁੱਖ ਰੂਪ 'ਚ ਉਜਰਤੀ ਮਜ਼ਦੂਰਾਂ ਤੋਂ ਕੰਮ ਲੈਂਦੇ ਹਨ, ਅਤੇ ਲਾਭਕਾਰੀ ਭਾਵਾਂ ਦੀ ਮੰਗ ਕਰਦੇ ਹਨ, ਸਬੰਧੀ ਏਂਗਲਜ਼ ਦਾ ਸ਼ਪੱਸ਼ਟ ਮਤ ਹੈ ਕਿ ਕਿਸੇ ਵੀ ਸੂਰਤ ਵਿੱਚ ਉਹਨਾਂ ਦੀ ਇਸ ਮੰਗ ਦੀ ਹਮਾਇਤ ਨਹੀਂ ਕੀਤੀ ਜਾ ਸਕਦੀ। "ਕਹਿਣ ਦੀ ਲੋੜ ਨਹੀਂ ਕਿ ਮਜ਼ਦੂਰਾਂ ਦੀ ਪਾਰਟੀ ਨੂੰ ਪਹਿਲੇ ਰੂਪ ਵਿੱਚ, ਉਜਰਤੀ ਮਜ਼ਦੂਰਾਂ ਦੀ ਵੱਲੋਂ ਭਾਵ ਇਹਨਾਂ ਨੌਕਰਾਂ, ਨੌਕਰੀਆਂ ਅਤੇ ਦਿਹਾੜੀਆਂ ਮਜ਼ਦੂਰ ਦੇ ਵੱਲੋਂ ਹੀ ਲੜਨਾ ਪਵੇਗਾ। ਕਿਸਾਨਾਂ ਨਾਲ ਅਜਿਹਾ ਕੋਈ ਵਾਹਦਾ ਕਰਨਾ ਨਿਰਵਿਵਾਦ ਰੂਪ 'ਚ ਵਰਜਿਤ ਹੈ, ਜਿਸ ਵਿੱਚ ਮਜ਼ਦੂਰਾਂ ਦੀ ਉਜਰਤੀ ਗੁਲਾਮੀ ਨੂੰ ਜਾਰੀ ਰੱਖਣਾ ਸ਼ਾਮਿਲ ਹੋਵੇ। ਪਰੰਤੂ ਜਦੋਂ ਤੱਕ ਵੱਡੇ ਅਤੇ ਦਰਮਿਆਨੇ ਕਿਸਾਨਾਂ ਦੀ ਹੋਂਦ ਹੈ ਉਹ ਉਜਰਤੀ ਮਜ਼ਦੂਰਾਂ ਦੇ ਬਿਨਾਂ ਕੰਮ ਨਹੀਂ ਚਲਾ ਸਕਦੇ। ਇਸ ਲਈ ਛੋਟੀ ਜੋਤ ਵਾਲੇ ਕਿਸਾਨਾਂ ਨੂੰ ਸਾਡਾ ਇਹ ਵਿਸ਼ਵਾਸ ਦੇਣਾ ਕਿ ਉਹ ਇਸ ਰੂਪ 'ਚ

ਸਦਾ ਬਣੇ ਰਹਿ ਸਕਦੇ ਹਨ, ਜਿਥੇ ਮੂਰਖਤਾ ਦੀ ਹੱਦ ਹੋਵੇਗੀ, ਉੱਥੇ ਵੱਡੇ ਅਤੇ ਦਰਮਿਆਨੇ ਕਿਸਾਨਾਂ ਨੂੰ ਇਹ ਵਿਸ਼ਵਾਸ ਦੇਣਾ ਗ਼ਦਾਰੀ ਦੀ ਹੱਦ ਤੱਕ ਪਹੁੰਚ ਜਾਣਾ ਵੀ ਹੋਵੇਗਾ।"

ਪਿਛਲੀ ਅੱਧੀ ਸਦੀ ਤੋਂ ਸਾਮਰਾਜਵਾਦੀਆਂ ਦੀ ਹਮਾਇਤ ਨਾਲ ਭਾਰਤੀ ਪੂੰਜੀਪਤੀ ਜ਼ਮੀਨੀ ਸੰਬੰਧਾਂ ਅਤੇ ਖੇਤੀ ਦੇ ਪੂੰਜੀਵਾਦੀ ਰੂਪਾਂਤਰਨ ਦੀਆਂ ਜਿਹੜੀਆਂ ਨੀਤੀਆਂ ਨੂੰ ਲਾਗੂ ਕਰ ਰਹੇ ਸਨ, ਉਹਨਾਂ ਦੇ ਤਰਕਮਈ ਸਿੱਟੇ ਦੇ ਤੌਰ ਤੇ, ਉਪਰਲੀ ਖੁਸ਼ਹਾਲ ਪਰਤ ਨੂੰ ਛੱਡਕੇ, ਮੱਧ ਕਿਸਾਨ ਆਬਾਦੀ ਤੱਕ ਸਹਿਜੇ-ਸਹਿਜੇ ਤਬਾਹ ਹੋ ਕੇ ਸ਼ਹਿਰੀ, ਦੇਹਾਤੀ ਉਜਰਤੀ ਮਜ਼ਦੂਰਾਂ ਦੀਆਂ ਕਤਾਰਾਂ ਵਿੱਚ ਸ਼ਾਮਿਲ ਹੁੰਦੀ ਜਾ ਰਹੀ ਸੀ। ਉਦਾਰੀਕਰਨ ਦੇ ਦੌਰ ਨੇ ਇਸ ਪ੍ਰਕ੍ਰਿਆ ਨੂੰ ਕਈ ਗੁਣਾ ਤੇਜ਼ ਕਰ ਦਿੱਤਾ ਹੈ। ਲਮਕਵੀ ਮੰਦੀ ਦੇ ਸੰਕਟ ਨਾਲ ਪੀੜਤ ਸਾਮਰਾਜਵਾਦੀ ਨਵੇਂ ਨਵੇਂ ਬਾਜ਼ਾਰਾਂ ਦੀ ਭਾਲ 'ਚ ਪਿਛੜੇ ਦੇਸ਼ਾਂ ਦੇ ਦੂਰ ਦੁਰਾਡੇ ਪਿੰਡਾਂ ਤੱਕ ਪਹੁੰਚ ਰਹੇ ਹਨ ਅਤੇ ਸਵਦੇਸ਼ੀ ਪੂੰਜੀਪਤੀਆਂ ਤੋਂ ਲੈ ਕੇ ਕੁਲਕ ਫਾਰਮਰਾਂ ਤੱਕ ਨੂੰ ਕੋਨਿਆਂ 'ਚ ਧੱਕ ਰਹੇ ਹਨ। ਉਨ੍ਹੀਵੀਂ ਸਦੀ ਦੇ ਫਰਾਂਸ ਅਤੇ ਬਰਤਾਨੀਆਂ ਦੇ ਵਾਂਗੂੰ ਇਥੇ ਵੀ ਛੋਟੀ ਮਾਲਕੀ ਦਾ ਨਿਸ਼ਚਤ ਅੰਤ ਸਪਸ਼ਟ ਦਿਖਾਈ ਦੇਣ ਲੱਗਾ ਹੈ। ਨਿਸ਼ਚਤ ਪੂੰਜੀਵਾਦੀ ਹੋਣੀ ਦੀ ਦਿਸ਼ਾ ਵਿੱਚ ਇਸ ਤੇਜ਼ ਚਾਲ ਤੋਂ ਮਜ਼ਦੂਰ ਜਮਾਤ ਦੇ ਹਿਰਾਵਲ ਭਲਾ ਛਾਤੀਆਂ ਕਿਉਂ ਪਿੱਟਣ? ਵਿਸ਼ਵ ਪੂੰਜੀਵਾਦ ਦੀ ਨੰਗੀ ਨਿਰੰਕੁਸ਼ ਲੁਟੇਰੀ ਪ੍ਰਕ੍ਰਿਤੀ ਅਤੇ ਦੂਸਰਿਆਂ ਨੂੰ ਸਾਬਤ ਹੜੱਪਣ ਦੇ ਚਰਿੱਤਰ ਦਾ ਪਰਦਾਚਾਕ ਕਰਨ ਦੇ ਨਜ਼ਰੀਏ ਤੋਂ ਆਰਥਿਕ ਨਵਬਸਤੀਵਾਦ ਦੇ ਦੌਰ ਦੀ ਇਸ ਵਿਸ਼ੇਸ਼ਤਾ ਦੀ ਚਰਚਾ ਇਕ ਅਲੱਗ ਗੱਲ ਹੈ ਪਰ ਇਹ ਨਾ ਟਾਲੀ ਜਾ ਸਕਣ ਵਾਲੀ ਹੋਣੀ ਦੇ ਸਿੱਟਿਆਂ ਨੂੰ ਰੋਕਣ ਜਾਂ ਇਹ ਦੀ ਗਤੀ ਮੱਧਮ ਕਰਨ ਦੀ ਕੋਈ ਹਵਾਈ ਕੋਸ਼ਿਸ਼ ਕਮਿਊਨਿਸਟ ਭਲਾ ਕਿਉਂ ਕਰਨਗੇ? ਕਹਿਣ ਦਾ ਮਤਲਬ ਇਹ ਕਿ ਕਮਿਊਨਿਸਟਾਂ ਦਾ ਫਰਜ਼ ਇਹ ਬਣਦਾ ਹੈ ਕਿ ਗਰੀਬ ਅਤੇ ਬਦਹਾਲ ਦਰਮਿਆਨੀ ਕਿਸਾਨੀ ਨੂੰ ਉਦਾਰੀਕਰਨ ਦੀਆਂ ਨੀਤੀਆਂ ਦਾ ਵਿਰੋਧ ਬੀਤ ਚੁੱਕੇ ਦੀ ਜ਼ਮੀਨ ਉੱਤੇ ਖੜਾ ਹੋ ਕੇ ਕਰਨ ਦੀ ਥਾਂ, ਭਵਿੱਖ ਦੀ ਜ਼ਮੀਨ ਉੱਤੇ ਖੜਾ ਹੋ ਕੇ ਕਰਨਾ ਸਿਖਾਉਣ ਅਤੇ ਉਹਨਾਂ ਨੂੰ ਉਜਰਤੀ ਗੁਲਾਮਾਂ ਦੀਆਂ ਉਹਨਾਂ ਕਤਾਰਾਂ ਦੇ ਨਾਲ ਇਕ ਜੁੱਟਤਾ 'ਚ ਪ੍ਰੋਣ ਦੀਆਂ ਕੋਸ਼ਿਸ਼ਾਂ ਕਰਨ, ਜਿਨ੍ਹਾਂ 'ਚ ਦੇਰ ਸਵੇਰ ਸ਼ਾਮਿਲ ਹੋ ਜਾਣਾ ਉਹਨਾਂ ਦੀ ਹੋਣੀ ਹੈ ਅਤੇ ਜਿਸ ਤੋਂ ਬਚਣ ਦਾ ਇਕੋ ਇਕ ਰਾਹ ਉਹੀ ਹੋ ਸਕਦਾ ਹੈ ਕਿ ਉਹ ਸਵੈ ਇੱਛਾ ਦੇ ਨਾਲ ਆਪਣਾ ਭਵਿੱਖ ਉਹਨਾਂ ਦੇ ਨਾਲ ਜੋੜ ਲੈਣ।

ਇਹ ਤਹਿ ਹੈ ਕਿ ਉਪਰਲੇ ਡੰਡਿਆਂ ਉੱਤੇ ਖਲੋਤੇ ਦੇਸ਼ੀ ਵਿਦੇਸ਼ੀ ਮੁਨਾਫਾਖੋਰ ਸਭ ਤੋਂ ਹੇਠਲੇ ਡੰਡੇ (ਪੌੜੀ) ਉੱਤੇ ਖਲੋਤੇ ਖੇਤੀ ਖੇਤਰ ਦੇ ਪੂੰਜੀਪਤੀਆਂ ਉੱਤੇ ਪ੍ਰਬੰਧ ਦੇ ਸੰਕਟ ਦਾ ਸਭ ਤੋਂ ਵਧੇਰੇ ਬੋਝ ਸੁੱਟਣ ਦੀ ਕੋਸ਼ਿਸ਼ ਕਰਨਗੇ ਅਤੇ ਵਾਫਰ ਕਦਰ ਵਿੱਚ ਉਹਨਾਂ ਦਾ ਹਿੱਸਾ ਲਗਾਤਾਰ ਘਟਾਉਣ ਦੀ ਕੋਸ਼ਿਸ਼ ਕਰਨਗੇ। ਇਸ ਪ੍ਰਕ੍ਰਿਆ 'ਚ ਕੁਲਕਾਂ ਫਾਰਮਰਾਂ ਦਾ ਇਕ ਚੰਗਾ ਖਾਸਾ ਹਿੱਸਾ ਤਬਾਹ ਵੀ ਹੋਵੇਗਾ। ਹਾਲਾਂ ਕਿ ਇਹ ਵੀ ਸੱਚ ਹੈ ਕਿ ਇਕ ਚੰਗਾ ਖਾਸਾ ਹਿੱਸਾ ਪੂੰਜੀ ਦੇ ਬਲਬੂਤੇ ਸੰਕਟ ਨੂੰ ਝੱਲ ਸਕਣ ਦੀ ਆਪਣੀ ਸਮੱਰਥਾ ਦੇ ਹੁੰਦਿਆਂ ਨਵੀਆਂ ਹਾਲਤਾਂ ਦੇ ਅਨੁਰੂਪ ਅਨੁਕੂਲਿਤ ਕਰਦਿਆਂ ਖੁਦ ਨੂੰ ਬਚਾ ਵੀ ਲਵੇਗਾ। ਮੰਨ ਲਓ ਕਿ ਭਾਰਤ ਦੀ ਪੂਰੀ ਖੇਤੀ ਕੁਝ ਕੁ ਵੱਡੇ-ਵੱਡੇ ਫਾਰਮਰਾਂ ਦੀਆਂ ਸਹਿਕਾਰੀ ਸੰਮਤੀਆਂ, 'ਐਗਰੀ ਬਿਜਨੈਸ' ਦੇ ਸਵਾਮੀ ਦੇਸ਼ੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਅਤੇ ਰਾਜਕੀ ਮਾਲਕੀ ਵਾਲੀਆਂ ਸੰਸਥਾਵਾਂ ਆਦਿ ਦੇ ਹੱਥਾਂ 'ਚ ਸਿਮਟ ਜਾਣ ਦਾ ਖਤਰਾ ਹੋਵੇ ਤਾਂ ਵੀ ਮਜ਼ਦੂਰ ਜਮਾਤ ਦੇ ਹਰਾਵਲ ਇਸ ਪ੍ਰਕ੍ਰਿਆ ਨੂੰ ਰੋਕਣ ਜਾਂ ਮੱਧਮ ਕਰਨ ਦੀ ਕੋਸ਼ਿਸ ਭਲਾ ਕਿਉਂ ਕਰਨ? ਇਸ ਪੂਰੀ ਪ੍ਰਕ੍ਰਿਆ 'ਚ ਸ਼ਾਮਿਲ ਨੰਗੀ ਨਿਰੰਕੁਸ਼ ਲੁੱਟ ਮਾਰ ਨੂੰ ਉਜਾਗਰ ਕਰਨਾ ਅਤੇ ਉਹਦੇ ਵਿਰੁੱਧ ਵਿਆਪਕ ਮਿਹਨਤਕਸ਼ ਆਵਾਮ ਨੂੰ ਸਹੀ ਹਕੀਕੀ ਬਦਲ ਪੇਸ਼ ਕਰਦਿਆਂ ਹੋਇਆ ਜਥੇਬੰਦ ਕਰਨਾ ਅਤੇ ਫੌਰੀ, ਰੋਜ਼ਮਰਾ ਦੇ ਸੰਘਰਸ਼ ਨੂੰ ਲੰਮੇ ਸੰਘਰਸ਼ਾਂ ਦੀ ਕੜੀ ਬਣਾਉਣਾ ਇਕ ਗੱਲ ਹੈ ਅਤੇ ਪ੍ਰਕ੍ਰਿਆ ਨੂੰ ਰੋਕਣ ਦੀ



ਅਸਫਲ ਕੋਸ਼ਿਸ਼ ਕਰਨਾ ਇਕ ਦੂਸਰੀ ਗੱਲ ਹੈ। ਇਤਿਹਾਸਕ ਵਿਗਿਆਨਕ ਦ੍ਰਿਸ਼ਟੀ ਤੋਂ ਵਸਤੂਗਤ ਤੌਰ ਤੇ, ਤਾਂ ਧਰੁਵੀਕਰਨ ਦਾ ਵੱਧ ਤੋਂ ਵੱਧ ਤਿੱਖੇ ਹੁੰਦੇ ਜਾਣਾ ਇਕ ਪ੍ਰਗਤੀਸ਼ੀਲ ਕਦਮ ਹੀ ਹੋਵੇਗਾ। ਉਦਾਰੀਕਰਨ ਦੀਆਂ ਨੀਤੀਆਂ ਦਾ ਵਿਰੋਧ ਇਹ ਸ਼ਪਸ਼ਟ ਕਰਦਿਆਂ ਹੋਇਆ ਹੋਣਾ ਚਾਹੀਦਾ ਹੈ ਕਿ ਸੰਸਾਰ ਇਤਿਹਾਸ ਦੀ ਇਹ ਤਰਕਮਈ ਗਤੀ ਹੈ, ਜੇ ਪੂੰਜੀਵਾਦ ਦਾ ਨਾਸ਼ ਮਜ਼ਦੂਰ ਇਨਕਲਾਬ ਦੇ ਰਾਹੀਂ ਨਹੀਂ ਹੋਵੇਗਾ ਤਾਂ ਉਹ ਇਸ ਦਿਸ਼ਾ 'ਚ ਅੱਗੇ ਵਧੇਗਾ ਤੇ ਇਹ ਕਿ ਪੂੰਜੀਵਾਦੀ ਚੌਹੱਦੀ 'ਚ ਦੂਸਰਾ ਕੋਈ ਬਦਲ ਨਹੀਂ ਹੈ ਅਤੇ ਕੋਈ ਬਦਲ ਹੈ ਤਾਂ ਉਹ ਹੈ ਸਮਾਜਵਾਦ। ਉਦਾਰੀਕਰਨ ਦੀਆਂ ਨੀਤੀਆਂ ਪਹਿਲਾਂ ਹਮੇਸ਼ਾਂ ਤੋਂ ਵਧੇਰੇ ਸ਼ਪੱਸ਼ਟ ਰੂਪ ਵਿੱਚ ਇਹ ਸਿੱਧ ਕਰ ਰਹੀਆਂ ਹਨ ਕਿ ਸਮਾਜਵਾਦ ਹੀ ਇੱਕੋ ਇਕ ਸਾਰਥਿਕ ਸੰਭਵ ਅਤੇ ਵਿਉਹਾਰਕ ਬਦਲ ਹੈ। ਹਾਲਤ ਖੁਦ ਨਿੱਜੀ ਮਾਲਕੀ ਦੇ ਮਾਨਵਤਾ ਵਿਰੋਧੀ ਚਰਿੱਤਰ ਨੂੰ ਉਜਾਗਰ ਕਰ ਰਹੇ ਹਨ। ਉਜਰਤੀ ਮਜ਼ਦੂਰਾਂ ਅਤੇ ਉਹਨਾਂ ਦੇ ਬੇਰੁਜ਼ਗਾਰ ਭਰਾਵਾਂ ਦੀ ਲਗਾਤਾਰ ਵਧਦੀ ਆਬਾਦੀ ਦੇ ਵਿਚਕਾਰ ਮਜ਼ਦੂਰ ਇਨਕਲਾਬ ਦੇ ਵਿਗਿਆਨ ਨੂੰ ਸਵੀਕਾਰਨ ਦੀਆਂ ਬਾਹਰਮੁਖੀ ਹਾਲਤਾਂ ਹੁਣ ਵੱਧ ਤੋਂ ਵੱਧ ਅਨੁਕੂਲ ਹੁੰਦੀਆਂ ਜਾ ਰਹੀਆਂ ਹਨ। (ਹਾਲਾਂ ਕਿ ਇਹਦਾ ਦੂਸਰਾ ਪਹਿਲੂ ਇਹ ਵੀ ਹੈ ਕਿ ਜਟਿਲਤਾਵਾਂ ਪੇਚੀਦਗੀਆਂ) ਵਧਦੀਆਂ ਜਾ ਰਹੀਆਂ ਹਨ।)

ਮਜ਼ਦੂਰ ਜਮਾਤ ਦੇ ਰਾਜਨੀਤਕ ਪ੍ਰਤਿਨਿਧੀਆਂ ਦੀ ਕੇਂਦਰੀ ਚਿੰਤਾ ਸਾਫ਼ ਤੌਰ ਤੇ ਉਹਨਾਂ ਉਜਰਤੀ ਅਤੇ ਦਿਹਾੜੀਦਾਰ ਖੇਤ ਮਜ਼ਦੂਰਾਂ ਦੀ ਤਬਾਹੀ ਨੂੰ ਲੈ ਕੇ ਹੋਣੀ ਚਾਹੀਦੀ ਹੈ ਜਿਹਨਾਂ ਦਾ ਸਮਾਜਵਾਦ ਤੋਂ ਬਿਨਾਂ ਕੋਈ ਹੋਰ ਭਵਿੱਖ ਹੋ ਹੀ ਨਹੀਂ ਸਕਦਾ। ਪਰ ਇਨਕਲਾਬ ਦੀ ਮੰਜ਼ਿਲ ਦੀ ਗਲਤ ਸਮਝ, ਅਤੇ ਨਾ ਸਿਰਫ਼ ਇਹੋ ਹੀ ਸਗੋਂ ਨਵ ਜਮਹੂਰੀ ਇਨਕਲਾਬ ਦੇ ਜ਼ਮੀਨੀ ਪ੍ਰੋਗਰਾਮ ਦੀ ਵੀ ਨਿਹਾਇਤ ਗਲਤ ਸਮਝ ਦੇ ਹੁੰਦਿਆ, ਭਾਰਤ, ਦੇ ਇਨਕਲਾਬੀ 'ਜ਼ਮੀਨ ਹੱਲਵਾਹਕ ਨੂੰ' ਦੇ ਨਾਹਰੇ ਦਾ ਨਿਹਾਇਤ ਭੱਦਾ ਰੂਪ ਪਹਿਲਾਂ ਤੋਂ ਹੀ ਅਮਲ ਵਿੱਚ ਲਿਆਉਂਦੇ ਰਹੇ ਹਨ ਅਤੇ ਪਿੰਡਾਂ ਦੀ ਮਜ਼ਦੂਰ, ਅਰਧ ਮਜ਼ਦੂਰ ਆਬਾਦੀ ਵਿੱਚ ਜ਼ਮੀਨ ਦੀ ਨਿੱਜੀ ਮਾਲਕੀ ਦੀ ਭੁੱਖ ਇੱਕ ਅਜਿਹੇ ਸਮੇਂ 'ਚ ਜਗਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਜਦੋਂ ਕਿ ਆਰਥਿਕ ਹਾਲਤਾਂ ਨੇ ਵੱਧ ਤੋਂ ਵੱਧ ਇਸ ਗੱਲ ਨੂੰ ਸਾਫ ਕਰ ਦਿੱਤਾ ਹੈ ਕਿ ਛੋਟੀ ਲਾਭਕਾਰੀ ਜੋਤ ਇਕ ਯੂਟੋਪੀਆ ਹੈ। ਜ਼ਿਮੀਦਾਰੀ ਖਤਮ ਕਰਨ ਵਾਲੇ ਕਾਨੂੰਨਾਂ ਦੇ ਪਿੱਛੋਂ ਕਿਸਾਨਾਂ ਦੇ ਖੇਤਾਂ ਦੇ ਮਾਲਿਕ ਬਣ ਜਾਣ ਅਤੇ ਉਹਦੇ ਸਿੱਟੇ ਸਾਹਮਣੇ ਆਉਣ ਦੇ ਬਾਵਜੂਦ ਕਮਿਊਨਿਸਟ ਖੁਦ ਭੂਮੀ ਹੱਦ ਬੰਦੀ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਅਤੇ ਸੀਲਿੰਗ ਤੋਂ ਨਿਕਲਦੀ ਫਾਜ਼ਿਲ (ਵਾਧੂ) ਜ਼ਮੀਨ, ਗੈਰ ਮਜ਼ਰੂਆ ਜ਼ਮੀਨ, ਅਤੇ ਪਿੰਡ ਦੀਆਂ ਪੰਚਾਇਤਾਂ ਦੀ ਜ਼ਮੀਨ ਦੇ ਪੱਟੇ ਭੂਮੀ ਹੀਣਾਂ ਨੂੰ ਵੰਡਣ ਦੀ ਲੜਾਈ ਲਗਾਤਾਰ ਲੜਦੇ ਰਹੇ ਹਨ। ਜਿਥੇ ਅਜਿਹੇ ਪੱਟੇ ਹੋਏ ਹਨ, ਉਥੋਂ ਦੀ ਹਕੀਕਤ ਵੀ ਇਹ ਰਹੀ ਹੈ ਕਿ ਪੂੰਜੀ ਦੀ ਘਾਟ ਕਾਰਨ ਪੱਟੇਦਾਰ ਗਰੀਬ ਜਾਂ ਤਾਂ ਪੱਟੇ 'ਚ ਮਿਲੀ ਜ਼ਮੀਨ ਦੇ ਟੁੱਕੜਿਆਂ ਨੂੰ ਵੇਚ ਦਿੰਦੇ ਰਹੇ ਹਨ ਜਾਂ ਫਿਰ ਉਹ ਨੂੰ ਰੱਖੀ ਰੱਖਦਿਆਂ ਹੋਇਆ ਵੀ ਉਜਰਤੀ ਮਜ਼ਦੂਰ ਦੀ ਜ਼ਿੰਦਗੀ ਹੀ ਜਿਉਂ ਦੀ ਤਿਉਂ ਬਤੀਤ ਕਰ ਰਹੇ ਹਨ। ਭਾਰਤ ਦੇ ਸਹੀ ਸੱਚੇ ਕਮਿਊਨਿਸਟਾਂ ਨੂੰ ਇਸ ਸੁਆਲ ਦੀ ਸਮਝ ਦੇ ਸੰਬੰਧ ਵਿੱਚ ਰੂਸ ਵਿੱਚ ਬੁਰਜ਼ੂਆ ਜਮਹੂਰੀ ਇਨਕਲਾਬ ਤੋਂ ਲੈ ਕੇ ਸਮਾਜਵਾਦੀ ਇਨਕਲਾਬ ਦੇ ਤੌਰ ਤੱਕ ਬਾਲਸ਼ਵਿਕ ਪਾਰਟੀ ਦੇ ਜ਼ਮੀਨੀ ਪ੍ਰੋਗਰਾਮ ਦਾ ਅਤੇ ਚੀਨ ਵਿੱਚ ਇਨਕਲਾਬ ਤੋਂ ਪਿੱਛੋਂ ਲਾਗੂ ਇਨਕਲਾਬੀ ਜ਼ਮੀਨੀ ਸੁਧਾਰਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਜਮਹੂਰੀ ਇਨਕਲਾਬ ਦੇ ਦੌਰ 'ਚ ਅਲਾਟਮੈਂਟ ਵਾਲੇ ਮੁਜ਼ਾਰੇ ਕਿਸਾਨ ਭੂ-ਸੁਆਮੀ ਦੀ ਜਕੜ ਤੋਂ ਮੁਕਤ ਆਪਣੀਆਂ ਜੋਤਾਂ ਦੇ ਮਾਲਿਕ ਹੋ ਜਾਂਦੇ ਹਨ ਅਤੇ ਅੱਗੇ ਜਾ ਕੇ ਉਹਨਾਂ ਨੂੰ ਉਦਾਹਰਣਾਂ ਦੀ ਤਾਕਤ ਨਾਲ ਸਹਿਕਾਰੀ ਖੇਤੀ ਤੇ ਫਿਰ ਸਮੂਹਕ ਖੇਤੀ ਦੇ ਲਈ ਤਿਆਰ ਕੀਤਾ ਜਾਂਦਾ ਹੈ। ਜਿਹੜੇ ਗਰੀਬ ਅਤੇ ਭੂਮੀਹੀਣ ਕਿਸਾਨ ਅਤੇ ਬੰਧੂਆ ਮਜ਼ਦੂਰ ਹੁੰਦੇ ਹਨ ਉਹਨਾਂ ਨੂੰ ਜ਼ਮੀਨ ਵੰਡਣ ਦੇ ਨਾਲ ਹੀ ਸਮੂਹਕ ਫਾਰਮਾਂ ਦੇ ਲਈ ਪ੍ਰੇਰਿਤ

ਕੀਤਾ ਜਾਂਦਾ ਹੈ ਅਤੇ ਜਗੀਰਦਾਰਾਂ ਦੀਆਂ ਜ਼ਬਤ ਜ਼ਮੀਨਾਂ ਉਤੇ ਰਾਜਕੀ ਫਾਰਮਾਂ ਦੇ ਮਾਡਲ ਖੜੇ ਕੀਤੇ ਜਾਂਦੇ ਹਨ। ਕਮਿਊਨਿਸਟਾਂ ਦਾ ਕੰਮ ਖੇਤ ਮਜ਼ਦੂਰਾਂ ਅਤੇ ਗਰੀਬਾਂ ਕਿਸਾਨਾਂ ਦੀ ਜ਼ਮੀਨ ਦੀ ਭੁੱਖ ਜਗਾਉਣਾ ਨਹੀਂ ਸਗੋਂ ਉਹਨਾਂ ਨੂੰ ਇਸ ਗੱਲ ਤੋਂ ਜਾਣੂੰ ਕਰਵਾਉਣਾ ਹੈ ਕਿ ਜ਼ਮੀਨ ਦੇ ਟੁਕੜੇ ਉਹਨਾਂ ਦੀ ਕਿਸੇ ਸਮੱਸਿਆ ਦਾ ਹੱਲ ਨਹੀਂ ਕਰ ਸਕਦੇ।

ਲੈਨਿਨ ਇਸ ਵਿਸ਼ੇ ਉਤੇ ਇਕਦਮ ਸਾਫ਼ ਲਿਖਦੇ ਹਨ:- "ਜ਼ਮੀਨ ਦੀ ਨਿੱਜੀ ਮਾਲਕੀ ਦਾ ਪੂਰਨ ਖਾਤਮਾ ਵੀ ਪੂੰਜੀ ਦੀ ਹਕੂਮਤ ਜਾਂ ਲੋਕਾਂ ਦੀ ਕੰਗਾਲੀ ਨੂੰ ਖਤਮ ਨਹੀਂ ਕਰੇਗਾ ਇੱਥੋਂ ਤੱਕ ਕਿ ਅਜਿਹੀ ਜ਼ਮੀਨ ਉੱਤੇ ਵੀ ਜਿਹੜੀ ਪੂਰੀ ਕੌਮ ਦੀ ਹੋਵੇਗੀ, ਸਿਰਫ਼ ਉਹ ਹੀ ਆਜ਼ਾਦ ਰੂਪ ਵਿੱਚ ਫਾਰਮਿੰਗ ਕਰਨ ਦੇ ਸਮਰੱਥ ਹੋਣਗੇ, ਜਿਹਨਾਂ ਕੋਲ ਆਪਣੀ ਖੁਦ ਦੀ ਪੂੰਜੀ ਹੋਵੇਗੀ। ਜਿਹਨਾਂ ਕੋਲ ਆਮ ਤੌਰ ਤੇ ਔਜ਼ਾਰ, ਪਸ਼ੂ, ਮਸ਼ੀਨਾਂ, ਬੀਜ ਭੰਡਾਰ ਅਤੇ ਧਨ ਆਦਿ ਹੋਣਗੇ। ਜਿਥੋਂ ਤੱਕ ਉਹਨਾਂ ਦਾ ਸੁਆਲ ਹੈ ਜਿਹਨਾਂ ਕੋਲ ਕੰਮ ਕਰਨ ਵਾਲੇ ਆਪਣੇ ਹੱਥਾਂ ਤੋਂ ਵਧੇਰੇ ਕੁਝ ਵੀ ਨਹੀਂ ਹੈ। ਉਹ ਇੱਕ ਜਮਹੂਰੀ ਗਣਰਾਜ ਵਿਚ ਵੀ, ਉਸ ਸਮੇਂ ਵੀ ਜਦੋਂ ਜ਼ਮੀਨ ਪੂਰੀ ਕੌਮ ਦੀ ਹੋਵੇਗੀ, ਲਾਜ਼ਮੀ ਰੂਪ ਵਿੱਚ ਪੂੰਜੀ ਦੇ ਦਾਸ ਬਣੇ ਰਹਿਣਗੇ। ਇਹ ਵਿਚਾਰ ਕਿ ਭੂਮੀ ਦਾ 'ਸਮਾਜੀਕਰਨ' ਪੂੰਜੀ ਦੇ ਸਮਾਜੀਕਰਨ ਤੋਂ ਬਿਨਾਂ ਲਾਗੂ ਹੋ ਸਕਦਾ ਹੈ, ਇਹ ਵਿਚਾਰ ਕਿ ਪੂੰਜੀ ਅਤੇ ਮਾਲ ਅਰਥਚਾਰੇ ਦੇ ਹੁੰਦਿਆਂ ਹੋਇਆ ਬਰਾਬਰ ਭੂਮੀ ਕਾਸ਼ਤਕਾਰੀ ਸੰਭਵ ਹੈ, ਇਕ ਭਰਮ ਹੈ। ਲਗਭਗ ਯੂਰਪ ਦੇ ਸਾਰੇ ਦੇਸ਼ਾਂ ਵਿੱਚ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਦੇ ਅਨਭਵਾਂ ਨੇ ਵਿਓਹਾਰ ਵਿੱਚ ਦਿਖਾ ਦਿੱਤਾ ਹੈ ਕਿ ਇਸ ਤਰ੍ਹਾਂ ਦੀਆਂ ਗਲਤੀਆਂ ਕਿੰਨੀਆਂ ਖਤਰਨਾਕ ਹਨ ਅਤੇ ਅੱਜ ਯੂਰਪ ਅਤੇ ਅਮਰੀਕਾ ਦਾ ਸਮਾਜਵਾਦੀ ਮਜ਼ਦੂਰ ਖੁਦ ਨੂੰ ਇਸ ਤੋਂ ਮੁਕਤ ਕਰ ਚੁੱਕਿਆ ਹੈ।" ("ਕਿਸਾਨ ਭਾਈਚਾਰਾ ਅਤੇ ਮਜ਼ਦੂਰ" ਲੈਨਿਨ ਸੰਕਲਿਤ ਰਚਨਾਵਾਂ ਨੰ. 10 (1965) ਸਫਾ 42-43)

ਕਮਿਊਨਿਸਟ ਇਨਕਲਾਬੀਆਂ ਨੂੰ ਅੱਜ ਛੋਟੇ ਮਾਲਿਕ ਕਿਸਾਨਾਂ ਦੀ ਤੇਜ਼ੀ ਨਾਲ ਉਜੜਦੀ ਆਬਾਦੀ ਨੂੰ ਉਹਦੀ ਨਾ ਟਾਲੀ ਜਾ ਸਕਣ ਵਾਲੀ ਹੋਣੀ ਤੋਂ ਜਾਣੂੰ ਕਰਾਉਂਦਿਆਂ ਹੋਇਆਂ ਉਹਦੇ ਸਾਹਮਣੇ ਹਿੰਮਤ ਅਤੇ ਆਤਮ ਵਿਸ਼ਵਾਸ ਦੇ ਨਾਲ ਸਮਾਜਵਾਦ ਦਾ ਬਦਲ ਪੇਸ਼ ਕਰਨਾ ਪਵੇਗਾ। ਉਹਨਾਂ ਪਿੰਡਾਂ 'ਚ, ਉਜਰਤੀ ਅਤੇ ਦਿਹਾੜੀਦਾਰ ਮਜ਼ਦੂਰਾਂ ਅਤੇ ਲਗਾਤਾਰ ਸੜਕਾਂ ਉਤੇ ਧੱਕੇ ਜਾ ਰਹੇ ਅਤੇ ਥਾਂ-ਥਾਂ ਜ਼ਮੀਨਾਂ ਤੋਂ ਉਜਾੜੇ ਜਾ ਰਹੇ ਬੇਰੁਜ਼ਗਾਰਾਂ-ਨਵੇਂ ਉਜਰਤੀ ਗੁਲਾਮਾਂ ਦੀ ਰਿਜ਼ਰਵ ਆਰਮੀ ਉੱਤੇ ਸਭ ਤੋਂ ਪਹਿਲਾਂ ਆਪਣਾ ਧਿਆਨ ਕੇਂਦਰਤ ਕਰਨਾ ਪਵੇਗਾ। ਇਹ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਮਜ਼ਦੂਰ ਇਨਕਲਾਬ ਦੀ ਅਗਵਾਨੂੰ ਤਾਕਤ ਉਹਦੀ ਪ੍ਰਮੁੱਖ ਤਾਕਤ ਵੀ ਬਣਦੀ ਜਾ ਰਹੀ ਹੈ। ਪ੍ਰੋਲੇਤਾਰੀ ਅਰਧ ਪ੍ਰੋਲੇਤਾਰੀ ਆਬਾਦੀ ਅੱਜ ਕੁੱਲ ਆਬਾਦੀ ਦਾ ਅੱਧ ਬਣ ਚੁੱਕੀ ਹੈ। ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੇ ਬੁਨਿਆਦੀ ਗੱਠਜੋੜ ਦੇ ਆਲੇ ਦੁਆਲੇ ਤਬਾਹ ਦਰਮਿਆਨੇ ਕਿਸਾਨਾਂ ਅਤੇ ਸ਼ਹਿਰੀ ਮੱਧ ਵਰਗ ਨੂੰ ਨੇੜੇ ਲਿਆ ਕੇ ਖੜਾ ਕਰਨ ਦਾ ਕੰਮ ਅੱਜ ਦੇ ਦੌਰ ਵਿੱਚ ਵਿੱਚ ਸਾਮਰਾਜਵਾਦ ਅਤੇ ਦੇਸੀ ਪੂੰਜੀਪਤੀ ਖੁਦ ਕਰ ਰਹੇ ਹਨ।

ਜੈਕਾਰਾ (ਸਤੰਬਰ 2001)

* * *



# ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ

ਵੈਸੇ ਤਾਂ ਸਮੁੱਚੇ 'ਹਰੇ ਇਨਕਲਾਬ' ਦੇ ਖਿੱਤਿਆਂ ਦੀ ਹੀ ਇਹ ਖਾਸੀਅਤ ਰਹੀ ਹੈ ਕਿ ਇੱਥੇ ਧਨੀ ਕਿਸਾਨਾਂ ਦੀ ਅਗਵਾਈ ਵਿੱਚ ਕਿਸਾਨਾਂ ਦਾ ਕੋਈ ਨਾ ਕੋਈ ਅੰਦੋਲਨ ਚੱਲਦਾ ਹੀ ਰਹਿੰਦਾ ਹੈ, ਪਰ ਪੰਜਾਬ ਦਾ ਕਿਸਾਨ ਅੰਦੋਲਨ ਪਿਛਲੇ ਕੁਝ ਸਾਲਾਂ ਤੋਂ ਵਿਸ਼ੇਸ਼ ਤੌਰ ਉੱਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੱਥੇ ਸਾਡੀ ਕਿਸਾਨ ਅੰਦੋਲਨ ਵਿੱਚ ਦਿਲਚਸਪੀ ਘੱਟ ਅਤੇ ਪੰਜਾਬ ਦੇ ਕਮਿਊਨਿਸਟਾਂ ਦੀ ਇਹਨਾਂ ਅੰਦੋਲਨਾਂ ਪ੍ਰਤੀ ਪਹੁੰਚ ਵਿੱਚ ਸਾਡੀ ਦਿਲਚਸਪੀ ਵਧੇਰੇ ਹੈ। ਮਾਲਕ ਜਮਾਤਾਂ ਦੀਆਂ ਮੰਗਾਂ/ਮਸਲਿਆਂ ਅੰਦੋਲਨਾਂ ਪ੍ਰਤੀ ਮਜ਼ਦੂਰ ਜਮਾਤ ਦੇ ਨੁਮਾਇੰਦਿਆ ਦੀ ਪਹੁੰਚ ਕੀ ਹੋਵੇ? ਅੱਜ, ਇੱਕ ਵਾਰ ਫੇਰ ਸਾਨੂੰ ਇਸ ਸਵਾਲ ਦੇ ਰੂਬਰੂ ਹੋਣਾ ਪੈ ਰਿਹਾ ਹੈ। ਪੰਜਾਬ ਵਿੱਚ ਇਹਨੀਂ ਦਿਨੀ ਵੀ ਵੱਖ ਵੱਖ ਇਲਾਕਿਆਂ ਵਿੱਚ ਕਿਧਰੇ ਵੱਧ ਅਤੇ ਕਿਧਰੇ ਘੱਟ, ਕਿਸਾਨ ਅੰਦੋਲਨ ਹਰਕਤ ਵਿੱਚ ਹੈ। ਇਸ ਅੰਦੋਲਨ ਦੀ ਅਗਵਾਈ ਸੀ.ਪੀ.ਆਈ., ਸੀ.ਪੀ.ਆਈ. (ਐਮ), ਪਾਸਲਾ ਗਰੁੱਪ ਅਤੇ ਸੀ.ਪੀ.ਆਈ (ਐਮ.ਐਲ.) ਨਿਊ ਡੈਮੋਕਰੇਸੀ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਕਰ ਰਹੀਆਂ ਹਨ। ਇਹਨਾਂ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਦੋਵੇਂ ਧੜੇ ਵੀ ਇਸ ਅੰਦੋਲਨ ਵਿੱਚ ਸ਼ਾਮਲ ਹਨ ਜਿਹਨਾਂ ਦਾ ਸਮਰਥਨ ਅਤੇ ਮਾਰਗ ਦਰਸ਼ਨ ਪੰਜਾਬੀ ਵਿੱਚ ਛਪਦੇ ਪਰਚੇ ਸੁਰਖ ਰੇਖਾ, ਦਿਸ਼ਾ, ਦੋਵੇਂ ਲਾਲ ਤਾਰੇ ਅਤੇ ਲਾਲ ਪਰਚਮ ਕਰ ਰਹੇ ਹਨ, ਜੋ ਮਜ਼ਦੂਰ ਜਮਾਤ ਦੀ ਵਿਗਿਆਨਕ ਵਿਚਾਰਧਾਰਾ ਮਾਰਕਸਵਾਦ ਲੈਨਿਨਵਾਦ ਮਾਓਵਾਦ/ ਵਿਚਾਰਧਾਰਾ ਨੂੰ ਪ੍ਰਣਾਏ ਹੋਣ ਦੇ ਦਾਹਵੇਦਾਰ ਹਨ ਅਤੇ ਭਾਰਤ ਵਿੱਚ ਨਵ ਜਮਹੂਰੀਅਤ, ਸਮਾਜਵਾਦ ਅਤੇ ਕਮਿਊਨਿਜ਼ਮ ਸਥਾਪਤ ਕਰਨ ਦਾ ਹੋਕਾ ਦਿੰਦੇ ਹਨ।

ਇਹਨਾਂ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਪੰਜਾਬ ਵਿੱਚ ਕੁਝ ਹੋਰ ਵੀ ਕਿਸਾਨ ਜਥੇਬੰਦੀਆਂ ਸਰਗਰਮ ਹਨ, ਪਰ ਉਹਨਾਂ ਦੀਆਂ ਕਾਰਵਾਈਆਂ ਇਸ ਲਿਖਤ ਦੇ ਦਾਇਰੇ ਤੋਂ ਬਾਹਰ ਹਨ।

ਉਪਰੋਕਤ ਕਮਿਊਨਿਸਟ ਕਿਸਾਨ ਜਥੇਬੰਦੀਆਂ ਵਲੋਂ ਚਲਾਏ ਗਏ ਅਤੇ ਚੱਲਾਏ ਜਾ ਰਹੇ ਅੰਦੋਲਨ ਦੀਆਂ ਮੁੱਖ ਮੰਗਾਂ ਇਸ ਤਰ੍ਹਾਂ ਹਨ-

1) ਖੇਤੀ ਜਿਣਸਾਂ ਦੇ ਲਾਭਕਾਰੀ (ਲਾਹੇਵੰਦ) ਭਾਅ ਹਾਸਲ ਕਰਨਾ
2) ਖੇਤੀ ਲਾਗਤਾਂ ਉੱਪਰ ਸਬਸਿਡੀ ਹਾਸਲ ਕਰਨਾ
3) ਖੇਤੀ ਉਤਪਾਦਨ ਲਈ ਸੁਰੱਖਿਅਤ ਮੰਡੀ ਹਾਸਲ ਕਰਨਾ।
4) ਅਤੇ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਰਾਉਣਾ।

ਇਹਨਾਂ ਤੋਂ ਇਲਾਵਾ ਹੋਰ ਵੀ ਮੰਗਾਂ ਹੋ ਸਕਦੀਆਂ ਹਨ ਪਰ ਸਾਡੇ ਲਈ ਉਹਨਾਂ ਦਾ ਵਧੇਰੇ ਮਹੱਤਵ ਨਹੀਂ। ਵੱਖ-ਵੱਖ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਅਤੇ ਉਪਰੋਕਤ ਪਰਚਿਆਂ ਦੇ ਸਮਰਥਨ ਅਤੇ ਮਾਰਗ ਦਰਸ਼ਨ ਵਿੱਚ ਉਪਰੋਕਤ ਮੰਗਾਂ ਉੱਪਰ ਚਲ ਰਹੇ ਕਿਸਾਨ ਅੰਦੋਲਨ ਦਾ ਮਜ਼ਦੂਰ ਜਮਾਤ ਦੇ ਵਿਚਾਰਧਾਰਕ ਪੈਂਤੜੇ ਤੋਂ ਵਿਸ਼ਲੇਸ਼ਣ ਕਰਨਾ ਇਸ ਲਿਖਤ ਦਾ ਮੁੱਖ ਮਕਸਦ ਹੈ। ਜਿਥੋਂ ਤੱਕ ਖੇਤੀ ਜਿਣਸਾਂ ਕਣਕ, ਝੋਨਾ, ਦੁੱਧ ਆਦਿ ਦੀਆਂ ਕੀਮਤਾਂ ਵਿੱਚ ਵਾਧੇ ਦੀ ਮੰਗ ਦਾ ਸਵਾਲ ਹੈ ਤਾਂ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਇਹ ਮੰਗ ਮਜ਼ਦੂਰ ਜਮਾਤ ਦੇ ਵਿਰੋਧ ਵਿੱਚ ਜਾਂਦੀ ਹੈ। ਹਰ ਕਿਸਮ ਦੀ ਮਾਲਕੀ ਤੋਂ ਮਹਿਰੂਮ ਘੱਟ ਤਨਖਾਹਾਂ ਉੱਪਰ ਫਾਕਾ ਕੱਟਦੇ ਮਜ਼ਦੂਰਾਂ ਨੂੰ ਇਹਨਾਂ ਵਸਤਾਂ ਦੀ ਕੀਮਤ ਵਿੱਚ ਵਾਧੇ ਦੀ ਕੀਮਤ ਆਪਣੇ ਜਿਉਂਦੇ ਰਹਿਣ ਲਈ ਬੇਹੱਦ ਜ਼ਰੂਰੀ ਉਪਭੋਗ ਜਾਂ ਜ਼ਿੰਦਗੀ ਦੀਆਂ ਹੋਰ ਬੁਨਿਆਦੀ ਜ਼ਰੂਰਤਾਂ ਉੱਪਰ ਕੱਟ ਲਾ ਕੇ ਚੁਕਾਉਣੀ ਪੈਂਦੀ ਹੈ। ਕੀ ਕਮਿਊਨਿਸਟਾਂ ਨੂੰ ਅਜਿਹੀਆਂ ਮਜ਼ਦੂਰ ਵਿਰੋਧੀ ਮੰਗਾਂ ਉੱਪਰ ਚੱਲਣ ਵਾਲੇ ਅੰਦੋਲਨਾਂ ਦੀ ਅਗਵਾਈ ਸਮਰਥਨ ਜਾਂ ਮਾਰਗ ਦਰਸ਼ਨ ਕਰਨਾ

ਚਾਹੀਦਾ ਹੈ? ਅਤੇ ਜੋ ਇਹ ਕੁਝ ਕਰ ਰਹੇ ਹਨ ਕੀ ਉਹ ਮਜ਼ਦੂਰ ਜਮਾਤ ਨਾਲ ਧਰੋਹ ਨਹੀਂ ਕਮਾ ਰਹੇ? ਇਹ ਗੱਲ ਇੰਨੀ ਸਿੱਧੀ ਸਪਾਟ ਹੈ ਕਿ ਇਸਦੀ ਵਧੇਰੇ ਵਿਆਖਿਆ ਦੀ ਲੋੜ ਹੀ ਨਹੀਂ ਹੈ।

ਖੇਤੀ ਜਿਣਸਾਂ ਦੇ ਲਾਭਕਾਰੀ ਮੁੱਲਾਂ ਦੀ ਲੜਾਈ ਜਿੱਥੇ ਮਜ਼ਦੂਰ ਜਮਾਤ ਦੇ ਵਿਰੋਧ ਵਿੱਚ ਹੈ, ਉੱਥੇ ਇਹ ਮੰਗ ਖੇਤੀ ਬੁਰਜੂਆਜ਼ੀ ਜਾਂ ਧਨੀ ਕਿਸਾਨੀ ਦੇ ਹੱਕ ਵਿੱਚ ਹੈ, ਕਿਉਂਕਿ ਇਹੋ ਉਹ ਜਮਾਤ ਹੈ ਜਿਸਨੂੰ ਖੇਤੀ ਜਿਣਸਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਸਭ ਤੋਂ ਵੱਧ ਫਾਇਦਾ ਹੁੰਦਾ ਹੈ। ਕਿਸਾਨੀ ਅੱਗੇ ਵੱਖ ਵੱਖ ਪਰਤਾਂ ਵਿੱਚ ਵੰਡੀ ਹੋਈ ਹੈ। ਖੇਤੀ ਵਿੱਚ ਹੋਏ ਪੂੰਜੀਵਾਦੀ ਵਿਕਾਸ ਨੇ ਇਸਦੇ ਅੱਛੇ ਖਾਸੇ ਹਿੱਸੇ ਨੂੰ ਖੇਤ ਮਜ਼ਦੂਰਾਂ ਵਿੱਚ ਬਦਲ ਦਿੱਤਾ ਹੈ। ਮਾਲਕ ਕਿਸਾਨਾਂ ਦੀ ਵੱਡੀ ਗਿਣਤੀ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀ ਹੈ। ਕਿਸਾਨੀ ਦੀ ਇਹ ਪਰਤ ਖਾਸ ਕਰਕੇ ਗਰੀਬ ਕਿਸਾਨੀ ਅੱਜ ਪੂੰਜੀ ਦੀ ਮਾਰ ਹੇਠ ਆਈ ਹੋਈ ਹੈ, ਗਰੀਬ ਅਤੇ ਦਰਮਿਆਨੇ ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਜਾਇਦਾਦਹੀਣ ਮਜ਼ਦੂਰਾਂ ਦੀ ਕਤਾਰ ਲੰਬੀ ਕਰ ਰਹੇ ਹਨ ਅਤੇ ਇਹ ਪ੍ਰਕ੍ਰਿਆ ਦਿਨੋਂ ਦਿਨ ਤੇਜ਼ ਹੁੰਦੀ ਜਾ ਰਹੀ ਹੈ।

ਇੱਕ ਮਾਲ ਉਤਪਾਦਕ ਹੋਣ ਕਾਰਨ ਗਰੀਬ ਕਿਸਾਨ ਵੀ ਹੋਰ ਮਾਲਕ ਕਿਸਾਨਾਂ (ਧਨੀ ਕਿਸਾਨਾਂ) ਨਾਲ ਹੀ ਆਪਣੀ ਜਮਾਤੀ ਨੇੜਤਾ ਮਹਿਸੂਸ ਕਰਦਾ ਹੈ। ਉਸ ਨੂੰ ਭਰਮ ਹੁੰਦਾ ਹੈ ਕਿ ਜੇਕਰ ਉਸਦੀ ਫਸਲ (ਭਾਵੇਂ ਉਸ ਕੋਲ ਵੇਚਣ ਵਾਸਤੇ ਫਸਲ ਦਾ ਇੱਕ ਛੋਟਾ ਹਿੱਸਾ ਹੀ ਹੁੰਦਾ ਹੈ) ਦੀ ਵਧੇਰੇ ਕੀਮਤ ਮਿਲੇ ਤਾਂ ਇੱਕ ਮਾਲ ਉਤਪਾਦਕ ਦੇ ਰੂਪ ਵਿੱਚ ਬਚਿਆ ਰਹਿ ਸਕਦਾ ਹੈ ਅਤੇ ਕਿਸੇ ਸਮੇਂ ਵੱਡਾ ਮਾਲਕ ਵੀ ਬਣ ਸਕਦਾ ਹੈ। ਲਾਭਕਾਰੀ ਮੁੱਲਾਂ ਦੀ ਲੜਾਈ ਵਿੱਚ ਧਨੀ ਕਿਸਾਨ ਗਰੀਬ ਕਿਸਾਨਾਂ ਦੀ ਇਸ ਮਾਨਸਿਕਤਾ ਦਾ ਫਾਇਦਾ ਉਠਾਉਂਦੇ ਹਨ। ਕਿਉਂਕਿ ਮਾਲਕ ਕਿਸਾਨਾਂ ਦਾ ਵੱਡਾ ਹਿੱਸਾ ਗਰੀਬ ਅਤੇ ਦਰਮਿਆਨੇ ਕਿਸਾਨਾਂ ਦਾ ਹੈ ਇਸ ਲਈ ਇਹਨਾਂ ਖਾਸ ਕਰ ਗਰੀਬ ਕਿਸਾਨਾਂ ਦੇ ਸਮਰਥਨ ਤੋਂ ਬਗੈਰ ਧਨੀ ਕਿਸਾਨ ਆਪਣੀ ਲੜਾਈ ਨਾ ਤਾਂ ਲੜ ਸਕਦੇ ਹਨ ਅਤੇ ਨਾ ਹੀ ਜਿੱਤ ਸਕਦੇ ਹਨ। ਇਸ ਲਈ ਧਨੀ ਕਿਸਾਨ ਗਰੀਬ ਕਿਸਾਨ ਦੇ ਮਿੱਤਰ ਹੋਣ ਦਾ ਪਾਖੰਡ ਰਚਦੇ ਹਨ। ਧਨੀ ਕਿਸਾਨ ਖੇਤੀ ਲਾਗਤਾਂ ਵਿੱਚ ਵਾਧਾ ਹੋਣ ਕਾਰਨ ਖੇਤੀ ਉਤਪਾਦਨ ਦੀਆਂ ਕੀਮਤਾਂ ਵਿੱਚ ਵਾਧਾ ਕੀਤੇ ਜਾਣ ਦੀ ਵਕਾਲਤ ਕਰਦੇ ਹਨ। ਇਸ ਤਰ੍ਹਾਂ ਉਹ ਗਰੀਬ ਕਿਸਾਨਾਂ ਨੂੰ ਵੀ ਗੁਮਰਾਹ ਕਰਕੇ ਆਪਣੇ ਅੰਦੋਲਨ ਵਿੱਚ ਸ਼ਾਮਲ ਕਰ ਲੈਂਦੇ ਹਨ ਇਸ ਤਰ੍ਹਾਂ ਜੇਕਰ ਖੇਤੀ ਜਿਣਸਾਂ ਦੀਆਂ ਕੀਮਤਾਂ ਵੱਧ ਜਾਣ ਤਾਂ ਗਰੀਬ ਕਿਸਾਨਾਂ ਦੇ ਮੁਕਾਬਲੇ ਧਨੀ ਕਿਸਾਨਾਂ ਦੇ ਮੁਨਾਫੇ ਕਈ ਗੁਣਾਂ ਵਧ ਜਾਂਦੇ ਹਨ। ਵਿਸਤ੍ਰਿਤ ਪੁਨਰ ਉਤਪਾਦਨ ਕਰਨ ਵਾਲੀ ਧਨੀ ਕਿਸਾਨਾਂ ਦੀ ਇਹ ਜਮਾਤ ਇਸ ਵਧੇ ਹੋਏ ਮੁਨਾਫ਼ੇ ਨੂੰ ਮੁੜ ਖੇਤੀ ਵਿੱਚ ਨਿਵੇਸ਼ ਕਰਦੀ ਹੈ। ਵਿਸਤ੍ਰਿਤ ਪੁਨਰ ਉਤਪਾਦਨ ਦੀ ਇੱਕ ਸ਼ਰਤ ਇਹ ਵੀ ਹੈ ਕਿ ਖੇਤੀ ਵਿੱਚ ਲੱਗੀ ਪੂੰਜੀ ਵਿੱਚ ਵਾਧੇ ਦੇ ਨਾਲ ਨਾਲ ਧਨੀ ਕਿਸਾਨਾਂ ਦੀ ਮਾਲਕੀ ਹੇਠ ਜ਼ਮੀਨ ਵਿੱਚ ਵੀ ਵਾਧਾ ਹੋਵੇ। ਇਸ ਲਈ ਉਹ ਪਹਿਲਾਂ ਤੋਂ ਹੀ ਉਜਾੜੇ ਕੰਢੇ ਖੜੇ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਖਰੀਦ ਕੇ ਉਹਨਾਂ ਨੂੰ ਮਜ਼ਦੂਰਾਂ ਦੀਆਂ ਸਫਾ ਵਿੱਚ ਸੁੱਟ ਦਿੰਦੇ ਹਨ। ਇਸ ਤਰ੍ਹਾਂ ਗਰੀਬ ਕਿਸਾਨਾਂ ਲਈ ਲਾਭਕਾਰੀ ਮੁੱਲਾਂ ਦੀ ਲੜਾਈ ਵਿੱਚ ਧੋਖਾ ਇੱਕ ਛਲਾਵਾ ਹੀ ਸਾਬਤ ਹੁੰਦੀ ਹੈ।

ਇਸ ਤਰ੍ਹਾਂ ਵੇਖਿਆ ਜਾਵੇ ਤਾਂ ਖੇਤੀ ਜਿਣਸਾਂ ਦੇ ਲਾਭਕਾਰੀ ਮੁੱਲਾਂ ਦੀ ਲੜਾਈ ਜਿਥੇ ਮਜ਼ਦੂਰ ਜਮਾਤ ਨਾਲ ਗੱਦਾਰੀ ਹੈ ਉੱਥੇ ਛੋਟੇ ਕਿਸਾਨਾਂ ਨਾਲ ਧੋਖਾ ਹੈ ਅਤੇ ਇਸ ਧੋਖਾਧੜੀ ਭਰੇ ਧੰਦੇ ਵਿੱਚ ਗਲਤਾਨ ਹਨ, ਇਥੇ ਕਮਿਊਨਿਸਟਾਂ ਦਾ ਲੇਬਲ ਲਗਾਈ ਫਿਰਦੀਆਂ ਪਾਰਟੀਆਂ ਅਤੇ "ਕਮਿਊਨਿਸਟ ਵਿਚਾਰਧਾਰਾ" ਨੂੰ ਪ੍ਰਣਾਏ ਪਰਚੇ। ਪਰ ਲਾਭਕਾਰੀ ਮੁੱਲਾਂ ਦੀ ਮੰਗ ਦਾ ਅਜੇ ਹੋਰ ਵਿਸ਼ਲੇਸ਼ਣ ਬਾਕੀ ਹੈ।

ਧਨੀ ਕਿਸਾਨ ਅਤੇ ਉਹਨਾਂ ਦੀਆਂ ਸਮਰਥਕ 'ਕਮਿਊਨਿਸਟ ਪਾਰਟੀਆਂ ਅਤੇ ਉੱਪਰ ਜ਼ਿਕਰ ਅਧੀਨ ਆਏ ਪਰਚੇ, ਖੇਤੀ ਲਾਗਤਾ ਵਧਣ ਨਾਲ ਖੇਤੀ ਜਿਣਸਾਂ ਦੀਆਂ ਕੀਮਤਾਂ



ਵਿੱਚ ਵਾਧੇ ਦੀ ਜੋ ਵਕਾਲਤ ਕਰਦੇ ਹਨ ਇਸਦੀ ਚੀਰਫਾੜ ਵੀ ਜ਼ਰੂਰੀ ਹੈ। ਮਾਰਕਸਵਾਦੀ ਰਾਜਨੀਤਕ ਅਰਥਸ਼ਾਸ਼ਤ ਸਿਖਾਉਂਦਾ ਹੈ ਕਿਸੇ ਵੀ ਜਿਣਸ ਦੀ ਕੀਮਤ ਉਸ ਦੀ ਕਦਰ ਦਾ ਹੀ ਮੁੱਦਰਿਕ ਪ੍ਰਗਟਾਵਾ ਹੁੰਦੀ ਹੈ। ਕਦਰ ਦਾ ਸਾਰਤੱਤ ਕਿਸੇ ਜਿਣਸ ਦੇ ਉਤਪਾਦਨ ਵਿੱਚ ਖਰਚ ਹੋਇਆ ਕੁੱਲ ਕਿਰਤ ਸਮਾਂ ਹੁੰਦਾ ਹੈ। ਪੈਦਾਵਾਰੀ ਪ੍ਰਕ੍ਰਿਆ ਸ਼ੁਰੂ ਕਰਨ ਲਈ ਪੂੰਜੀਪਤੀ ਆਪਣੀ ਪੂੰਜੀ ਨੂੰ ਦੋ ਮੱਦਾਂ ਉੱਪਰ ਖਰਚ ਕਰਦਾ ਹੈ। ਇੱਕ ਮਸ਼ੀਨਰੀ, ਕੱਚੇ ਮਾਲ ਆਦਿ ਉੱਪਰ, ਪੂੰਜੀ ਦਾ ਇਹ ਹਿੱਸਾ ਸਥਿਰ ਪੂੰਜੀ ਅਖਵਾਉਂਦਾ ਹੈ, ਦੂਸਰੇ ਕਿਰਤ ਸ਼ਕਤੀ ਦੀ ਖਰੀਦ ਉੱਪਰ ਪੂੰਜੀ ਦਾ ਇਹ ਹਿੱਸਾ ਅਸਥਿਰ ਪੂੰਜੀ ਅਖਵਾਉਂਦਾ ਹੈ। ਮਸ਼ੀਨਰੀ, ਕੱਚਾ ਮਾਲ ਆਦਿ ਵੀ ਕਿਉਂਕਿ ਕਿਰਤ ਦੀ ਹੀ ਪੈਦਾਵਾਰ ਹੁੰਦੀ ਹੈ ਇਸ ਲਈ ਇਸ ਦੀ ਕੀਮਤ ਵੀ ਇਸਦੇ ਉਤਪਾਦਨ ਉੱਪਰ ਖਰਚ ਹੋਏ ਕੁਲ ਕਿਰਤ ਸਮੇਂ ਤੋਂ ਹੀ ਤੈਅ ਹੁੰਦੀ ਹੈ। ਕੱਚੇ ਮਾਲ ਉੱਪਰ ਜਦੋਂ ਕਿਰਤ ਸ਼ਕਤੀ ਕਾਰਜ ਕਰਦੀ ਹੈ ਤਾਂ ਕੁੱਲ ਕਦਰ ਵਿੱਚ ਵਾਧਾ ਹੁੰਦਾ ਹੈ। ਪਰ ਕੱਚਾ ਮਾਲ ਨਵੀਂ ਉਤਪਾਦਤ ਜਿਣਸ ਨੂੰ ਸਿਰਫ ਉੱਨੀ ਹੀ ਕਦਰ ਦਾ ਤਬਾਦਲਾ ਕਰ ਸਕਦਾ ਹੈ ਜਿੰਨੀ ਇਸ ਵਿੱਚ ਪਹਿਲਾਂ ਤੋਂ ਮੌਜੂਦ ਹੋਵੇ। ਭਾਵ ਕੱਚਾ ਮਾਲ ਕੋਈ ਨਵੀਂ ਕਦਰ ਪੈਦਾ ਨਹੀਂ ਕਰਦਾ। ਇਹ ਸਿਰਫ਼ ਕਿਰਤ ਸ਼ਕਤੀ ਹੀ ਹੈ ਜੋ ਨਵੀਂ ਕਦਰ ਸਿਰਜਦੀ ਹੈ। ਪਰ ਪੂੰਜੀ ਦਾ ਮਾਲਕ ਕਿਰਤ ਸ਼ਕਤੀ ਦੇ ਮਾਲਕ ਭਾਵ ਮਜ਼ਦੂਰ ਨੂੰ ਉਸ ਦੁਆਰਾ ਸਿਰਜੀ ਕੁੱਝ ਨਵੀਂ ਕਦਰ ਦਾ ਸਿਰਫ਼ ਇੱਕ ਛੋਟਾ ਹਿੱਸਾ ਹੀ ਉਸਨੂੰ ਦਿੰਦਾ ਹੈ, ਬਾਕੀ ਖੁਦ ਹੜੱਪ ਜਾਂਦਾ ਹੈ। ਪੂੰਜੀ ਦਾ ਮਾਲਕ ਇਸ ਜਿਣਸ ਨੂੰ ਇਸ ਵਿੱਚ ਸਕਾਰੀ ਗਈ ਕਦਰ ਉਪਰ ਵੇਚ ਕੇ ਹੀ ਮੁਨਾਫ਼ਾ ਖੱਟਦਾ ਹੈ। ਮਾਰਕਸ ਇਸ ਦੀ ਇਸ ਤਰ੍ਹਾਂ ਵਿਆਖਿਆ ਕਰਦੇ ਹਨ, "ਫਰਜ਼ ਕਰੋ ਕਿ ਕਿਰਤ ਦਾ ਔਸਤ ਘੰਟਾ ਛੇ ਪਰੈਂਸ ਦੇ ਬਰਾਬਰ ਕਦਰ ਵਿੱਚ ਸਾਕਾਰ ਹੁੰਦਾ ਹੈ ਜਾਂ ਕਿਰਤ ਦੇ ਬਾਰਾਂ ਘੰਟੇ ਛੇ ਸ਼ਲਿੰਗ ਵਿੱਚ ਸਾਕਾਰ ਹੁੰਦੇ ਹਨ ਹੋਰ ਫਰਜ਼ ਕਰੋ ਕਿ ਕਿਰਤ ਦੀ ਕਦਰ ਤਿੰਨ ਸ਼ਲਿੰਗ ਜਾਂ ਛੇ ਘੰਟਿਆਂ ਦੀ ਕਿਰਤ ਦੀ ਉਪਜ ਹੈ। ਤਾਂ ਫਿਰ ਜੇ ਕਿਸੇ ਜਿਣਸ ਦੇ ਉਤਪਾਦਨ ਵਿੱਚ ਵਰਤੇ ਗਏ ਕੱਚੇ ਮਾਲ, ਮਸ਼ੀਨਰੀ ਵਗੈਰਾ ਵਿੱਚ ਔਸਤ ਕਿਰਤ ਦੇ ਚੌਵੀ ਘੰਟੇ ਲੱਗੇ ਹੋਣ ਤਾਂ ਇਸ ਦੀ ਕਦਰ ਬਾਰਾਂ ਸ਼ਲਿੰਗ ਹੋਵੇਗੀ। ਫਿਰ ਜੇ ਸਰਮਾਏਦਾਰ ਵੱਲੋਂ ਲਾਇਆ ਗਿਆ ਮਜ਼ਦੂਰ ਉਤਪਾਦਨ ਦੇ ਉਹਨਾਂ ਸਾਧਨਾਂ ਵਿੱਚ ਕਿਰਤ ਦੇ ਬਾਰਾਂ ਘੰਟੇ ਰਲਾ ਦੇਵੇ ਤਾਂ ਇਹ ਬਾਰਾਂ ਘੰਟੇ ਛੇ ਸ਼ਲਿੰਗ ਦੀ ਹੋਰ ਕਦਰ ਰਲਾ ਦੇਣਗੇ। ਇਸ ਲਈ ਉਪਜ ਦੀ ਕੁੱਲ ਕਦਰ ਸਾਕਾਰ ਹੋਈ ਕਿਰਤ ਦੇ ਛੱਤੀ ਘੰਟਿਆਂ ਦੇ ਬਰਾਬਰ ਅਤੇ ਅਠਾਰਾਂ ਸ਼ਲਿੰਗ ਦੇ ਬਰਾਬਰ ਹੋਵੇਗੀ। ਪਰ ਕਿਉਂਕਿ ਕਿਰਤ ਦੀ ਕਦਰ ਜਾਂ ਮਜ਼ਦੂਰ ਨੂੰ ਅਦਾ ਕੀਤੀਆਂ ਗਈਆਂ ਉਜਰਤਾਂ ਸਿਰਫ ਤਿੰਨ ਸ਼ਲਿੰਗ ਹੋਣਗੀਆਂ, ਇਸ ਲਈ ਮਜ਼ਦੂਰ ਵਲੋਂ ਕੀਤੀ ਗਈ ਅਤੇ ਜਿਨਸ ਦੀ ਕਦਰ ਵਿੱਚ ਸਕਾਰ ਹੋਈ ਵਾਧੂ ਕਿਰਤ ਦੇ ਛੇ ਘੰਟਿਆ ਦੇ ਬਰਾਬਰ ਸਰਮਾਏਦਾਰ ਨੇ ਕੋਈ ਅਦਾਇਗੀ ਨਹੀਂ ਕੀਤੀ ਹੋਵੇਗੀ। ਜਿਨਸ ਨੂੰ ਇਸ ਦੀ ਕਦਰ ਉੱਤੇ ਅਠਾਰਾਂ ਸ਼ਲਿੰਗ ਲਈ ਵੇਚਕੇ ਸਰਮਾਏਦਾਰ ਤਿੰਨ ਸ਼ਲਿੰਗ ਦੀ ਕਦਰ ਵਸੂਲ ਕਰ ਲਏਗਾ ਜਿਸ ਲਈ ਉਸਨੇ ਕੋਈ ਬਰਾਬਰ ਦੀ ਰਕਮ ਅਦਾ ਨਹੀਂ ਕੀਤੀ ਹੋਈ। ਇਹ ਤਿੰਨ ਸ਼ਲਿੰਗ ਵਾਧੂ ਕਦਰ ਜਾਂ ਮੁਨਾਫ਼ਾ ਹੋਣਗੇ ਜਿਸਨੂੰ ਉਹ ਜੇਬ ਵਿੱਚ ਪਾ ਲਵੇਗਾ। ਇਸ ਦੇ ਸਿੱਟੇ ਵਜੋਂ ਸਰਮਾਏਦਾਰ ਜਿਣਸ ਨੂੰ ਇਸ ਦੀ ਕਦਰ ਤੋਂ ਜ਼ਿਆਦਾ ਕੀਮਤ ਉੱਤੇ ਵੇਚਕੇ ਨਹੀਂ ਸਗੋਂ ਇਸਦੀ ਅਸਲ ਕਦਰ ਉੱਤੇ ਵੇਚ ਕੇ ਤਿੰਨ ਸ਼ਲਿੰਗ ਦਾ ਮੁਨਾਫ਼ਾ ਵਸੂਲ ਕਰ ਲਵੇਗਾ।" (ਮਾਰਕਸ ਉਜਰਤ ਕੀਮਤ ਅਤੇ ਮੁਨਾਫਾ)

ਜੇਕਰ ਪੂੰਜੀਪਤੀ ਆਪਣੀ ਜਿਣਸ ਨੂੰ ਉਸ ਦੀ ਕਦਰ ਤੋਂ ਵਧੇਰੇ ਕੀਮਤ ਉੱਪਰ ਵੇਚਣ ਵਿੱਚ ਕਾਮਯਾਬ ਹੋ ਵੀ ਜਾਵੇ ਤਾਂ ਇਸ ਨਾਲ ਸਮੁੱਚੇ ਅਰਥਚਾਰੇ ਵਿੱਚ ਜਿਣਸਾਂ ਦੀ ਕੁੱਲ ਕਦਰ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮੁਨਾਫਾ ਮੰਡੀ ਵਿਚੋਂ ਨਹੀਂ ਸਗੋਂ ਉਤਪਾਦਨ ਦੀ ਪ੍ਰਕ੍ਰਿਆ ਵਿੱਚ ਪੈਦਾ ਹੁੰਦਾ ਹੈ। ਸਰਮਾਏਦਾਰ ਮੰਡੀ ਵਿੱਚ ਆਪਣੀ ਜਿਣਸ ਦੇ ਤਬਾਦਲੇ ਰਾਹੀਂ ਮੁਨਾਫ਼ਾ ਇਸ ਕਾਰਨ ਪ੍ਰਾਪਤ ਕਰਦਾ ਹੈ ਕਿਉਂਕਿ ਉਸਦੀ ਜਿਣਸ ਵਿੱਚ ਪੈਹਿਲਾਂ ਹੀ ਮੁਨਾਫ਼ਾ ਹੁੰਦਾ ਹੈ। "ਵਪਾਰਕ ਪੂੰਜੀ ਸਧਾਰਨ ਰੂਪ ਵਿੱਚ ਗੇੜ ਦੇ ਖੇਤਰ ਵਿੱਚ ਕਾਰਜਸ਼ੀਲ ਪੂੰਜੀ ਹੈ। ਗੇੜ ਦੀ ਪ੍ਰਕ੍ਰਿਆ ਕੁੱਲ ਪੁਨਰ ਉਤਪਾਦਨ ਦੀ ਪ੍ਰਕ੍ਰਿਆ ਦਾ ਹੀ ਇਕ

ਪੜਾਅ ਹੈ। ਪ੍ਰੰਤੂ ਗੇੜ ਪ੍ਰੀਕ੍ਰਿਆ ਵਿੱਚ ਕੋਈ ਕਦਰ ਪੈਦਾ ਨਹੀਂ ਹੁੰਦੀ ਅਤੇ ਇਸ ਲਈ ਨਾ ਹੀ ਕੋਈ ਵਾਧੂ ਕਦਰ ਪੈਦਾ ਹੁੰਦੀ ਹੈ। ਸਿਰਫ਼ ਕਦਰ ਦੀ ਇੱਕੋ ਮਾਤਰਾ ਦੇ ਰੂਪ ਵਿੱਚ ਤਬਦੀਲੀ ਹੁੰਦੀ ਹੈ।......ਜੇਕਰ ਉਤਪਾਦਤ ਜਿਣਸਾਂ ਦੀ ਵਿਕਰੀ ਤੋਂ ਵਾਧੂ ਕਦਰ ਹਾਸਲ ਕੀਤੀ ਜਾਂਦੀ ਹੈ ਤਾਂ ਇਹ ਸਿਰਫ਼ ਇਸ ਕਾਰਨ ਹੈ ਕਿਉਂਕਿ ਇਹ ਪਹਿਲਾਂ ਤੋਂ ਹੀ ਉਹਨਾਂ ਵਿੱਚ ਮੌਜੂਦ ਸੀ।" (ਕਾਰਲ ਮਾਰਕਸ ਪੂੰਜੀ ਜਿਲਦ ਤੀਜੀ ਪੰਨਾ 279 ਅੰਗਰੇਜ਼ੀ ਐਡੀਸ਼ਨ)

ਇਸ ਤਰ੍ਹਾਂ ਜੋ ਲੋਕ ਮੰਡੀ ਵਿੱਚੋਂ ਮੁਨਾਫ਼ਾ ਭਾਲਦੇ ਹਨ ਉਹ ਮਾਰਕਸਵਾਦੀ ਰਾਜਨੀਤਕ ਅਰਥਸ਼ਾਸਤਰ ਤੋਂ ਉੱਕਾ ਹੀ ਨਾਵਾਕਿਫ਼ੀ ਦੀ ਨੁਮਾਇਸ਼ ਲਗਾਉਂਦੇ ਹਨ। ਖੇਤੀ ਵਸਤਾਂ ਦੇ ਲਾਭਕਾਰੀ ਮੁੱਲਾਂ ਦੀ ਮੰਗ ਬੇਅਰਥ ਹੈ ਕਿਉਂਕਿ ਖੇਤੀ ਜਿਣਸਾਂ ਵਿੱਚ ਤਾਂ ਪਹਿਲਾਂ ਤੋਂ ਮੁਨਾਫ਼ਾ ਸ਼ਾਮਲ ਹੁੰਦਾ ਹੈ। ਮੰਡੀ ਵਿੱਚ ਚੀਜ਼ਾਂ ਦੀ ਖਰੀਦੋ ਫਰੋਖਤ ਵਪਾਰ ਅਖਵਾਉਂਦੀ ਹੈ। ਪੂੰਜੀਵਾਦੀ ਮੰਡੀ ਵਿੱਚ ਪੂੰਜੀਪਤੀ ਆਪਣੀ ਜਿਣਸ ਦੀ ਵੱਧ ਤੋਂ ਵੱਧ ਕੀਮਤ ਹਾਸਲ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਵਰਤਦੇ ਹਨ। ਮੰਡੀ ਵਿਚ ਜਿਣਸ ਦੀ ਉਸ ਦੀ ਕਦਰ ਤੋਂ ਵਧੇਰੇ ਕੀਮਤ ਉੱਪਰ ਵਿਕਰੀ ਜਿਥੇ ਇੱਕ ਨੂੰ ਲਾਭ ਪਹੁੰਚਾਉਂਦੀ ਹੈ, ਉੱਥੇ ਦੂਸਰੇ ਨੂੰ ਉਨਾ ਹੀ ਘੱਟ ਸਹਿਣਾ ਪੈਂਦਾ ਹੈ। ਇਸ ਸਬੰਧ ਵਿੱਚ ਕਾਰਲ ਮਾਰਕਸ ਬੈਜਮਿਨ ਫਰੈਂਕਲਿਨ ਦਾ ਹਵਾਲਾ ਦਿੰਦੇ ਹਨ, "ਜੰਗ ਡਕੈਤੀ ਹੈ, ਵਪਾਰ ਆਮ ਤੌਰ ਉੱਤੇ ਧੋਖਾਧੜੀ ਹੈ।" (ਕਾਰਲ ਮਾਰਕਸ-ਪੂੰਜੀ ਪਹਿਲੀ ਜਿਲਦ ਪੰਨਾ 161 ਅੰਗਰੇਜ਼ੀ ਐਡੀਸ਼ਨ)

ਇਸ ਤਰ੍ਹਾਂ ਮੰਡੀ ਵਿੱਚ ਖੇਤੀ ਜਿਣਸਾਂ ਦੀਆਂ ਕੀਮਤਾਂ ਵਧਾਉਣ ਦੀ ਵਕਾਲਤ ਕਰਨ ਵਾਲੇ ਬੇਂਜਮਿਨ ਫਰੈਂਕਲਿਨ ਦੇ ਸ਼ਬਦਾਂ ਵਿੱਚ ਧੋਖਾਧੜੀ ਦੇ ਹੀ ਵਕੀਲ ਹਨ। ਇਹ ਧੋਖਾਧੜੀ ਵੀ ਉਹ ਮਜ਼ਦੂਰ ਜਮਾਤ ਨਾਲ ਹੀ ਕਰ ਰਹੇ ਹਨ ਜਿਸਦੇ ਰਾਹਨੁਮਾ ਹੋਣ ਦਾ ਉਹ ਦਾਹਵਾ ਕਰਦੇ ਹਨ। ਕਿਉਂਕਿ ਖੇਤੀ ਜਿਣਸਾਂ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਧਨੀ ਕਿਸਾਨਾਂ ਨੂੰ ਜਿੰਨਾ ਫਾਇਦਾ ਹੁੰਦਾ ਹੈ, ਮਜ਼ਦੂਰਾਂ ਨੂੰ ਉਸੇ ਅਨੁਪਾਤ ਵਿੱਚ ਨੁਕਸਾਨ ਹੁੰਦਾ ਹੈ। ਅਸਲ ਵਿੱਚ ਲਾਭ ਜਾਂ ਮੁਨਾਫ਼ਾ ਵਧਾਉਣ ਦੀ ਲੜਾਈ ਪੂੰਜੀਪਤੀਆਂ ਦੇ ਇਸ ਜਾਂ ਉਸ ਧੜੇ ਦੀ ਤਾਂ ਹੋ ਸਕਦੀ ਹੈ ਪਰ ਮਜ਼ਦੂਰ ਜਮਾਤ ਦੀ ਨਹੀਂ। ਖੇਤੀ ਜਿਣਸਾਂ ਦੇ ਲਾਭਕਾਰੀ ਮੁੱਲਾਂ ਦੀ ਲੜਾਈ ਸਮਾਜ ਵਿੱਚ ਪੈਦਾ ਹੋਣ ਵਾਲੀ ਕੁੱਲ ਵਾਫਰ ਕਦਰ ਵਿੱਚ ਉਦਯੋਗਿਕ ਅਤੇ ਵਪਾਰਕ ਪੂੰਜੀ ਦੀ ਨਿਸਬਤ, ਖੇਤੀ ਬੁਰਜੂਆਜੀ ਦਾ ਹਿੱਸਾ ਵਧਾਉਣ ਦੀ ਲੜਾਈ ਹੈ ਅਤੇ ਇਸ ਦੀ ਹਮਾਇਤ ਵਿੱਚ ਖੜੀਆਂ ਹਨ 'ਕਮਿਊਨਿਸਟ' ਪਾਰਟੀਆਂਅਤੇ ਉਪਰੋਕਤ ਪਰਚੇ। ਇਸੇ ਪ੍ਰਸੰਗ ਵਿਚ ਖੇਤੀ ਖੇਤਰ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਨੂੰ ਵਿਚਾਰਨ ਦੀ ਜ਼ਰੂਰਤ ਹੈ। ਸਬਸਿਡੀ ਭਾਵ ਖੇਤੀ ਉਤਪਾਦਨ ਵਿੱਚ ਇਸਤੇਮਾਲ ਹੋਣ ਵਾਲੀ ਸਥਿਰ ਪੂੰਜੀ ਉੱਪਰ ਸਬਸਿਡੀ ਜਿਸ ਸਬੰਧ ਵਿੱਚ ਅੱਜ ਕੱਲ ਪੰਜਾਬ ਵਿਚ ਉਪਰੋਕਤ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਖੇਤੀ ਖੇਤਰ ਨੂੰ ਮੁਫ਼ਤ ਬਿਜਲੀ ਦਿੱਤੇ ਜਾਣ ਲਈ ਸੰਘਰਸ਼ ਚੱਲ ਰਿਹਾ ਹੈ। ਸਥਿਰ ਪੂੰਜੀ ਕਿਉਂਕਿ ਕੋਈ ਨਵੀਂ ਕਦਰ ਨਹੀਂ ਸਿਰਜਦੀ, ਸਿਰਫ਼ ਆਪਣੀ ਕਦਰ ਦਾ ਹੀ ਨਵੀਂ ਉਤਪਾਦਤ ਜਿਣਸ ਨੂੰ ਤਬਾਦਲਾ ਕਰਦੀ ਹੈ, ਇਸ ਲਈ ਸਥਿਰ ਪੂੰਜੀ ਦੀਆਂ ਕੀਮਤਾਂ ਡਿੱਗਣ ਨਾਲ ਨਵੀਂ ਉਤਪਾਦਤ ਜਿਣਸ ਦੀ ਕੀਮਤ ਵੀ ਡਿੱਗ ਜਾਵੇਗੀ। ਜਿਸ ਨਾਲ ਕਿਸਾਨ ਦੇ ਕੁੱਲ ਲਾਭ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਬੇਸ਼ੱਕ ਮਜ਼ਦੂਰ ਜਮਾਤ ਦੇ ਨੁਮਾਇੰਦਿਆਂ ਨੂੰ ਕਿਸਾਨਾਂ ਦੇ ਮੁਨਾਫੇ ਵਧਣ ਜਾਂ ਘਟਣ ਨਾਲ ਕੋਈ ਸਰੋਕਾਰ ਨਹੀਂ ਹੋਣਾ ਚਾਹੀਦਾ। ਇਸ ਸਭ ਦੀ ਚਰਚਾ ਤਾਂ ਅਸੀਂ ਉਪਰੋਕਤ ਪਾਰਟੀਆਂ ਅਤੇ ਪਰਚਿਆਂ ਦੀ ਵਿਚਾਰਧਾਰਕ ਕੰਗਾਲੀ ਨੂੰ ਨਸ਼ਰ ਕਰਨ ਲਈ ਹੀ ਕਰ ਰਹੇ ਹਾਂ। ਜੇਕਰ ਸਬਸਿਡੀ ਦੀ ਮੰਗ ਕਿਸੇ ਖਾਸ ਖਿੱਤੇ ਦੇ ਕਿਸਾਨਾਂ ਲਈ ਕੀਤੀ ਜਾਂਦੀ ਹੈ ਤਾਂ ਸਬਸਿਡੀ ਮਿਲਣ ਉਪਰੰਤ ਉਸ ਖਿੱਤੇ ਦੇ ਕਿਸਾਨਾਂ ਨੂੰ ਇੱਕ ਫਾਇਦਾ ਜ਼ਰੂਰ ਹੋਵੇਗਾ ਕਿ ਉਹਨਾਂ ਦੇ ਉਤਪਾਦਨ ਦੀ ਦੂਸਰੇ ਖਿੱਤਿਆਂ ਦੇ ਕਿਸਾਨਾਂ ਦੇ ਉਤਪਾਦਨ ਮੁਕਾਬਲੇ ਮੰਡੀ ਵਿੱਚ ਮੁਕਾਬਲਾ ਸਮਰੱਥਾ ਵਧ ਜਾਵੇਗੀ। ਇੱਕ ਖਿੱਤੇ ਦੇ ਕਿਸਾਨਾਂ ਦਾ ਘੱਟ ਲਾਗਤ ਉੱਪਰ ਤਿਆਰ ਮਾਲ ਦੂਸਰੇ ਖਿੱਤੇ ਦੇ ਕਿਸਾਨਾਂ ਦੇ ਉਜਾੜੇ ਦਾ ਕਾਰਨ ਬਣ ਸਕਦਾ ਹੈ। ਇਸ ਤੋਂ ਵੱਧ ਖੇਤੀ ਸਬਸਿਡੀ ਦਾ ਹੋਰ ਕੋਈ ਨਤੀਜਾ ਨਹੀਂ ਨਿਕਲੇਗਾ।



'ਕਮਿਊਨਿਸਟ ਪਾਰਟੀਆਂ' ਪਰਚਿਆਂ ਦੀ ਅਗਵਾਈ ਰਾਹਨੁਮਾਈ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਅਗਲੀ ਮਹੱਤਵਪੂਰਨ ਮੰਗ ਹੈ ਸੁਰੱਖਿਅਤ ਮੰਡੀ ਦੀ। ਭਾਵ ਕਿਸਾਨ ਜੋ ਵੀ ਪੈਦਾ ਕਰਨ ਉਹ ਅਰਾਮ ਨਾਲ ਲਾਭਦਾਇਕ ਕੀਮਤਾਂ ਉੱਪਰ ਵਿਕ ਜਾਵੇ। ਇਹ ਹੈ ਸੁਰੱਖਿਅਤ ਪੂੰਜੀਵਾਦੀ ਮੰਡੀ ਦਾ ਯੂਟੋਪੀਆ। ਇਹ ਮੰਡੀ ਤਾਂ ਚਾਹੁੰਦੇ ਹਨ ਪਰ ਮੁਕਾਬਲਾ ਨਹੀਂ। ਇਹ ਪੂੰਜੀਵਾਦ ਤਾਂ ਚਾਹੁੰਦੇ ਹਨ ਪਰ ਉਜਾੜਾ ਨਹੀਂ। ਜੇਕਰ ਇਹ ਭੁਲ ਗਏ ਹੋਣ ਤਾਂ ਇਹਨਾਂ ਨੂੰ ਯਾਦ ਕਰਵਾ ਦੇਈਏ ਕਿ ਪੂੰਜੀਵਾਦੀ ਮੰਡੀ ਕਦਰ ਦੇ ਨਿਯਮ ਮੁਤਾਬਕ ਚੱਲਦੀ ਹੈ। ਪੈਦਾਵਾਰ ਦੇ ਸਾਧਨ ਦੀ ਨਿੱਜੀ ਮਾਲਕੀ ਅਧੀਨ ਕੰਮ ਕਰਦੇ ਇਸ ਨਿਯਮ ਤਹਿਤ ਪੂੰਜੀਵਾਦੀ ਮੰਡੀ ਹਮੇਸ਼ਾ ਅਰਾਜਕਤਾ ਦੀ ਸਥਿਤੀ ਵਿੱਚ ਰਹਿੰਦੀ ਹੈ। ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਅਧਾਰਿਤ ਪ੍ਰਬੰਧ ਵਿੱਚ ਕਦਰ ਦਾ ਨਿਯਮ ਪੈਦਾਵਾਰ ਦੇ ਆਪਮੁਹਾਰੇ ਨਿਯਾਮਕ ਦੇ ਤੌਰ ਉੱਤੇ ਕਾਰਜ ਕਰਦਾ ਹੈ। ਕਦਰ ਦੇ ਇਰਦ ਗਿਰਦ ਜਿਣਸਾਂ ਦੀ ਕੀਮਤ ਵਿੱਚ ਉਤਾਰ ਚੜ੍ਹਾਅ, ਪੂੰਜੀਪਤੀਆਂ ਨੂੰ ਕੁਝ ਖਾਸ ਵਸਤਾਂ ਦੀ ਪੈਦਾਵਾਰ ਘਟਾਉਣ ਜਾਂ ਵਧਾਉਣ ਅਤੇ ਪੈਦਾਵਾਰ ਦੇ ਉਹਨਾਂ ਖੇਤਰਾਂ ਵਿੱਚ ਆਪਣੀ ਪੂੰਜੀ ਲਗਾਉਣ ਲਈ ਮਜ਼ਬੂਰ ਕਰਦਾ ਹੈ ਜਿੱਥੇ ਕੀਮਤਾਂ ਵਧੇਰੇ ਹੋਣ। ਇਸ ਦਾ ਨਤੀਜਾ ਵੱਖ ਵੱਖ ਆਰਥਿਕ ਖੇਤਰਾਂ ਵਿੱਚ ਪੂੰਜੀ ਅਤੇ ਕਿਰਤ ਦੀ ਆਪ ਮੁਹਾਰੀ ਮੁੜ ਵੰਡ ਵਿੱਚ ਨਿਕਲਦਾ ਹੈ। ਜਿਣਸ ਉਤਪਾਦਕ ਆਪਣੀਆਂ ਜਿਣਸਾਂ ਦੀਆਂ ਲਾਗਤਾਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਾਂ ਪਰ ਮੁਕਾਬਲੇ ਦੀਆਂ ਹਾਲਤਾਂ ਅਧੀਨ ਹਰ ਕੋਈ ਇਸ ਵਿੱਚ ਸਫ਼ਲ ਨਹੀਂ ਹੁੰਦਾ, ਉਹ ਜੋ ਆਪਣੀਆਂ ਜਿਣਸਾਂ ਵੇਚਣ ਉਪਰੰਤ ਆਪਣੇ ਖਰਚੇ ਪੂਰੇ ਨਹੀਂ ਕਰ ਪਾਉਂਦੇ, ਤਬਾਹ ਹੋ ਜਾਂਦੇ ਹਨ। ਇਸਦੇ ਉਲਟ ਜੋ ਸੁਧਰੀਆਂ ਹੋਈਆਂ ਤਕਨੀਕਾਂ ਇਸਤੇਮਾਲ ਕਰਦੇ ਹਨ, ਇਸ ਦੇ ਨਤੀਜੇ ਵਜੋਂ ਕਿਰਤ ਦੀਆਂ ਲਾਗਤਾਂ ਘਟਾ ਲੈਂਦੇ ਹਨ, ਹੋਰ ਵੀ ਅਮੀਰ ਹੋ ਜਾਂਦੇ ਹਨ। ਇਸ ਤਰ੍ਹਾਂ ਜਿਣਸ ਉਤਪਾਦਕਾਂ ਦੇ ਜਮਾਤੀ ਵਿਭੇਦੀਕਰਨ ਦਾ ਆਰਥਿਕ ਅਧਾਰ ਤਿਆਰ ਹੁੰਦਾ ਹੈ। ਇਸ ਤਰ੍ਹਾਂ ਕਦਰ ਦੇ ਨਿਯਮ ਦੇ ਅਧਾਰ ਉੱਪਰ ਸਰਲ ਜਿਣਸ ਉਤਪਾਦਨ ਦੇ ਪੂੰਜੀਵਾਦੀ ਉਤਪਾਦਨ ਵਿੱਚ ਤਬਦੀਲ ਹੋ ਜਾਣ ਦਾ ਅਧਾਰ ਹੋਂਦ ਵਿੱਚ ਆਉਂਦਾ ਹੈ। ਭਾਵ ਉਹ ਛੋਟੇ ਉਤਪਾਦਕ ਜੋ ਖੁਦ ਦੀ ਕਿਰਤ ਸ਼ਕਤੀ ਨਾਲ ਜਿਣਸਾਂ ਦਾ ਉਤਪਾਦਨ ਕਰਦੇ ਹਨ (ਸਰਲ ਜਿਣਸ ਉਤਪਾਦਨ) ਤਬਾਹ ਹੋ ਜਾਂਦੇ ਹਨ ਅਤੇ ਉਹਨਾਂ ਦੀ ਰਹੀ ਸਹੀਂ ਪੂੰਜੀ ਵੱਡੇ ਜਿਣਸ ਉਤਪਾਦਕਾਂ ਦੇ ਹੱਥਾਂ ਵਿੱਚ ਚਲੀ ਜਾਂਦੀ ਹੈ ਇਸ ਤਰ੍ਹਾਂ ਪੂੰਜੀਵਾਦੀ ਉਤਪਾਦਨ (ਦੂਸਰਿਆਂ ਦੀ ਕਿਰਤ ਸ਼ਕਤੀ ਖਰੀਦ ਕੇ ਉਤਪਾਦਨ ਕਰਵਾਉਣਾ) ਹੋਂਦ ਵਿੱਚ ਆਉਂਦਾ ਹੈ।

ਪੂੰਜੀਵਾਦੀ ਮੰਡੀ ਦੇ ਨਿਯਮ ਇੰਨੇ ਬੇਰਹਿਮ ਹਨ ਕਿ ਇਸ ਤਹਿਤ ਕੁਝ ਦਾ ਫਾਇਦਾ ਅਤੇ ਬਹੁਤਿਆਂ ਦੀ ਤਬਾਹੀ ਅਟੱਲ ਹੈ। ਇਸ ਦਾ ਇੱਕ ਇੱਕ ਹੱਲ ਹੈ, ਪੂੰਜੀਵਾਦੀ ਮੰਡੀ ਭਾਵ ਪੂੰਜੀਵਾਦੀ ਪ੍ਰਬੰਧ ਦੀ ਤਬਾਹੀ। ਪੂੰਜੀਵਾਦ ਦੀ ਇਹ ਹੋਣੀ ਮਜ਼ਦੂਰ ਜਮਾਤ ਹੱਥੋਂ ਲਿਖੀ ਹੋਈ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਲੜਾਈ ਵਿੱਚ ਮਜ਼ਦੂਰ ਜਮਾਤ ਦੇ ਜੋਟੀਦਾਰ ਗਰੀਬ ਅਤੇ ਦਰਮਿਆਨੇ ਕਿਸਾਨਾਂ, ਖਾਸ ਕਰਕੇ ਗਰੀਬ ਕਿਸਾਨਾਂ ਨੂੰ ਉਹਨਾਂ ਦੇ ਸੁਰੱਖਿਅਤ ਮੰਡੀ, ਲਾਭਕਾਰੀ ਮੁੱਲਾਂ ਆਦਿ ਭਰਮਾਂ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਮਜ਼ਦੂਰ ਜਮਾਤ ਦੇ ਪੈਂਤੜੇ ਉੱਪਰ ਲਿਆਂਦਾ ਜਾਵੇ। ਪਰ ਉਪਰੋਕਤ ਕਮਿਊਨਿਸਟ ਪਾਰਟੀਆਂ ਅਤੇ ਪਰਚੇ ਇਸ ਉਦੇਸ਼ ਦੀ ਪ੍ਰਾਪਤੀ ਦੇ ਉਲਟੀ ਦਿਸ਼ਾ ਵਿੱਚ ਜ਼ੋਰ ਲਗਾ ਰਹੇ ਹਨ। ਉਪਰੋਕਤ ਕਿਸਾਨ ਜਥੇਬੰਦੀਆਂ ਅਤੇ ਉਨ੍ਹਾਂ ਦੇ 'ਕਮਿਊਨਿਸਟ' ਆਗੂਆਂ ਸਮਰਥਕ, ਮਾਰਗ ਦਰਸ਼ਕ ਪਰਚਿਆਂ ਦੀ ਚੌਥੀ ਮਹੱਤਵਪੂਰਨ ਮੰਗ ਹੈ ਕਿਸਾਨਾਂ ਦੀ ਕਰਜ਼ਾ ਮੁਕਤੀ ਜਿਸਦੀ ਅੱਜ ਕੱਲ੍ਹ ਪੰਜਾਬ ਵਿੱਚ ਬਹੁਤ ਚਰਚਾ ਹੈ। ਇਸ ਸਵਾਲ ਉੱਪਰ ਪੰਜਾਬ ਦੇ ਬੁਰਜੂਆ ਸਿਆਸਤਦਾਨ, ਬੁਰਜੂਆ ਅਖ਼ਬਾਰ ਉਪਰੋਕਤ ਵੰਨਗੀ ਦੀਆਂ ਕਮਿਊਨਿਸਟ ਪਾਰਟੀਆਂ ਅਤੇ ਪਰਚੇ ਅੱਜ ਇੱਕੋ ਬੋਲੀ ਬੋਲ ਰਹੇ ਹਨ। ਖੇਤੀ ਜਿਣਸਾਂ ਦੇ ਲਾਭਕਾਰੀ ਮੁੱਲਾਂ, ਕਰਜ਼ਾ ਮੁਕਤੀ ਆਦਿ ਮਸਲਿਆਂ ਉੱਪਰ ਇਹਨਾਂ ਵੱਖ ਵੱਖ ਕੈਂਪਾਂ ਦੇ ਲੋਕਾਂ ਦਰਮਿਆਨ ਅੱਜ ਕੱਲ ਪੰਜਾਬ ਵਿੱਚ ਇੱਕ ਅਪਵਿੱਤਰ ਗਠਜੋੜ ਬਣਿਆ ਹੋਇਆ ਹੈ।

ਸੁਰਖ ਰੇਖਾ ਨੇ ਜਿਸ ਤਰ੍ਹਾਂ ਕਿਸਾਨੀ ਕਰਜ਼ੇ ਦੇ ਸਵਾਲ ਨੂੰ ਪ੍ਰਚਾਰਿਆ ਹੈ ਅਤੇ ਅੱਜ ਵੀ

ਪ੍ਰਚਾਰ ਰਿਹਾ ਹੈ ਉਸ ਤੋਂ ਤਾਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਸੁਰਖ ਰੇਖਾ ਨੂੰ ਮਾਲਕ ਕਿਸਾਨਾਂ ਦੇ ਕਰਜ਼ਾ ਮੁਕਤੀ 'ਸੰਗਰਾਮ ਵਿੱਚੋਂ ਹੀ ਨਵ ਜਮਹੂਰੀ ਇਨਕਲਾਬ ਨਿਕਲਦਾ ਨਜ਼ਰ ਆਉਂਦਾ ਹੋਵੇ। ਇਹੋ ਹੀ ਹਾਲ ਇਸ ਭਾਈਚਾਰੇ ਦੇ ਹੋਰ ਪੇਪਰਾਂ ਦਾ ਹੈ। ਵੈਸੇ ਵੇਖਿਆ ਜਾਵੇ ਤਾਂ ਵਧੇਰੇ ਕਰਜ਼ਾ ਤਾਂ ਉਸੇ ਨੂੰ ਮਿਲਦਾ ਹੈ ਜਿਸ ਕੋਲ ਵਧੇਰੇ ਪੂੰਜੀ ਹੋਵੇ, ਭਾਵ ਕਰਜ਼ਾ ਦੇਣ ਵਾਲੇ ਨੂੰ ਆਪਣੀ ਪੂੰਜੀ ਵਾਪਸ ਹੋਣ ਦਾ ਯਕੀਨ ਹੋਵੇ। ਦੁਨੀਆਂ ਦੇ ਵੱਡੇ ਮਗਰਮੱਛਾਂ ਐਨਰੋਨ ਅਤੇ ਵਰਲਡ ਕੌਮ ਦੀ ਉਦਾਹਰਣ ਸਾਡੇ ਸਾਹਮਣੇ ਹੈ। ਵਰਲਡ ਕੌਮ ਉੱਪਰ ਇਸ ਦੇ ਦੀਵਾਲੀਆ ਹੋਣ ਸਮੇਂ 30 ਬਿਲੀਅਨ ਡਾਲਰ ਦਾ ਕਰਜ਼ ਸੀ, ਪੰਜਾਬ ਦੇ ਕੁਲ ਕਿਸਾਨਾਂ ਸਿਰ ਕੁੱਲ ਕਰਜ਼ੇ ਤੋਂ ਕਈ ਗੁਣਾਂ ਵਧੇਰੇ। ਇਵੇਂ ਹੀ ਆਪਣੇ ਦੇਸ਼ ਦੇ ਛੋਟੇ ਵੱਡੇ ਉਦਯੋਗ ਪਤੀਆਂ ਅਤੇ ਮਾਲਕ ਕਿਸਾਨਾਂ ਦੀਆਂ ਵੱਖ ਵੱਖ ਪਰਤਾਂ ਦੇ ਕਰਜ਼ੇ ਵੇਖੇ ਜਾ ਸਕਦੇ ਹਨ। ਪੰਜਾਬੀ ਟ੍ਰਿਬਿਊਨ ਵਿੱਚ ਛਪੇ ਡਾ. ਅਨੂਪ ਸਿੰਘ ਦੇ ਇੱਕ ਲੇਖ ਮੁਤਾਬਕ "1996-97 ਤੱਕ ਕੁੱਲ 5701 ਕਰੋੜ ਰੁਪਏ ਦੇ ਸਮੁੱਚੇ ਕਰਜ਼ੇ ਵਿੱਚੋਂ 21.57% ਭਾਵ 1230 ਕਰੋੜ ਰੁਪਏ ਦਾ ਕਰਜ਼ਾ 5 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਵੱਲ ਹੈ। 28.97% ਭਾਵ 1657 ਕਰੋੜ ਰੁਪਏ 5 ਤੋਂ 10 ਏਕੜ ਦੀ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਵੱਲ ਹੈ। ਬਾਕੀ 2820 ਕਰੋੜ ਰੁਪਏ ਦਾ ਕਰਜ਼ਾ 10 ਏਕੜ ਤੋਂ ਵੱਧ ਮਾਲਕੀ ਵਾਲਿਆਂ ਵੱਲ ਸੀ ਇਸ ਤੋਂ ਸਪਸ਼ਟ ਹੈ ਕਿ ਜਿਨਾਂ ਕੋਲ ਜ਼ਮੀਨ ਵਧੇਰੇ ਹੈ ਉਹਨਾਂ ਵੱਲ ਕਰਜ਼ਾ ਵੀ ਵਧੇਰੇ ਹਨ। ਉਪਰੋਕਤ ਕਮਿਊਨਿਸਟ ਪਾਰਟੀਆਂ ਅਤੇ ਪਰਚੇ ਕਿਸਾਨੀ ਦੀਆਂ ਸਭ ਪਰਤਾਂ ਦੇ ਸਮੁੱਚੇ ਕਰਜ਼ੇ ਨੂੰ ਮੁਆਫ ਕਰਨ ਦੀ ਮੰਗ ਕਰ ਰਹੇ ਹਨ। ਇਹਨਾਂ ਨੂੰ ਵੈਸੇ ਇੰਨਾ ਤਾਂ ਪਤਾ ਹੀ ਹੋਣੈ ਕਿ ਪੂੰਜੀਪਤੀਆਂ ਵਾਸਤੇ ਕਰਜ਼ਾ ਵੀ ਆਪਣੇ ਮੁਨਾਫ਼ੇ ਵਧਾਉਣ ਦਾ ਹੀ ਇੱਕ ਸਾਧਨ ਹੁੰਦਾ ਹੈ।

1998 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ ਦੇ ਪ੍ਰੋ. ਐਚ. ਐਸ. ਸ਼ੇਰਗਿਲ ਵਲੋਂ ਪੇਂਡੂ ਪੰਜਾਬ ਵਿੱਚ ਕਰੈਡਿਟ ਅਤੇ ਕਰਜ਼ਾਈਪੁਣਾ ਸਿਰਲੇਖ ਹੇਠ ਪੇਸ਼ ਅਧਿਐਨ ਰਿਪੋਰਟ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ ਕੁੱਲ ਕਰਜ਼ਾ 5700 ਕਰੋੜ ਰੁਪਏ ਹੈ। ਜੋ ਕਿ ਪੰਜਾਬ ਦੇ ਕਿਸਾਨਾਂ ਦੀ ਮਾਲਕੀ ਹੇਠ ਕੁੱਲ ਜ਼ਮੀਨ ਦੀ ਕੁਲ ਕੀਮਤ ਦਾ ਸਿਰਫ਼ 4% ਹੀ ਬਣਦਾ ਹੈ। ਜੇਕਰ ਖੇਤੀ ਵਿੱਚ ਕਿਸਾਨਾਂ ਦੁਆਰਾ ਕੀਤੇ ਗਏ ਕੁੱਲ ਪੂੰਜੀ ਨਿਵੇਸ਼ ਅਤੇ ਕਿਸਾਨਾਂ ਦੀ ਘਰੇਲੂ ਸੰਪਤੀ ਵੀ ਜੋੜ ਲਈ ਜਾਵੇ ਤਾਂ ਕਿਸਾਨਾਂ ਦੀ ਕੁੱਲ ਪੂੰਜੀ ਦੀ ਨਿਸਬਤ ਕੁੱਲ ਕਰਜ਼ੇ ਦਾ ਪ੍ਰਤੀਸ਼ਤ ਹੋਰ ਵੀ ਹੇਠਾਂ ਆ ਜਾਵੇਗਾ। ਤੱਥਾਂ ਦੀ ਰੌਸ਼ਨੀ ਵਿੱਚ ਪਾਠਕ ਵੇਖ ਸਕਦੇ ਹਨ ਕਿ ਉਪਰੋਕਤ ਪਾਰਟੀਆਂ ਅਤੇ ਪਰਚਿਆਂ ਵਲੋਂ ਕਿਸਾਨੀ ਕਰਜ਼ੇ ਦੇ ਉਡਾਏ ਧੂੰਏਂ ਦੀ ਅਸਲੀਅਤ ਕੀ ਹੈ। ਉਪਰੋਕਤ ਵਿਸ਼ਲੇਸ਼ਣ ਦੀ ਰੌਸ਼ਨੀ ਵਿੱਚ ਵੇਖਿਆ ਜਾ ਸਕਦਾ ਹੈ ਕਿ ਅੱਜ ਉਪਰੋਕਤ ਕਮਿਊਨਿਸਟ ਪਾਰਟੀਆਂ ਅਤੇ ਪਰਚੇ ਕਿਸ ਦੀ ਸੇਵਾ ਕਰ ਰਹੇ ਹਨ। ਇਹ ਛੋਟੇ ਮਾਲਕਾਨੇ ਨੂੰ ਬਚਾਈ ਰੱਖਣ ਦੀਆਂ ਪਿਛਾਂਹਖਿਚੂ ਕੋਸ਼ਿਸ਼ਾਂ ਵਿੱਚ ਗਲਤਾਨ ਅੱਜ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਉਸਦੇ ਜਮਾਤੀ ਪੈਂਤੜੇ ਨੂੰ ਤਿਆਗਕੇ ਮਜ਼ਦੂਰ ਜਮਾਤ ਦੀਆਂ ਦੁਸ਼ਮਣ ਹਾਕਮ ਜਮਾਤਾਂ ਦੇ ਪੈਂਤੜੇ ਉੱਤੇ ਖੜ੍ਹੇ ਹਨ।

ਅੰਤ ਵਿੱਚ ਇਹਨਾਂ ਨੂੰ ਲੈਨਿਨ ਦੀ ਇਹ ਨਸੀਹਤ ਯਾਦ ਕਰਵਾ ਦਿੰਦੇ ਹਾਂ, "ਕੋਈ ਪੁੱਛ ਸਕਦਾ ਹੈ ਕਿ ਇਸ ਦਾ ਹੱਲ ਕੀ ਹੈ, ਕਿਸਾਨਾਂ ਦੀ ਹਾਲਤ ਕਿਵੇਂ ਸੁਧਾਰੀ ਜਾ ਸਕਦੀ ਹੈ? ਛੋਟੇ ਕਿਸਾਨ ਖੁਦ ਨੂੰ ਮਜ਼ਦੂਰ ਜਮਾਤ ਦੀ ਲਹਿਰ ਨਾਲ ਜੋੜਕੇ ਅਤੇ ਸਮਾਜਵਾਦੀ ਪ੍ਰਬੰਧ ਲਈ ਸੰਘਰਸ਼ ਵਿੱਚ ਜ਼ਮੀਨ ਅਤੇ ਹੋਰ ਸਾਧਨਾਂ (ਕਾਰਖਾਨੇ, ਮਸ਼ੀਨਾਂ ਆਦਿ) ਨੂੰ ਸਮਾਜਿਕ ਸੰਪਤੀ ਦੇ ਰੂਪ ਵਿੱਚ ਬਦਲ ਦੇਣ ਵਿੱਚ ਮਜ਼ਦੂਰਾਂ ਦੀ ਮਦਦ ਕਰਕੇ ਖੁਦ ਨੂੰ ਪੂੰਜੀ ਦੀ ਜਕੜ ਤੋਂ ਮੁਕਤ ਕਰ ਸਕਦੇ ਹਨ। ਛੋਟੇ ਪੈਮਾਨੇ ਦੀ ਖੇਤੀ ਅਤੇ ਛੋਟੀਆਂ ਜੋਤਾਂ ਨੂੰ ਬਚਾਉਣ ਦਾ ਯਤਨ ਸਮਾਜਿਕ ਵਿਕਾਸ ਦੀ ਗਤੀ ਨੂੰ ਅਣਉਪਯੋਗੀ ਰੂਪ ਵਿੱਚ ਧੀਮੀ ਕਰਨਾ ਹੋਵੇਗਾ। ਇਸਦਾ ਮਤਲਬ ਪੂੰਜੀਵਾਦ ਦੇ ਅਧੀਨ ਹੀ ਖੁਸ਼ਹਾਲੀ ਦੀ ਸੰਭਾਵਨਾ ਦੇ ਭਰਮ ਨਾਲ ਕਿਸਾਨਾਂ ਨੂੰ ਧੋਖਾ ਦੇਣਾ ਹੋਵੇਗਾ। ਇਸਦਾ ਮਤਲਬ ਕਿਰਤੀ ਜਮਾਤਾਂ ਵਿੱਚ ਫੁੱਟ ਪਾਉਣਾ ਅਤੇ ਬਹੁ ਗਿਣਤੀ ਦੀ ਉੱਪਰ ਘੱਟ ਗਿਣਤੀ ਲਈ ਇੱਕ ਸੁਵਿਧਾਮਈ ਹਾਲਤ ਪੈਦਾ ਕਰਨਾ ਹੋਵੇਗਾ।"

*(ਮਜ਼ਦੂਰ ਪਾਰਟੀ ਅਤੇ ਕਿਸਾਨ) ਜੈਕਾਰਾ (ਜੂਨ 2003)*



<u>ਲਾਲ ਪਰਚਮ ਦੀ ਕਿਸਾਨ ਸੇਧ</u>

# ਛੋਟੇ ਪੈਮਾਨੇ ਦੇ ਮਾਲ ਉਤਪਾਦਨ ਨੂੰ ਬਚਾਈ ਰੱਖਣ ਦੀ ਕੁਰਲਾਹਟ

ਲਾਲ ਪਰਚਮ ਦੇ ਜੁਲਾਈ-ਅਗਸਤ (2003) ਅੰਕ ਵਿੱਚ "ਕਿਸਾਨ ਲਹਿਰ ਦੀ ਸੇਧ ਸੰਬੰਧੀ ਕੁਝ ਧਿਆਨ ਦੇਣ ਯੋਗ ਨੁਕਤੇ" ਸਿਰਲੇਖ ਹੇਠ ਇੱਕ ਲੇਖ ਛਪਿਆ ਹੈ, ਜਿਸ ਵਿੱਚ ਪਰਚਮ ਦੀ ਸੰਪਾਦਕ ਮੰਡਲੀ ਨੇ ਕਿਸਾਨੀ ਸਵਾਲ ਉੱਪਰ ਆਪਣੀ ਸਮਝ ਦੀ ਮੁੜ ਵਿਆਖਿਆ ਕੀਤੀ ਹੈ। ਇਸ ਲੇਖ ਵਿੱਚ ਉਹੋ ਗੱਲਾਂ ਹੀ ਮੁੜ ਦੁਹਰਾਈਆਂ ਗਈਆਂ ਹਨ ਜਿਹਨਾਂ ਦਾ ਪਰਚਮ ਪਿਛਲੇ ਇੱਕ ਦਹਾਕੇ ਤੋਂ ਪ੍ਰਚਾਰ ਕਰ ਰਿਹਾ ਹੈ। ਪਰਚਮ ਨੂੰ ਗੰਭੀਰਤਾ ਨਾਲ ਪੜ੍ਹਨ ਵਾਲੇ ਪਾਠਕ ਜਾਣਦੇ ਹਨ ਕਿ ਇਸ ਨਵੇਂ ਲੇਖ ਵਿੱਚ ਕੁਝ ਵੀ ਨਵਾਂ ਨਹੀਂ ਹੈ।ਪਰ ਪਰਚਮ ਦੀ ਸੰਪਾਦਕ ਮੰਡਲੀ ਨੂੰ ਕਿਸਾਨ ਸਵਾਲ ਉੱਪਰ ਆਪਣੀ ਸਮਝ ਦੀ ਮੁੜ ਵਿਆਖਿਆ ਕਰਨ ਦੀ ਅਚਾਨਕ ਕੀ ਜ਼ਰੂਰਤ ਆਣ ਪਈ? ਕੀ ਪਰਚਮ ਦੇ ਪਾਠਕਾਂ ਨੂੰ ਇਸ ਬਾਰੇ ਕੋਈ ਭੁਲੇਖਾ ਸੀ ਜਾਂ ਪਰਚਮ ਦੇ ਪਾਠਕਾਂ ਦਾ ਕੋਈ ਦਬਾਅ? ਲੇਖ ਤੋਂ ਇਹ ਗੱਲ ਉੱਕਾ ਹੀ ਸਪੱਸ਼ਟ ਨਹੀਂ ਹੁੰਦੀ।

ਪਰਚਮ ਨੇ ਉਪਰੋਕਤ ਲੇਖ ਵਿੱਚ ਪੰਜਾਬ ਦੇ ਧਨੀ ਕਿਸਾਨ ਅੰਦੋਲਨ ਤੋਂ ਦੂਰੀ ਬਣਾਉਣ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਉਸ ਨੇ ਆਪਣੇ ਪੈਂਤਰੇ ਨੂੰ ਪੇਂਡੂ ਮਜ਼ਦੂਰਾਂ, ਸ਼ਹਿਰੀ ਗਰੀਬਾਂ, ਗਰੀਬ ਅਤੇ ਦਰਮਿਆਨੇ ਕਿਸਾਨਾਂ ਦੇ ਹਿੱਤੂ ਹੋਣ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਅਫਸੋਸ, ਪਰਚਮ ਦੀ ਸੰਪਾਦਕ ਮੰਡਲੀ ਨੂੰ ਇਸ ਵਿੱਚ ਵੀ ਕਾਮਯਾਬੀ ਨਹੀਂ ਮਿਲੀ।

ਉਪਰੋਕਤ ਲੇਖ ਦੇ ਸ਼ੁਰੂ ਵਿੱਚ ਇਹ ਲਿਖਦੇ ਹਨ, "ਅਸੀਂ ਪਰਚਮ ਦੇ ਪੰਨਿਆਂ ਅੰਦਰ ਪੰਜਾਬ ਦੀ ਜ਼ਰਈ ਆਰਥਿਕਤਾ ਬਾਰੇ ਇਹ ਧਾਰਨਾ ਲਗਾਤਾਰ ਰੱਖਦੇ ਆ ਰਹੇ ਹਾਂ, ਕਿ ਇਸਦਾ ਖਾਸਾ ਜਗੀਰੂ ਜਾਂ ਅਰਧ ਜਗੀਰੂ ਨਹੀਂ, ਸਗੋਂ ਸਰਮਾਏਦਾਰਾਨਾ ਹੈ। ਇਸ ਮਸਲੇ ਉੱਪਰ ਅਸੀਂ ਪੰਜਾਬ ਦੀ ਕਮਿਊਨਿਸਟ ਇਨਕਲਾਬੀ ਲਹਿਰ ਵਲੋਂ ਅਪਣਾਈ ਗਲਤ ਸਮਝ ਬਾਰੇ ਸਮੇਂ ਸਮੇਂ ਆਪਣੀਆਂ ਟਿੱਪਣੀਆਂ ਕਰਦੇ ਰਹੇ ਹਾਂ।" ਪਹਿਲੀ ਗੱਲ ਤਾਂ ਇਹ ਕਿ ਪਰਚਮ ਪੰਜਾਬ ਦੀ ਜ਼ਰਈ ਆਰਥਿਕਤਾ ਬਾਰੇ ਹੀ ਨਹੀਂ ਸਗੋਂ ਪੂਰੇ ਹਿੰਦੁਸਤਾਨ ਦੀ ਜ਼ਰਈ ਆਰਥਿਕਤਾ ਦੇ ਹੀ ਸਰਮਾਏਦਾਰਾਨਾ ਹੋਣ ਬਾਰੇ, ਪਿਛਲੇ ਡੇਢ ਦੋ ਦਹਾਕਿਆਂ ਤੋਂ ਪ੍ਰਚਾਰ ਕਰਦਾ ਆ ਰਿਹਾ ਹੈ। ਹੁਣ ਆਪਣੀ ਪੁਜੀਸ਼ਨ ਨੂੰ ਸਿਰਫ਼ ਪੰਜਾਬ ਤੱਕ ਹੀ ਸੀਮਤ ਕਰਨ ਪਿੱਛੇ ਕੀ ਕਾਰਨ ਹੈ? ਇਹ ਤਾਂ ਸ੍ਰੀ ਮਾਨ ਸੰਪਾਦਕ ਹੀ ਜਾਣਦੇ ਹੋਣਗੇ। ਪਰਚਮ ਦੀ ਸੰਪਾਦਕ ਮੰਡਲੀ ਨੂੰ ਇੱਕ ਇਹ ਸਵਾਲ ਵੀ ਕਰਨਾ ਬਣਦਾ ਹੈ ਕਿ ਪੰਜਾਬ ਵਿੱਚ ਉਹ ਕਿਹੜੀ ਕਮਿਊਨਿਸਟ ਇਨਕਲਾਬੀ ਲਹਿਰ ਹੈ ਜੋ ਪੰਜਾਬ ਦੀ ਜ਼ਰਈ ਆਰਥਿਕਤਾ ਨੂੰ ਅਰਧ ਜਗੀਰੂ ਹੋਣ ਵਜੋਂ ਪੇਸ਼ ਕਰਦੀ ਹੈ? ਕੀ ਉਹਨਾਂ ਲੋਕਾਂ ਨੂੰ ਕਮਿਊਨਿਸਟ ਇਨਕਲਾਬੀ ਕਹਿਣਾ ਜਾਇਜ਼ ਹੈ ਜੋ ਪਿਛਲੇ ਸਾਢੇ ਤਿੰਨ ਦਹਾਕਿਆਂ ਵਿੱਚ ਸਮਾਜ ਨੂੰ ਬਦਲਣਾ ਤਾਂ ਦੂਰ ਉਸ ਨੂੰ ਸਮਝ ਵੀ ਨਹੀਂ ਸਕੇ? ਕੀ ਭਾਰਤ ਵਿੱਚ ਸਮਾਜਵਾਦੀ ਇਨਕਲਾਬ ਦੀਆਂ ਪੁਜ਼ੀਸ਼ਨਾਂ ਨੂੰ ਬੁਲੰਦ ਕਰਦੇ ਹੋਏ (ਲਾਲ ਪਰਚਮ), ਭਾਰਤ ਵਿੱਚ ਨਵ ਜਮਹੂਰੀ ਇਨਕਲਾਬ ਦੀਆਂ ਪੁਜੀਸ਼ਨਾਂ ਨੂੰ ਚੰਬੜੇ ਹੋਇਆਂ ਕਮਿਊਨਿਸਟ ਮੰਨਿਆ ਜਾ ਸਕਦਾ ਹੈ?

ਪਰਚਮ ਦੀ ਸੰਪਾਦਕ ਮੰਡਲੀ ਇਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੀ, ਜਾਂ ਜਾਣਦੇ ਹੋਏ ਵੀ ਨਾ ਜਾਨਣ ਦਾ ਪਾਖੰਡ ਕਰਦੀ ਹੈ ਕਿ ਲੰਬਾ ਸਮਾਂ ਇੱਕ ਗਲਤ ਲੀਹ ਉੱਤੇ ਕੰਮ ਕਰਦਿਆਂ ਭਾਵੇਂ ਵਿਅਕਤੀ ਹੋਣ ਭਾਵੇਂ ਜਥੇਬੰਦੀਆਂ, ਉਹ ਆਪਣੇ ਉਲਟ ਵਿੱਚ ਬਦਲ ਜਾਂਦੀਆਂ ਹਨ। ਪਰ ਲਾਲ ਪਰਚਮ ਦੀ ਸੰਪਾਦਕ ਮੰਡਲੀ ਇਸ ਹਕੀਕਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖ ਸਕਣ ਦੀ ਹਿੰਮਤ ਹੀ ਨਹੀਂ ਕਰ ਪਾ ਰਹੀ। ਇਹ ਵੇਖ ਸਕਣਾ ਹੁਣ ਇਹਨਾਂ ਦੇ ਵੱਸ ਦਾ ਰੋਗ ਵੀ ਨਹੀਂ ਰਿਹਾ, ਕਿਉਂਕਿ ਇਹ ਵੀ ਆਪਣੇ "ਨਵ ਜਮਹੂਰੀ" ਭਾਈਚਾਰੇ ਦੀ ਹੋਣੀ ਦੇ ਸਾਂਝੀਦਾਰ

ਬਣਕੇ ਉਹਨਾਂ ਵਾਲੀ ਹਾਲਤ ਵਿੱਚ ਹੀ ਪਹੁੰਚ ਚੁੱਕੇ ਹਨ।

ਉਪਰੋਕਤ ਲੇਖ ਵਿੱਚ ਪਰਚਮ ਦੀ ਸੰਪਾਦਕ ਮੰਡਲੀ ਨੇ ਧਨੀ ਕਿਸਾਨ ਅੰਦੋਲਨ ਨੂੰ ਪਾਣੀ ਪੀ-ਪੀ ਕੇ ਕੋਸਿਆ ਹੈ ਪਰ ਆਖਰ ਮੁੜ ਉਸੇ ਦੀ ਹੀ ਪੂਛ ਫੜੀ ਹੈ। ਕਰਜ਼ਾ ਮੁਕਤੀ, ਖੇਤੀ ਸਬਸਿਡੀਆਂ ਆਦਿ ਮੁੱਦਿਆਂ ਉਪਰ ਇਹਨਾਂ ਨੇ ਅਜੀਬ ਸਮਝ ਦੀ ਨੁਮਾਇਸ਼ ਲਗਾਈ ਹੈ। ਇਹਨਾਂ ਦਾ ਕਹਿਣਾ ਹੈ, "ਦਰਮਿਆਨੇ ਕਿਸਾਨਾਂ ਨੂੰ ਉਹਨਾਂ ਦੇ 50% ਕਰਜ਼ੇ ਤੋਂ ਮੁਕਤ ਕਰਕੇ ਉਹਨਾਂ ਨੂੰ ਰਾਹਤ ਦਿੱਤੀ ਜਾਣੀ ਚਾਹੀਦੀ ਹੈ। ਇੱਕ ਵਾਰ ਪੇਂਡੂ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤ ਕਰਕੇ ਅੱਗੇ ਤੋਂ ਪੇਂਡੂ ਮਜ਼ਦੂਰਾਂ ਨੂੰ ਲੰਮੇ ਸਮੇਂ ਲਈ ਬਿਨਾਂ ਵਿਆਜ ਅਤੇ ਗਰੀਬ ਕਿਸਾਨੀ ਲਈ 4% ਸਲਾਨਾ ਵਿਆਜ ਦਰ ਉੱਤੇ ਕਰਜ਼ੇ ਦਿੱਤੇ ਜਾਣੇ ਚਾਹੀਦੇ ਹਨ। ਦਰਮਿਆਨੀ ਕਿਸਾਨੀ ਦਾ ਅੱਧਾ ਕਰਜ਼ਾ ਮੁਆਫ਼ ਕਰਕੇ ਬਾਕੀ ਦਾ 4% ਦੇ ਹਿਸਾਬ ਨਾਲ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ....।" ਅੱਗੇ ਇਹ ਲਿਖਦੇ ਹਨ, "ਕਰਜ਼ੇ ਦੇ ਮਸਲੇ ਨੂੰ ਨਜਿੱਠਣ ਲਈ ਅਪਣਾਏ ਇਸ ਜਮਾਤੀ ਨਜ਼ਰੀਏ ਨੂੰ ਕਿਸਾਨੀ ਦੇ ਹੋਰ ਮਸਲਿਆਂ ਸੰਬੰਧੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਖੇਤੀ ਸਬਸਿਡੀ ਦੀ ਮੰਗ ਜਿਵੇਂ ਬਿਜਲੀ, ਪਾਣੀ, ਖਾਦਾਂ, ਤੇਲ, ਕੀੜੇਮਾਰ ਦਵਾਈਆਂ ਅਤੇ ਨਦੀਨ ਨਾਸ਼ਕ ਦਵਾਈਆਂ, ਬੀਜਾਂ, ਮਸ਼ੀਨਰੀ ਆਦਿ ਗਰੀਬ ਅਤੇ ਦਰਮਿਆਨੀ ਕਿਸਾਨੀ ਲਈ ਹੋਣੀ ਚਾਹੀਦੀ ਹੈ।"

ਪੇਂਡੂ ਮਜ਼ਦੂਰਾਂ ਦੇ ਕਰਜ਼ੇ ਮੁਆਫ ਹੋਣ ਅਤੇ ਉਹਨਾਂ ਨੂੰ ਬਿਨਾਂ ਵਿਆਜ ਕਰਜ਼ੇ ਦਿੱਤੇ ਜਾਣ ਦੀ ਗੱਲ ਤਾਂ ਸਮਝ ਵਿੱਚ ਆਉਂਦੀ ਹੈ, ਕਿਉਂਕਿ ਅੱਜ ਦੀਆਂ ਹਾਲਤਾਂ ਵਿੱਚ ਇਸ ਵਰਗ ਨੂੰ ਪ੍ਰੀਭਾਸ਼ਤ ਕਰਨਾ ਮੁਕਾਬਲਤਨ ਅਸਾਨ ਹੈ। ਪਰ ਪਿੰਡਾਂ ਦੇ ਮਜ਼ਦੂਰ ਤਾਂ ਇਹਨਾਂ ਕਿਸਾਨਾਂ ਦੇ ਹੀ ਕਰਜ਼ਾਈ ਹਨ। ਨਾ ਸਿਰਫ ਧਨੀ ਕਿਸਾਨਾਂ ਦੇ ਸਗੋਂ ਦਰਮਿਆਨੇ ਕਿਸਾਨਾਂ ਦੇ ਵੀ। ਇਸ ਬਾਰੇ ਲਾਲ ਪਰਚਮ ਕਿਉਂ ਚੁੱਪ ਹੈ? ਉਸ ਨੇ ਕਦੇ ਕਿਸਾਨਾਂ ਨੂੰ ਮਜ਼ਦੂਰਾਂ ਦੇ ਕਰਜ਼ੇ ਮਾਫ਼ ਕਰਨ ਵਾਸਤੇ ਕਿਉਂ ਨਹੀਂ ਪ੍ਰੇਰਿਤ ਕੀਤਾ? ਪੇਂਡੂ ਮਜ਼ਦੂਰ ਪੰਜਾਬ ਦੇ ਪੇਂਡੂ ਖੇਤਰ ਦਾ ਸਭ ਤੋਂ ਲੁੱਟਿਆ ਲਤਾੜਿਆ ਹਿੱਸਾ ਹਨ। ਇਹਨਾਂ ਸੰਪੱਤੀਹੀਣਾਂ ਨੂੰ ਆਪਣੀਆਂ ਛੋਟੀਆਂ ਛੋਟੀਆਂ ਜ਼ਰੂਰਤਾਂ ਲਈ ਮਾਲਕ ਕਿਸਾਨੀ ਅੱਗੇ ਹੱਥ ਫੈਲਾਉਣਾ ਪੈਂਦਾ ਹੈ। ਚਾਹੇ ਗਮੀ ਦਾ ਮੌਕਾ ਹੋਵੇ ਜਾਂ ਖੁਸ਼ੀ ਦਾ ਪੇਂਡੂ ਮਜ਼ਦੂਰ ਕੋਲ ਕਰਜ਼ ਦਾ ਇੱਕ ਸਰੋਤ ਹੈ-ਮਾਲਕ ਕਿਸਾਨ। ਜੋ ਪੇਂਡੂ ਮਜ਼ਦੂਰਾਂ ਦੀ ਉਹਨਾਂ 'ਤੇ ਇਸ ਨਿਰਭਰਤਾ ਦਾ ਖੂਬ ਫਾਇਦਾ ਉਠਾਉਂਦੇ ਹਨ। ਮਨਮਰਜ਼ੀ ਦਾ ਵਿਆਜ ਲਗਾਕੇ ਉਹ ਪੇਂਡੂ ਮਜ਼ਦੂਰਾਂ ਤੋਂ ਪੀੜ੍ਹੀ ਦਰ ਪੀੜ੍ਹੀ ਕਰਜ਼ੇ ਦੇ ਸੂਦ ਵਿੱਚ ਹੀ ਕੰਮ ਕਰਵਾਉਂਦੇ ਹਨ। ਪਿੰਡ ਦਲੇਲ ਸਿੰਘ ਵਾਲਾ (ਮਾਨਸਾ) ਦੇ ਮਜ਼ਦੂਰਾਂ ਵਲੋਂ ਮਾਲਕ ਕਿਸਾਨਾਂ ਦੇ ਪੀੜ੍ਹੀ ਦਰ ਪੀੜ੍ਹੀ ਤੁਰੇ ਆਉਂਦੇ ਇਸ ਜਬਰ ਵਿਰੁੱਧ ਕੀਤੀ ਬਗਾਵਤ ਨੇ ਪੰਜਾਬ ਦੇ ਪੇਂਡੂ ਖੇਤਰ ਦੀ ਹਾਲਤ ਨੂੰ ਉਘਾੜ ਕੇ ਸਾਹਮਣੇ ਲੈ ਆਂਦਾ ਹੈ। ਪਰ "ਲਾਲ ਪਰਚਮ" ਅਤੇ ਇਸ ਭਾਈਚਾਰੇ ਦੇ ਹੋਰ ਪੇਪਰਾਂ ਕੋਲ ਇਹਨਾਂ ਮਜ਼ਦੂਰਾਂ ਦੀ ਮੁਕਤੀ ਦੀ ਕੋਈ ਠੋਸ ਕਾਰਜ ਯੋਜਨਾ ਨਹੀਂ ਹੈ। ਇਹ ਸਿਰਫ਼ ਛੁਰਲੀਆਂ ਹੀ ਛੱਡਦੇ ਹਨ ਕਿ ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕੀਤੇ ਜਾਣ। ਪਰ ਖੇਤ ਮਜ਼ਦੂਰ ਦੇ ਕਰਜ਼ੇ ਕੌਣ ਮੁਆਫ ਕਰੇ? ਇਸ ਬਾਰੇ ਇਹ ਮੱਕਾਰੀ ਭਰੀ ਚੁੱਪ ਧਾਰੀ ਰੱਖਦੇ ਹਨ। ਕਿਉਂ ਲਾਲ ਪਰਚਮ ਜਿਹਿਆਂ ਦਾ ਤੋਰੀ ਫੁਲਕਾ ਹੀ ਧਨੀ ਕਿਸਾਨੀ ਤੋਂ ਚੱਲਦਾ ਹੈ, ਇਸ ਲਈ ਖੇਤ ਮਜ਼ਦੂਰਾਂ ਦੀ ਮੁਕਤੀ ਦੀ ਠੋਸ ਕਾਰਜ ਯੋਜਨਾ ਦੀ ਚਰਚਾ ਨਾਲ ਇਹਨਾਂ ਦਾ ਜਮਾਤੀ ਅਧਾਰ ਹਿੱਲਦਾ ਹੈ। ਇਸ ਲਈ ਇਹ ਇੱਕ ਚੁੱਪ ਸੌ ਸੁੱਖ ਦੀ ਨੀਤੀ ਉੱਪਰ ਚੱਲਦੇ ਹਨ।

ਲਾਲ ਪਰਚਮ ਧਨੀ, ਦਰਮਿਆਨੇ ਅਤੇ ਗਰੀਬ ਕਿਸਾਨਾਂ ਨੂੰ ਪ੍ਰੀਭਾਸ਼ਤ ਕਰਨ ਲਈ ਕੀ ਪੈਮਾਨਾ ਵਰਤਦਾ ਹੈ, ਉਹ ਇਸ ਲੇਖ ਤੋਂ ਸਪੱਸ਼ਟ ਨਹੀਂ ਹੈ, ਹੁਣ ਤੱਕ ਪਰਚਮ ਅਤੇ ਇਸ ਭਾਈਚਾਰੇ ਦੇ ਹੋਰ ਲੋਕ ਜ਼ਮੀਨ ਦੀ ਮਾਲਕੀ ਨੂੰ ਹੀ ਕਿਸਾਨੀ ਦੀਆਂ ਵੱਖ-ਵੱਖ ਪਰਤਾਂ ਨੂੰ ਪ੍ਰੀਭਾਸ਼ਤ ਕਰਨ ਦਾ ਅਧਾਰ ਬਣਾਉਂਦੇ ਰਹੇ ਹਨ, ਪਰ ਇਸ ਵਿਧੀ ਦੀਆਂ ਆਪਣੀਆਂ ਦਿੱਕਤਾਂ



ਹਨ। ਜ਼ਮੀਨ ਦੀ ਇੱਕੋ ਜਿਹੀ ਮਾਲਕੀ ਹੋਣ ਦੇ ਬਾਵਜੂਦ ਕਿਸਾਨਾਂ ਦੀਆਂ ਜੀਵਨ ਹਾਲਤਾਂ ਵੱਖ ਵੱਖ ਹੋ ਸਕਦੀਆਂ ਹਨ। ਜਾਂ ਕਈ ਮਾਮਲਿਆਂ ਵਿੱਚ ਘੱਟ ਜ਼ਮੀਨ ਦਾ ਮਾਲਕ ਵਧੇਰੇ ਜ਼ਮੀਨ ਦੇ ਮਾਲਕ ਤੋਂ ਵਧੇਰੇ ਆਮਦਨ ਕਮਾ ਸਕਦਾ ਹੈ। ਜ਼ਮੀਨ ਦੀ ਗੁਣਵੱਤਾ ਦਾ ਵਖਰੇਵਾਂ, ਕਿਸਾਨਾਂ ਦੀ ਮਾਲਕੀ ਵਾਲੀ ਜ਼ਮੀਨ ਦੀ ਸ਼ਹਿਰੀ ਕੇਂਦਰਾਂ ਤੋਂ ਦੂਰੀ, ਕਿਸਾਨ ਪ੍ਰੀਵਾਰਾਂ ਵਿੱਚ ਨੌਕਰੀ ਪੇਸ਼ਾ ਮੈਂਬਰਾਂ ਜਾਂ ਵਿਦੇਸ਼ ਗਏ ਮੈਂਬਰਾਂ ਦਾ ਹੋਣਾ, ਜ਼ਮੀਨ ਦੀ ਮਾਲਕੀ ਦੇ ਅਧਾਰ ਉੱਪਰ ਕਿਸਾਨੀ ਦੀਆਂ ਵੱਖ-ਵੱਖ ਪਰਤਾਂ ਨੂੰ ਪ੍ਰੀਭਾਸ਼ਤ ਕਰਨ ਦੇ ਕੰਮ ਨੂੰ ਮੁਸ਼ਕਿਲ ਬਣਾ ਦੇਂਦਾ ਹੈ।

ਹੋ ਸਕਦਾ ਹੈ ਕਿ ਕਿਸੇ ਕਿਸਾਨ ਕੋਲ ਜ਼ਮੀਨ ਤਾਂ ਘੱਟ ਹੋਵੇ ਪਰ ਉਸ ਦੀ ਕੀਮਤ ਵਧੇਰੇ ਹੋਵੇ, ਜਿਵੇਂ ਪੰਜਾਬ ਦੇ ਦੋਆਬਾ ਖੇਤਰ ਦੇ ਕਈ ਇਲਾਕਿਆਂ ਵਿੱਚ ਜ਼ਮੀਨ ਦੀ ਕੀਮਤ ਬਹੁਤ ਜ਼ਿਆਦਾ (8 ਤੋਂ 10 ਲੱਖ ਪ੍ਰਤੀ ਏਕੜ) ਹੈ। ਇੱਥੇ ਦਾ ਬਹੁਤ ਥੋੜ੍ਹੀ ਜ਼ਮੀਨ ਦਾ ਮਾਲਕ ਵੀ ਮਾਲਵੇ ਦੇ ਪਛੜੇ ਹੋਏ ਜ਼ਿਲਿਆਂ ਦੇ ਵਧੇਰੇ ਜ਼ਮੀਨ ਦੇ ਮਾਲਕ ਤੋਂ ਵੱਧ ਅਮੀਰ ਹੈ। ਇਸ ਮਾਮਲੇ ਵਿੱਚ ਪਰਚਮ ਦੀ ਸੰਪਾਦਕ ਮੰਡਲੀ ਦੀ ਵਿਦਵਤਾ ਕੀ ਕਹਿੰਦੀ ਹੈ? ਪਰਚਮ ਦੇ ਪੈਮਾਨੇ ਅਨੁਸਾਰ ਤਾਂ ਦੁਆਬੇ ਦਾ ਘੱਟ ਜ਼ਮੀਨ ਵਾਲਾ ਮਾਲਵੇ ਦੇ ਵੱਡੇ ਜ਼ਮੀਨ ਮਾਲਕ ਤੋਂ ਵਧੇਰੇ ਫਾਇਦੇ ਵਿੱਚ ਰਹੇਗਾ।

ਕਈ ਛੋਟੇ ਕਿਸਾਨ ਪ੍ਰੀਵਾਰਾਂ ਦਾ ਕੋਈ ਨਾ ਕੋਈ ਮੈਂਬਰ ਨੌਕਰੀ ਪੇਸ਼ਾ ਜਾਂ ਵਿਦੇਸ਼ ਗਿਆ ਹੋ ਸਕਦਾ ਹੈ। ਇਸ ਮਾਮਲੇ ਵਿੱਚ ਪਰਚਮ ਦੀ ਸੰਪਾਦਕ ਮੰਡਲੀ ਕੀ ਕਰੇਗੀ? ਕੀ ਇਹਨਾਂ ਕਿਸਾਨਾਂ ਨੂੰ ਵੀ ਕਰਜ਼ੇ ਤੋਂ ਮੁਕਤੀ ਅਤੇ ਸਬਸਿਡੀ ਮਿਲਣੀ ਚਾਹੀਦੀ ਹੈ? ਵੱਡੇ ਸ਼ਹਿਰਾਂ ਲਾਗੇ ਪੈਂਦੇ ਪਿੰਡਾਂ ਵਿੱਚ ਜ਼ਮੀਨਾਂ ਦੀ ਕੀਮਤ ਬਹੁਤ ਜ਼ਿਆਦਾ ਹੈ, ਦੂਸਰੇ ਅਜਿਹੇ ਸ਼ਹਿਰਾਂ ਲਾਗੇ ਰਹਿੰਦੇ ਕਿਸਾਨ ਭਾਵੇਂ ਉਹਨਾਂ ਦੀ ਮਾਲਕੀ ਹੇਠ ਜ਼ਮੀਨ ਭਾਵੇਂ ਘੱਟ ਹੀ ਹੋਵੇ, ਪਰ ਨਕਦੀ ਫਸਲਾਂ (ਸਬਜ਼ੀਆਂ ਡੇਅਰੀ, ਪੋਲਟਰੀ ਆਦਿ) ਰਾਹੀਂ ਵਧੇਰੇ ਆਮਦਨ ਹਾਸਲ ਕਰ ਲੈਂਦੇ ਹਨ। ਇਸ ਗੁੰਝਲ ਦਾ ਪਰਚਮ ਕੋਲ ਕੀ ਹੱਲ ਹੈ? ਕੀ ਇਹਨਾਂ ਕਿਸਾਨਾਂ ਨੂੰ ਵੀ ਕਰਜ਼ੇ ਤੋਂ ਮੁਕਤੀ ਅਤੇ ਸਬਸਿਡੀ ਮਿਲਣੀ ਚਾਹੀਦੀ ਹੈ? ਸੰਖੇਪ ਵਿੱਚ ਕਿਹਾ ਜਾਵੇ ਤਾਂ ਪਰਚਮ ਦੀ ਕਰਜ਼ਾ ਮੁਕਤੀ ਅਤੇ ਖੇਤੀ ਸਬਸਿਡੀਆਂ ਸੰਬੰਧੀ ਕਾਰਜ ਯੋਜਨਾ ਬੰਦ ਕਮਰੇ 'ਚ ਤਿਆਰ ਕੀਤੀ ਗਈ ਹੈ, ਇਹ ਜ਼ਮੀਨੀ ਹਕੀਕਤਾਂ ਤੋਂ ਟੁੱਟੀ, ਹਵਾਈ ਯੋਜਨਾ ਹੈ, ਇਹ ਇੱਕ ਅੰਤਰ ਵਿਰੋਧਾਂ ਦਾ ਪੁਲੰਦਾ ਹੈ।

ਪਰਚਮ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਵੱਖਰੀ ਜਥੇਬੰਦੀ ਬਣਾਉਣ ਦਾ ਸੁਝਾਅ ਦਿੰਦਾ ਹੈ (ਬੇਸ਼ੱਕ ਅਸਪਸ਼ਟ ਰੂਪ ਵਿੱਚ)। ਅਜਿਹਾ ਇਸ ਲਈ ਕਿਉਂਕਿ, "ਅਜੋਕੀ ਹਾਲਤ ਵਿੱਚ ਪੰਜਾਬ ਦੀ ਕਿਸਾਨ ਲਹਿਰ ਗਰੀਬ ਅਤੇ ਦਰਮਿਆਨੀ ਕਿਸਾਨੀ ਦੇ ਹਿੱਤਾਂ ਅਨੁਸਾਰ ਆਪਣਾ ਰੁੱਖ ਤੈਅ ਕਰਨ ਤੋਂ ਭਟਕ ਗਈ ਹੈ। ਇਸ ਦੀ ਲੀਡਰਸ਼ਿਪ ਅੰਦਰ ਪੇਂਡੂ ਸਰਮਾਏਦਾਰਾਂ, ਖੇਤੀਬਾੜੀ ਤੋਂ ਬਿਨਾਂ ਹੋਰ ਕਿੱਤੇ ਵਾਲੇ ਵਪਾਰੀ ਅਤੇ ਸਰਮਾਏਦਾਰ ਅਨਸਰਾਂ ਦੀ ਕਾਫੀ ਭਰਮਾਰ ਹੈ, ਜਿਸ ਅੰਦਰ ਪੇਂਡੂ ਧਨਾਢਾਂ ਵਾਲੀ ਹਉਮੈ, ਮੌਕਾਪ੍ਰਸਤੀ ਅਤੇ ਹਾਕਮ ਜਮਾਤਾਂ ਦੀਆਂ ਸਰਕਾਰਾਂ, ਉਹਨਾਂ ਦੇ ਸਿਆਸੀ ਆਗੂਆਂ ਅਤੇ ਅਫਸਰਸ਼ਾਹੀ ਦੀ ਚਾਪਲੂਸੀ ਕਰਨ ਵਾਲੀਆਂ ਕਮਜ਼ੋਰੀਆਂ ਘਰ ਕਰੀ ਬੈਠੀਆਂ ਹਨ। ਇਸ ਕਰਕੇ ਕਿਸਾਨ ਲਹਿਰ ਨੂੰ ਅਜਿਹੇ ਦਾਅ ਲਾਊ ਅਨਸਰਾਂ ਤੋਂ ਮੁਕਤ ਕਰਵਾਉਣ ਲਈ ਅਤੇ ਇਸ ਨੂੰ ਛੋਟੇ ਅਤੇ ਦਰਮਿਆਨੇ ਕਿਸਾਨ ਅਤੇ ਖਾਸ ਕਰ ਗਰੀਬ ਕਿਸਾਨਾਂ ਪੱਖੀ ਮੋੜਾ ਦੇਣ ਦਾ ਕਾਰਜ ਗੰਭੀਰ ਰੂਪ ਵਿੱਚ ਉੱਭਰ ਕੇ ਸਾਹਮਣੇ ਆ ਚੁੱਕਾ ਹੈ।"

ਪਰ ਹੁਣ ਤੱਕ ਤਾਂ ਪਰਚਮ ਭਾਰਤੀ ਕਿਸਾਨ ਯੂਨੀਅਨ (ਪਿਸ਼ੌਰਾ ਗਰੁੱਪ) ਦਾ ਸਮਰਥਕ ਹੈ, ਜਿਸ ਵਿੱਚ ਉਪਰੋਕਤ ਸਭ ਅਲਾਮਤਾਂ ਮੌਜੂਦ ਹਨ, ਜਿਸਦਾ ਪਰਚਮ ਨੇ ਰੋਣਾ ਰੋਇਆ ਹੈ। ਪੰਜਾਬ ਦੀ ਕਿਸਾਨ "ਲਹਿਰ" ਵਿੱਚ ਉਪਰੋਕਤ ਭਟਕਾਵਾਂ ਦੀ ਚਰਚਾ ਤਾਂ ਪਰਚਮ ਦਹਾਕੇ ਭਰ ਤੋਂ ਕਰ ਰਿਹਾ ਹੈ, ਪਰ ਇਸ ਸਭ ਦੇ ਬਾਵਜੂਦ ਇਹ ਬੀ. ਕੇ. ਯੂ. ਦੇ ਪਿਸ਼ੌਰਾ ਗਰੁੱਪ ਦਾ ਹਮਾਇਤੀ ਤੁਰਿਆ ਆ ਰਿਹਾ ਹੈ। ਕੀ ਬੀ. ਕੇ. ਯੂ. ਪਿਸ਼ੌਰਾ ਦਾ ਜਮਾਤੀ ਪੈਂਤੜਾ ਪੇਂਡੂ ਸਰਮਾਏਦਾਰੀ ਵਾਲਾ

ਨਹੀਂ? ਇਹ ਸਭ ਜਾਣਦੇ ਹੋਏ ਵੀ ਪਰਚਮ ਨੇ ਇਸ ਨਾਲੋਂ ਨਾਤਾ ਕਿਉਂ ਨਹੀਂ ਤੋੜਿਆ? ਇਸ ਨੂੰ ਹੀ ਤਾਂ ਕਹਿੰਦੇ ਹਨ ਕਹਿਣਾ ਕੁਝ ਹੋਰ ਅਤੇ ਕਮਾਉਣਾ ਕੁਝ ਹੋਰ।

ਪਹਿਲੀ ਗੱਲ ਤਾਂ ਇਹ ਕਿ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀ ਅਲੱਗ ਜਥੇਬੰਦੀ ਦੀ ਗੱਲ ਕਰਨਾ ਹਵਾਈ ਕਿਲੇ ਉਸਾਰਨਾ ਹੀ ਹੈ। ਇਹ ਮੁਮਕਿਨ ਨਹੀਂ ਹੈ। ਜੇਕਰ ਇਹ ਮੁਮਕਿਨ ਹੋ ਵੀ ਜਾਵੇ ਤਾਂ ਇਸ ਦਾ ਖਾਸਾ ਵੀ ਪਿਛਾਂਹ ਖਿੱਚੂ ਹੀ ਹੋਵੇਗਾ। ਕਿਉਂਕਿ ਵੱਖਰੇ ਜਥੇਬੰਦ ਹੋ ਕੇ ਵੀ ਗਰੀਬ ਅਤੇ ਦਰਮਿਆਨੇ ਕਿਸਾਨ ਪੂੰਜੀਵਾਦ ਦੇ ਚੌਤਰਫਾ ਹਮਲੇ ਤੋਂ ਖੁਦ ਨੂੰ ਬਚਾਉਣ ਦੀਆਂ ਪਿਛਾਂਹ ਖਿੱਚੂ ਕੋਸ਼ਿਸ਼ਾਂ ਹੀ ਕਰਨਗੇ। *"ਉਹਨਾਂ ਸਾਰੀਆਂ ਜਮਾਤਾਂ ਵਿਚੋਂ ਜਿਹੜੀਆਂ ਅੱਜ ਬੁਰਜੂਆਜੀ ਦੇ ਮੂੰਹ ਦਰ ਮੂੰਹ ਖੜ੍ਹੀਆਂ ਹਨ, ਕੇਵਲ ਪ੍ਰੋਲੇਤਾਰੀ ਇੱਕ ਸੱਚਮੁੱਚ ਇਨਕਲਾਬੀ ਜਮਾਤ ਹੈ। ਨਵੀਨ ਸਨਅਤ ਦੇ ਸਨਮੁੱਖ ਹੋਰ ਜਮਾਤਾਂ ਨਿੱਘਰ ਜਾਂਦੀਆਂ ਹਨ ਅਤੇ ਲੋਪ ਹੋ ਜਾਂਦੀਆਂ ਹਨ, ਪ੍ਰੋਲੇਤਾਰੀ ਇਹਦੀ ਵਿਸ਼ੇਸ਼ ਅਤੇ ਲਾਜ਼ਮੀ ਉਪਜ ਹੈ।, ਹੇਠਲੀ ਮੱਧ ਸ਼੍ਰੇਣੀ, ਕਾਰਖਾਨੇਦਾਰ, ਦੁਕਾਨਦਾਰ, ਦਸਤਕਾਰ, ਕਿਸਾਨ, ਸਾਰੇ ਮੱਧ ਵਰਗ ਦੇ ਹਿੱਸਿਆਂ ਵਜੋਂ ਆਪਣੀ ਹੋਂਦ ਖਤਮ ਹੋਣ ਤੋਂ ਬਚਾਉਣ ਲਈ ਬੁਰਜੂਆਜ਼ੀ ਵਿਰੁੱਧ ਲੜਦੇ ਹਨ। ਇਸ ਲਈ ਉਹ ਇਨਕਲਾਬੀ ਨਹੀਂ ਸਗੋਂ ਪੁਰਾਤਨ ਖਿਆਲੀ ਹਨ। ਨਹੀਂ ਇਸ ਤੋਂ ਵੀ ਵੱਧ ਉਹ ਪਿਛਾਂਖਿੱਚੂ ਹਨ, ਕਿਉਂਕਿ ਉਹ ਇਤਿਹਾਸ ਦਾ ਚੱਕਾ ਪਿਛਾਂਹ ਵੱਲ ਮੋੜਨ ਦਾ ਯਤਨ ਕਰਦੇ ਹਨ।"* (ਮਾਰਕਸ, ਏਂਗਲਜ਼-ਕਮਿਊਨਿਸਟ ਮੈਨੀਫੈਸਟੋ) ਭਾਵੇਂ ਲਾਲ ਪਰਚਮ ਨੇ ਧਨੀ ਕਿਸਾਨਾਂ ਤੋਂ ਦੂਰੀ ਬਣਾਉਣ ਦਾ ਦਿਖਾਵਾ ਕੀਤਾ ਹੈ, ਪਰ ਇਸ ਨੇ ਜਿਣਸਾਂ ਦੇ ਵਾਜਿਬ ਭਾਵਾਂ (ਦੂਸਰੇ ਸ਼ਬਦਾਂ ਵਿੱਚ ਲਾਭਕਾਰੀ ਭਾਵਾਂ) ਦੀ ਮੰਗ ਨਾਲੋਂ ਨਾਤਾ ਨਹੀਂ ਤੋੜਿਆ। ਜਿਣਸਾਂ ਦੇ ਲਾਭਕਾਰੀ ਮੁੱਲਾਂ ਦੀ ਮੰਗ ਮੁੱਖ ਤੌਰ ਉੱਤੇ ਪੇਂਡੂ ਸਰਮਾਏਦਾਰਾਂ ਦੀ ਮੰਗ ਹੈ। ਇਹਨਾਂ ਨੂੰ ਹੀ ਫਸਲਾਂ ਦੇ ਭਾਅ ਵਧਣ ਤੋਂ ਸਭ ਤੋਂ ਵੱਧ ਫਾਇਦਾ ਹੁੰਦਾ ਹੈ। ਇਸ ਤਰ੍ਹਾਂ ਸਭ ਦਿਖਾਵੇ ਦੇ ਬਾਵਜੂਦ ਪਰਚਮ ਪੇਂਡੂ ਸਰਮਾਏਦਾਰੀ ਦਾ ਝੋਲੀ ਚੁੱਕ ਬਣਨ ਤੋਂ ਨਹੀਂ ਖੁੰਝਿਆ।

ਪਰਚਮ ਦਾ ਇਹ ਸਾਰਾ ਲੇਖ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਬਚਾਉਣ ਦੀ ਚੀਕ-ਪੁਕਾਰ ਨਾਲ ਭਰਿਆ ਹੋਇਆ ਹੈ। ਆਪਣੀ ਇਸ ਪਿਛਾਖੜੀ ਕਾਰਜ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਅਨੇਕਾਂ ਹਾਸੋਹੀਣੀਆਂ ਤਜਵੀਜ਼ਾਂ ਪੇਸ਼ ਕੀਤੀਆਂ ਹਨ, ਜਿਵੇਂ ਕਿ ਫਸਲਾਂ ਦੇ ਵਾਜਿਬ ਭਾਅ, ਖੇਤੀ ਸਬਸਿਡੀਆਂ, ਕਰਜ਼ਾ ਮੁਕਤੀ, ਘੱਟ ਵਿਆਜ ਉੱਪਰ ਕਰਜ਼ੇ ਅਤੇ ਸਭ ਤੋਂ ਮਹੱਤਵ ਪੂਰਨ ਹੈ ਸਹਿਕਾਰੀ ਖੇਤੀ। ਇਸ ਸਬੰਧ ਵਿੱਚ ਪਰਚਮ ਦੀ ਸਥਿਤੀ ਆਪਦੇ ਨਵ ਜਮਹੂਰੀ ਭਾਈਚਾਰੇ ਤੋਂ ਵੱਖਰੀ ਹੈ। ਸਮਕਾਲੀ ਦਿਸ਼ਾ ਨੂੰ ਛੱਡਕੇ, ਕਿਉਂਕਿ ਦਿਸ਼ਾ ਪੰਜਾਬ ਦੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ ਨੂੰ ਮੰਨਦੀ ਹੈ ਅਤੇ ਪਰਚਮ ਵਾਂਗ ਹੀ ਛੋਟੇ ਕਿਸਾਨਾਂ ਨੂੰ ਬਚਾਉਣ ਲਈ ਸਹਿਕਾਰੀ ਖੇਤੀ ਦੀ ਵਕਾਲਤ ਕਰਦੀ ਹੈ। ਕਿਉਂਕਿ ਨਵ ਜਮਹੂਰੀਏ ਤਾਂ ਮੰਨਦੇ ਹੀ ਨਹੀਂ ਕਿ ਪੰਜਾਬ ਜਾਂ ਹਿੰਦੁਸਤਾਨ ਵਿੱਚ ਮਾਲਿਕ ਕਿਸਾਨ ਵੀ ਹਨ, ਅਜੇ ਤਾਂ ਇਹਨਾਂ ਨੇ "ਜ਼ਮੀਨ ਹਲਵਾਹਕ ਦੀ" ਦੇ ਨਾਹਰੇ ਉੱਪਰ ਜ਼ਮੀਨ ਦੀ ਕਿਸਾਨਾਂ ਵਿੱਚ ਵੰਡ ਕਰਨੀ ਹੈ, ਫੇਰ ਕਿਤੇ ਜਾ ਕੇ ਸਹਿਕਾਰੀ ਖੇਤੀ ਦਾ ਸਵਾਲ ਪੈਦਾ ਹੋਵੇਗਾ। ਪਰ ਪਰਚਮ ਦਾ ਤਾਂ ਮੰਨਣਾ ਹੈ ਕਿ ਪੰਜਾਬ ਦੀ ਜ਼ਰਈ ਆਰਥਿਕਤਾ ਵਿੱਚ ਸਰਮਾਏਦਾਰਾਨਾ ਰਿਸ਼ਤੇ ਭਾਰੂ ਹਨ, ਮਾਲਕ ਕਿਸਾਨ ਹੋਂਦ ਵਿੱਚ ਆ ਚੁੱਕੇ ਹਨ, ਹੁਣ ਜਦੋਂ ਸਰਮਾਏਦਾਰਾਨਾ ਰਿਸ਼ਤਿਆਂ ਦੇ ਹੀ ਤਰਕ ਵਜੋਂ ਛੋਟੇ ਕਿਸਾਨ ਉੱਜੜ ਰਹੇ ਹਨ ਤਾਂ ਪਰਚਮ ਤੋਂ ਉਹਨਾਂ ਦਾ ਦੁੱਖ ਦਰਦ ਬਰਦਾਸ਼ਤ ਨਹੀਂ ਹੁੰਦਾ ਹੈ। ਇਸ ਲਈ ਇਹਨਾਂ ਨੇ ਕਿਸਾਨਾਂ ਨੂੰ ਬਚਾਉਣ ਲਈ ਸਹਿਕਾਰੀ ਖੇਤੀ ਦੀ ਯੋਜਨਾ ਬਣਾਈ ਹੈ, ਜਿਸ ਨਾਲ ਕਿਸਾਨ ਆਪਣੀਆਂ ਲਾਗਤਾਂ ਘਟਾ ਕੇ ਆਪਣੇ ਮੁਨਾਫ਼ੇ ਵਧਾਕੇ ਪੂੰਜੀ ਦੇ ਹਮਲੇ ਤੋਂ ਬਚ ਜਾਣਗੇ। ਬਾਅਦ ਵਿੱਚ ਇਹ ਮੁਨਾਫਾਖੋਰ ਕਿਸਾਨ ਆਪਣੇ ਬਣੇ ਬਣਾਏ ਸਹਿਕਾਰੀ ਫਾਰਮਾਂ ਸਮੇਤ ਹੀ ਸਮਾਜਵਾਦ ਵਿੱਚ ਪ੍ਰਵੇਸ਼ ਕਰ ਜਾਣਗੇ। ਇਸ ਤਰ੍ਹਾਂ



"ਲਾਲ ਪਰਚਮ" ਦੀ ਸੰਪਾਦਕ ਮੰਡਲੀ ਨੂੰ ਸਮਾਜਵਾਦੀ ਸਮਾਜ ਵਿੱਚ ਖੇਤੀ ਦੇ ਸਾਂਝੀਕਰਨ ਦੇ ਝੰਜਟ ਤੋਂ ਛੁਟਕਾਰਾ ਮਿਲ ਜਾਵੇਗਾ। ਪਰਚਮ ਦੀ ਸੰਪਾਦਕ ਮੰਡਲੀ ਦੀ ਕੁਸ਼ਲਤਾ ਦੀ ਦਾਦ ਦੇਣੀ ਬਣਦੀ ਹੈ, ਜੋ ਭਵਿੱਖ ਦੇ ਕੰਮ ਵੀ ਵਰਤਮਾਨ ਵਿੱਚ ਹੀ ਨਿਪਟਾ ਲੈਣਾ ਚਾਹੁੰਦੀ ਹੈ। ਪਰ ਅਫਸੋਸ ਪਰਚਮ ਦੀਆਂ ਇਹਨਾਂ ਕਾਰਜ ਯੋਗਨਾਵਾਂ ਦਾ ਨਾ ਤਾਂ ਕੋਈ ਵਰਤਮਾਨ ਹੈ ਅਤੇ ਨਾ ਹੀ ਕੋਈ ਭਵਿੱਖ। ਸਰਮਾਏਦਾਰੀ ਪ੍ਰਬੰਧ ਜਿੱਥੇ ਸਾਂਝਾ ਪਰਿਵਾਰ ਅਤੇ ਫਿਰ ਇਕਹਿਰਾ ਪਰਿਵਾਰ (ਨਿਊਕਲੀਅਰ) ਤੱਕ ਟਿਕ ਨਹੀਂ ਪਾ ਰਿਹਾ, ਉੱਥੇ ਇਹ ਸ੍ਰੀਮਾਨ ਸਹਿਕਾਰੀ ਖੇਤੀ ਦੇ ਸੁਪਨੇ ਵੇਖ ਰਹੇ ਹਨ। ਇਹ ਮਾਰਕਸ ਤੋਂ ਲੈ ਕੇ ਮਾਓ ਤੱਕ ਦੇ ਚੇਲੇ ਹੋਣ ਦੇ ਦਾਅਵੇ ਕਰਦੇ ਹਨ, ਪਰ ਕਦੇ ਵੀ ਉਹਨਾਂ ਦੀ ਸਿੱਖਿਆਵਾਂ ਨੂੰ ਜਾਣਨ ਅਤੇ ਉਹਨਾਂ ਉੱਪਰ ਅਮਲ ਕਰਨ ਦਾ ਤਰੱਦਦ ਨਹੀਂ ਕਰਦੇ।

ਰੂਸ ਦੇ ਨਰੋਦਨਿਕ ਜੋ ਛੋਟੇ ਕਿਸਾਨ ਵਿੱਚ ਆਪਸੀ ਸਾਂਝ-ਸਹਿਕਾਰਤਾ ਦੀ ਭਾਵਨਾ ਉੱਪਰ ਲੱਟੂ ਹੋਏ ਪਏ ਸਨ, ਬਾਰੇ ਲੈਨਿਨ ਨੇ ਕੀ ਲਖਿਆ ਇਹ ਸ਼ਾਇਦ ਪਰਚਮ ਦੀ ਸੰਪਾਦਕ ਮੰਡਲੀ ਭੁੱਲ ਚੁੱਕੀ ਹੈ। ਇਹਨਾਂ ਦੀ ਯਾਦਦਾਸ਼ਤ ਨੂੰ ਨਵਿਆਉਣ ਲਈ ਲੈਨਿਨ ਦੀ ਮੱਦਦ ਲੈਣਾ ਜ਼ਰੂਰੀ ਹੈ। ਲੈਨਿਨ ਲਿਖਦੇ ਹਨ, *"ਐਂਗਲਹਾਰਤ ਛੋਟੇ ਕਿਸਾਨ ਦੇ ਹੈਰਾਨੀਜਨਕ ਵਿਅਕਤੀਵਾਦ ਨੂੰ ਨਸ਼ਰ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਉਹ ਵਿਸਥਾਰ ਸਹਿਤ ਦੱਸਦਾ ਹੈ ਕਿ ਸਾਡੇ ਕਿਸਾਨ ਵਿੱਚ, "ਮਾਲਕੀ ਦੇ ਮਾਮਲੇ ਵਿੱਚ ਸੰਪੱਤੀ ਦੀ ਸਭ ਤੋਂ ਪ੍ਰਚੰਡ.ਭਾਵਨਾ ਹੈ", ਕਿ ਉਹ "ਸਮੂਹਿਕ ਕਿਰਤ" ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਇਸ ਨੂੰ ਤੰਗ ਸਵਾਰਥੀ ਅਤੇ ਅਭਿਮਾਨੀ ਮਨੋਰਥਾਂ ਕਾਰਨ ਨਫਰਤ ਕਰਦੇ ਹਨ। ਸਮੂਹਕ ਕਿਰਤ ਵਿੱਚ "ਦੂਸਰਿਆਂ ਤੋਂ ਵਧੇਰੇ ਕੰਮ ਕਰਨ ਤੋਂ ਡਰਦੇ ਹਨ।" ਕਈ ਵਾਰ ਦੂਸਰਿਆਂ ਤੋਂ ਵਧੇਰੇ ਕੰਮ ਕਰਨ ਦਾ ਡਰ ਕਾਮੇਦੀ ਦੀ ਹੱਦ ਤੱਕ ਪਹੁੰਚ ਜਾਂਦਾ ਹੈ, ਲੇਖਕ ਅਜਿਹੀਆਂ ਔਰਤਾਂ ਬਾਰੇ ਦੱਸਦਾ ਹੈ, ਜਿਹਨਾਂ ਵਿੱਚੋਂ ਹਰ ਕੋਈ ਮੇਜ਼ ਦਾ ਸਿਰਫ ਉਨਾ ਹਿੱਸਾ ਹੀ ਸਾਫ਼ ਕਰਦੀ ਹੈ, ਜਿੰਨੇ ਉੱਪਰ ਉਸਨੇ ਖਾਣਾ ਖਾਧਾ ਹੁੰਦਾ ਹੈ, ਜਦੋਂ ਗਾਵਾਂ ਚੋਣ ਦੀ ਵਾਰੀ ਆਉਂਦੀ ਹੈ, ਹਰ ਕੋਈ ਆਪਣੇ ਬੱਚੇ ਵਾਸਤੇ ਦੁੱਧ ਚੁਰਾਉਂਦੀ ਹੈ। (ਇਸ ਡਰੋਂ ਕਿ ਦੂਸਰਿਆਂ ਨੇ ਜ਼ਰੂਰ ਹੀ ਦੁੱਧ ਚੁਰਾਇਆ ਹੋਵੇਗਾ) ਅਤੇ ਆਪਣੇ ਬੱਚੇ ਵਾਸਤੇ ਵੱਖਰਾ ਦਲੀਆ ਬਣਾਉਂਦੀ ਹੈ।* (ਲੈਨਿਨ-ਸਲੈਕਟਡ ਵਰਕਸ, ਜਿਲਦ ਪਹਿਲੀ, ਪੰਨਾ 69, ਅਨੁਵਾਦ ਸਾਡਾ)

ਇਹ ਹੈ ਕਿਸਾਨਾਂ ਦੀ ਸਹਿਕਾਰ ਭਾਵਨਾ ਜਿਸ ਜ਼ਮੀਨ ਉੱਪਰ ਪਰਚਮ ਦੀ ਸੰਪਾਦਕ ਮੰਡਲੀ ਆਪਣੇ ਸੁਪਨਿਆਂ ਦਾ ਮਹਿਲ ਉਸਾਰਨਾ ਚਾਹੁੰਦੀ ਹੈ। ਅਸਲ ਵਿੱਚ ਛੋਟੇ ਪੈਮਾਨੇ ਦੀ ਮਾਲਕੀ ਆਪਣੇ ਆਪ ਵਿੱਚ ਹੀ ਕਿਰਤ ਦੀ ਸਹਿਕਾਰਤਾ ਦਾ ਨਿਖੇਧ ਹੈ, ਇਹ ਸਹਿਕਾਰਤਾ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ, ਛੋਟੇ ਪੈਮਾਨੇ ਦੀ ਮਾਲਕੀ ਦਾ ਖਾਤਮਾ ਕਿਰਤ ਦੀ ਸਹਿਕਾਰਤਾ ਦੀ ਪੂਰਵ ਸ਼ਰਤ ਹੈ। ਮਾਰਕਸ ਲਿਖਦੇ ਹਨ, *"ਬੇਸ਼ੱਕ ਉਤਪਾਦਨ ਦਾ ਛੋਟਾ ਢੰਗ ਗੁਲਾਮਦਾਰੀ, ਨੀਮ ਗੁਲਾਮਦਾਰੀ ਅਤੇ ਨਿਰਭਰਤਾ ਦੀ ਹੋਰਨਾਂ ਹਾਲਤਾਂ ਵਿੱਚ ਵੀ ਹੁੰਦਾ ਹੈ। ਪਰ ਕੇਵਲ ਉਸ ਥਾਂ ਹੀ ਤਰੱਕੀ ਕਰਦਾ ਹੈ, ਆਪਣੀ ਸਾਰੀ ਸ਼ਕਤੀ ਕੰਮ ਵਿੱਚ ਲਾਉਂਦਾ ਹੈ, ਆਪਣੀ ਕਲਾਸੀਕਲ ਸ਼ਕਲ ਅਖਤਿਆਰ ਕਰਦਾ ਹੈ, ਜਿੱਥੇ ਕਿ ਕਿਰਤੀ ਆਪਣੇ ਕਿਰਤ ਦੇ ਸਾਧਨਾਂ ਦਾ.........ਨਿੱਜੀ ਮਾਲਕ ਹੁੰਦਾ ਹੈ, ਕਿਸਾਨ ਉਸੇ ਜ਼ਮੀਨ ਦਾ ਮਾਲਕ ਹੁੰਦਾ ਹੈ ਜਿਸਨੂੰ ਉਹ ਬੀਜਦਾ ਹੈ, ਦਸਤਕਾਰ ਉਸ ਸੰਦ ਦਾ ਜਿਸ ਨੂੰ ਉਹ ਮਾਹਿਰਾਂ ਦੀ ਤਰ੍ਹਾਂ ਵਰਤਦਾ ਹੈ। ਉਤਪਾਦਨ ਦੇ ਇਸ ਢੰਗ ਦੀ ਮੁੱਢਲੀ ਮਨੌਤ ਜ਼ਮੀਨ ਦੇ ਟੁਕੜੇ ਟੁਕੜੇ ਹੋਣਾ, ਅਤੇ ਉਤਪਾਦਨ ਦੇ ਹੋਰਨਾਂ ਸਾਧਨਾਂ ਦਾ ਖਿੰਡ ਪੁੰਡ ਜਾਣਾ ਹੈ, ਕਿਉਂ ਜੋ ਇਹ ਉਤਪਾਦਨ ਦੇ ਸਾਧਨਾਂ ਦੇ ਇੱਕ ਥਾਂ ਇਕੱਠੇ ਹੋਣ ਦੀ ਸੰਭਾਵਨਾ ਨੂੰ ਖਾਰਜ ਕਰਦਾ ਹੈ ਇਸੇ ਤਰ੍ਹਾਂ ਇਹ ਸਹਿਕਾਰਤਾ, ਉਤਪਾਦਨ ਦੇ* ਹੋਰ ਵੱਖ ਵੱਖ ਅਮਲ ਅੰਦਰ ਕਿਰਤਾਂ ਦੀ ਵੰਡ...............ਨੂੰ ਵੀ ਖਾਰਜ ਕਰਦਾ ਹੈ।"

(ਪੂੰਜੀ, ਜਿਲਦ ਪਹਿਲੀ, ਪੰਨਾ 821) ਲੈਨਿਨ ਦੇ ਹਵਾਲੇ ਨਾਲ ਪੂੰਜੀਵਾਦੀ ਪ੍ਰਬੰਧ ਵਿੱਚ ਖੇਤੀ ਸਹਿਕਾਰਤਾ ਦੀ ਅਸਲੀਅਤ ਨੂੰ ਹੋਰ ਵੀ ਠੀਕ ਢੰਗ ਨਾਲ ਸਮਝਿਆ ਜਾ ਸਕਦਾ ਹੈ। ਲੈਨਿਨ ਲਿਖਦੇ ਹਨ, *"ਛੋਟੀ ਜ਼ਮੀਨ ਮਾਲਕੀ ਆਪਣੇ ਖਾਸੇ ਕਾਰਨ ਹੀ ਕਿਰਤ ਦੀ ਸਮਾਜਕ ਉਤਪਾਦਨਕਾਰੀ ਸ਼ਕਤੀਆਂ, ਕਿਰਤ ਦੇ ਸਮਾਜਕ ਰੂਪਾਂ, ਪੂੰਜੀ ਦੇ ਕੇਂਦਰੀਕਰਨ, ਵੱਡੇ ਪੈਮਾਨੇ 'ਤੇ ਪਸ਼ੂ ਪਾਲਣ ਅਤੇ ਵਿਗਿਆਨ ਦੀ ਵਧਦੀ ਵਰਤੋਂ ਦਾ ਵਿਕਾਸ ਨਹੀਂ ਹੋਣ ਦਿੰਦੀ। ਸ਼ਾਹੂਕਾਰ ਅਤੇ ਟੈਕਸ ਪ੍ਰਣਾਲੀ ਇਸਨੂੰ ਲਾਜ਼ਮੀ ਹੀ ਹਰ ਥਾਂ ਕੰਗਾਲ ਕਰਦੀ ਹੈ। ਜ਼ਮੀਨ ਦੀ ਖਰੀਦ ਲਈ ਪੂੰਜੀ ਦਾ ਖਰਚਾ ਇਸ ਪੂੰਜੀ ਨੂੰ ਵਾਹੀ ਤੋਂ ਬਾਹਰ ਕੱਢ ਲੈਂਦਾ ਹੈ। ਉਤਪਾਦਨ ਦੇ ਸਾਧਨਾਂ ਦਾ ਅਣਗਿਣਤ ਟੋਟਿਆਂ ਵਿੱਚ ਵੰਡਿਆ ਜਾਣਾ ਅਤੇ ਖੁਦ ਉਤਪਾਦਕਾਂ ਦਾ ਖੇਰੂੰ ਖੇਰੂੰ ਹੋ ਜਾਣਾ।"* (ਸਹਿਕਾਰੀ ਸਭਾਵਾਂ ਬੇਹੱਦ ਅਗਾਂਹਵਧੂ ਬੁਰਜੂਆ ਰੋਲ ਅਦਾ ਕਰਦੀਆਂ ਹੋਈਆਂ ਇਸ ਰੁਝਾਨ ਨੂੰ ਖਤਮ ਕੀਤੇ ਬਿਨਾਂ ਸਿਰਫ਼ ਇਸ ਨੂੰ ਕਮਜ਼ੋਰ ਹੀ ਕਰਦੀਆਂ ਹਨ, ਨਾ ਹੀ ਇਹ ਗੱਲ ਭੁੱਲਣੀ ਚਾਹੀਦੀ ਹੈ ਕਿ ਸਹਿਕਾਰੀ ਸਭਾਵਾਂ ਰੱਜੇ ਪੁੱਜੇ ਕਿਸਾਨਾਂ ਲਈ ਬੜਾ ਕੁਝ ਕਰਦੀਆਂ ਹਨ ਅਤੇ ਗਰੀਬ ਕਿਸਾਨਾਂ ਦੇ ਸਮੂਹ ਲਈ ਬਹੁਤ ਘੱਟ, ਕੁਝ ਲੱਗਭਗ ਕੁਝ ਨਾ ਦੇ ਬਰਾਬਰ ਕਰਦੀਆਂ ਹਨ, ਫਿਰ ਸਭਾਵਾਂ ਖੁਦ ਭਾੜੇ ਉੱਤੇ ਲੱਗੀ ਕਿਰਤ ਦੀ ਲੁੱਟ ਖਸੁੱਟ ਕਰਨ ਵਾਲੀਆਂ ਬਣ ਜਾਂਦੀਆਂ ਹਨ।" (ਕਾਰਲ ਮਾਰਕਸ ਅਤੇ ਉਸ ਦੀ ਸਿੱਖਿਆ, ਪੰਨਾ 33-34 ਜ਼ੋਰ ਸਾਡਾ)

ਕੁੱਲ ਮਿਲਾ ਕੇ ਕਹਿਣਾ ਹੋਵੇ ਤਾਂ ਪਰਚਮ ਦੀ ਕਿਸਾਨ "ਸੇਧ" ਹਵਾਈ ਹੈ ਅਤੇ ਇਸ ਦਾ ਖਾਸਾ ਪਿਛਾਂਹ ਖਿੱਚੂ ਹੈ। ਛੋਟੇ ਪੈਮਾਨੇ ਦੇ ਮਾਲ ਉਤਪਾਦਨ ਦੀ ਧਰਤੀ (ਭਾਰਤ) ਤੇ ਸਿਸਮਾਂਦੀ, ਪਰੂਦੋਂ ਅਤੇ ਰੂਸੀ ਨਰੋਦਵਾਦ ਦੀਆਂ ਨਵੀਆਂ ਨਵੀਆਂ ਵੰਨਗੀਆਂ ਸਿਰ ਚੁੱਕ ਰਹੀਆਂ ਹਨ। ਜਿਨ੍ਹਾਂ ਵਿੱਚੋਂ "ਲਾਲ" ਪਰਚਮ ਵੀ ਇੱਕ ਹੈ- ਵਿਚਾਰਾ "ਲਾਲ" ਪਰਚਮ।

*ਜੈਕਾਰਾ (ਅਕਤੂਬਰ 2003)*

***



# ਛੋਟੇ ਕਿਸਾਨਾਂ ਦੀ ਉਜਰਤੀ ਮਜ਼ਦੂਰਾਂ ਵਿੱਚ ਰੂਪ ਬਦਲੀ ਪੂੰਜੀਵਾਦੀ ਖੇਤੀ ਦਾ ਤਰਕਸ਼ੀਲ ਸਿੱਟਾ

ਭਾਰਤ ਵਿੱਚ ਛੋਟੇ ਮਾਲ ਉਤਪਾਦਕਾਂ (ਕਿਸਾਨਾਂ, ਦਸਤਕਾਰਾਂ ਅਤੇ ਮੱਧ ਵਰਗ ਦੇ ਹੋਰ ਹਿੱਸਿਆਂ) ਦੇ ਤਬਾਹ ਹੋ ਕੇ ਉਜਰਤੀ ਮਜ਼ਦੂਰਾਂ ਵਿੱਚ ਵਟਣ ਦੀ ਪ੍ਰਕ੍ਰਿਆ ਧੀਮੀ ਗਤੀ ਨਾਲ ਪਿਛਲੇ ਕਈ ਦਹਾਕਿਆਂ ਤੋਂ ਜਾਰੀ ਸੀ। ਪਰ ਨਵੀਆਂ ਆਰਥਿਕ ਨੀਤੀਆਂ ਦੇ ਪਿਛਲੇਰੀ ਸਦੀ ਦੇ ਆਖਰੀ ਦਹਾਕੇ ਵਿੱਚ ਇਹ ਪ੍ਰਕ੍ਰਿਆ ਬਹੁਤ ਤੇਜ਼ ਹੋ ਗਈ ਹੈ। ਛੋਟੇ ਮਾਲ ਉਤਪਾਦਕਾਂ ਖਾਸ ਕਰਕੇ ਛੋਟੀ ਕਿਸਾਨਾਂ ਦੇ ਉਜੜਨ ਦੀ ਬੁਰਜੁਆ ਅਖਬਾਰਾਂ ਤੋਂ ਲੈ ਕੇ "ਖੱਬੇ ਪੱਖੀ" ਅਖਬਾਰਾਂ-ਮੈਗਜ਼ੀਨਾਂ ਵਿੱਚ ਕਾਫੀ ਚਰਚਾ ਹੈ। ਛੋਟੇ ਮਾਲਕਾਂ ਦੀ ਤਬਾਹੀ ਦੀ ਪ੍ਰਕ੍ਰਿਆ ਦੇ ਤੇਜ਼ ਹੋਣ ਤੋਂ ਭਾਰਤ ਦੇ ਹਾਕਮ ਵੀ ਬਹੁਤ ਚਿੰਤਤ ਹਨ ਅਤੇ ਇਥੋਂ ਦੇ "ਖੱਬੇ ਪੱਖੀ" ਵੀ। ਛੋਟੇ ਮਾਲਕਾਂ ਦੇ ਉਜਾੜੇ 'ਤੇ ਇਹਨਾਂ ਦੋਵਾਂ ਕੈਂਪਾਂ ਵਿੱਚ ਚਿੰਤਾ ਭਾਵੇਂ ਸਾਂਝੀ ਹੈ, ਪਰ ਕਾਰਨ ਵੱਖੋ-ਵੱਖ ਹਨ। ਹਾਕਮ ਇਸ ਲਈ ਚਿੰਤਤ ਹਨ ਕਿ ਭਾਰਤੀ ਸਮਾਜ ਵਿੱਚ ਜਮਾਤੀ ਧਰੁਵੀਕਰਨ ਤੇਜ਼ ਹੋ ਗਿਆ ਹੈ, ਸਮਾਜ ਦਿਨੋਂ-ਦਿਨ ਵਧੇਰੇ ਦੋ ਧਰੁਵਾਂ (ਉਜਰਤੀ ਮਜ਼ਦੂਰਾਂ ਅਤੇ ਸਰਮਾਏਦਾਰਾਂ) ਵਿੱਚ ਵੰਡਿਆ ਜਾ ਰਿਹਾ ਹੈ। ਇਸ ਹਾਲਤ ਨੇ ਪੂਰੇ ਸਮਾਜ ਨੂੰ ਬਾਰੂਦ ਦੇ ਢੇਰ ਵਿੱਚ ਤਬਦੀਲ ਕਰ ਦਿੱਤਾ ਹੈ। ਸੰਭਾਵੀ ਲੋਕ ਉਭਾਰਾਂ ਦੀਆਂ ਸ਼ੰਕਾਵਾਂ ਤੋਂ ਭਾਰਤੀ ਹਾਕਮ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਪਰ ਇਨ੍ਹਾਂ ਸਭ ਪ੍ਰੇਸ਼ਾਨੀਆਂ ਦੇ ਬਾਵਜੂਦ ਉਹ ਇਸ ਪ੍ਰਕ੍ਰਿਆ ਨੂੰ ਰੋਕ ਨਹੀਂ ਪਾ ਰਹੇ, ਉਹ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦੇ ਕਿਉਂਕਿ ਪੂੰਜੀ ਦੇ ਵਿਸ਼ਵੀਕਰਨ ਦੇ ਵਰਤਮਾਨ ਗੇੜ ਵਿੱਚ ਪੂੰਜੀਵਾਦੀ ਰਾਜਾਂ ਦੀ, ਅਰਥਚਾਰੇ ਵਿੱਚ ਦਖਲ ਅੰਦਾਜ਼ੀ ਦੀ ਸਮਰੱਥਾ ਲਗਾਤਾਰ ਘਟਦੀ ਗਈ ਹੈ ਅਤੇ ਭਵਿੱਖ ਵਿੱਚ ਇਹ ਹੋਰ ਵੀ ਘਟਦੀ ਜਾਵੇਗੀ। ਇਹੋ ਵਜ੍ਹਾ ਹੈ ਕਿ ਖੇਤੀ ਖੇਤਰ ਸਮੇਤ ਅਰਥਚਾਰੇ ਦੇ ਹਰ ਖੇਤਰ ਵਿੱਚ ਸਰਕਾਰਾਂ ਪਿੱਛੇ ਹਟ ਰਹੀਆਂ ਹਨ। ਅਰਥਚਾਰੇ ਨੂੰ ਸਰਮਾਏਦਾਰਾਂ ਲਈ ਖੁਲ੍ਹੀ ਖੇਡ ਖੇਡਣ ਦੇ ਮੈਦਾਨ ਵਿੱਚ ਬਦਲਿਆ ਜਾ ਰਿਹਾ ਹੈ। ਜਿਥੇ ਜਿੱਤ ਜਾਂ ਹਾਰ ਪੂੰਜੀ ਦੀ ਤਾਕਤ ਦੇ ਹਿਸਾਬ ਨਾਲ ਤੈਅ ਹੋਵੇਗੀ। ਇਹ ਵਰਤਾਰਾ ਕਿਤੇ ਘੱਟ, ਕਿਧਰੇ ਵੱਧ, ਪੂਰੀ ਦੁਨੀਆਂ ਵਿੱਚ ਹੀ ਨਜ਼ਰ ਆ ਰਿਹਾ ਹੈ।

"ਖੱਬੇ ਪੱਖੀ" ਕੈਂਪ (ਸੰਸਦਮਾਰਗੀਆਂ ਤੋਂ ਲੈ ਕੇ ਮ. ਲ. ਗਰੁੱਪਾਂ ਤੱਕ) ਦੀਆਂ ਚਿੰਤਾਵਾਂ ਦਾ ਕਾਰਨ ਜ਼ਰਾ ਵੱਖਰਾ ਹੈ। ਇਹਨਾਂ ਦੀ ਚਿੰਤਾ ਦੀ ਮੁੱਖ ਵਜ੍ਹਾ ਇਹ ਕਿ ਪਿਛਲੇ ਅੱਧੀ ਸਦੀ ਤੋਂ ਇਹਨਾਂ ਦਾ ਸਮਾਜਕ ਆਧਾਰ ਛੋਟੇ ਮਾਲਕਾਂ, ਮੁੱਖ ਤੌਰ 'ਤੇ ਮਾਲਕ ਕਿਸਾਨਾਂ ਵਿੱਚ ਰਿਹਾ ਹੈ। ਹੁਣ ਜਦੋਂ ਛੋਟੇ ਮਾਲਕ ਉੱਜੜ ਰਹੇ ਹਨ ਤਾਂ ਇਨ੍ਹਾਂ ਨੂੰ ਆਪਣਾ ਸਮਾਜਿਕ ਆਧਾਰ ਖੁੱਸਦਾ ਨਜ਼ਰ ਆਉਂਦਾ ਹੈ, ਇਸੇ ਕਾਰਨ ਇਹ ਇਸ ਛੋਟੇ ਪੈਮਾਨੇ ਦੀ ਜਿਣਸ ਪੈਦਾਵਾਰ ਨੂੰ ਬਚਾਈ ਰੱਖਣ ਲਈ ਤਰਲੋ ਮੱਛੀ ਹੋ ਰਹੇ ਹਨ। ਇਹਨਾਂ ਦਾ ਸਾਰਾ ਸਾਹਿਤ ਛੋਟੇ ਕਿਸਾਨਾਂ ਦੇ ਦੁੱਖ ਦਰਦ ਦੇ ਕਿੱਸੇ ਸੁਣਾਉਂਦਾ ਹੰਝੂ ਕੇਰ ਰਿਹਾ ਹੈ। ਇਹ ਦਾਅਵਾ ਭਾਵੇਂ ਵਿਗਿਆਨਕ ਵਿਚਾਰਧਾਰਾ (ਮਾਰਕਸਵਾਦ) ਦੇ ਝੰਡਾ ਬਰਦਾਰ ਹੋਣ ਦਾ ਕਰਦੇ ਹਨ, ਪਰ ਜਦੋਂ ਛੋਟੇ ਮਾਲਕਾਂ ਦੀ ਗੱਲ ਤੁਰਦੀ ਹੈ ਤਾਂ ਇਹਨਾਂ ਦਾ ਪ੍ਰਸਥਾਨ ਬਿੰਦੂ ਵਿਗਿਆਨ ਦੀ ਬਜਾਏ ਉਪਭਾਵੁਕਤਾ (ਜਜ਼ਬਾਤੀਪੁਣਾ) ਹੁੰਦਾ ਹੈ। ਇਹ ਪੂੰਜੀਵਾਦੀ ਪ੍ਰਬੰਧ ਵਿੱਚ ਛੋਟੇ ਮਾਲਕਾਂ ਦੀ ਅੱਟਲ ਤਬਾਹੀ ਦੇ ਵਿਗਿਆਨਕ ਤਰਕ ਨੂੰ ਸਮਝਣ ਦੀ ਬਜਾਏ, ਛੋਟੇ ਮਾਲਕਾਂ ਦੇ ਦੁੱਖ ਵਿੱਚ ਦੁਖੀ ਹੁੰਦੇ ਹੋਏ, ਵਿਗਿਆਨ ਦਾ ਪੱਲਾ ਛੱਡ, ਨੈਤਿਕਤਾ ਦੇ ਖੇਤਰ ਵਿੱਚ ਛਾਲ ਮਾਰ ਜਾਂਦੇ ਹਨ। ਇਹ ਛੋਟੇ ਪੈਮਾਨੇ ਦੀ ਜਿਣਸ ਪੈਦਾਵਾਰ ਨੂੰ ਬਚਾਈ ਰੱਖਕੇ, ਸਮਾਜ ਵਿੱਚ ਦਿਨੋਂ-ਦਿਨ ਵੱਧ ਰਹੇ ਜਮਾਤੀ ਧਰੁਵੀਕਰਨ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਇਸ ਤਰ੍ਹਾਂ ਸਚੇਤਨ ਜਾਂ ਅਵਚੇਤਨ ਰੂਪ

ਵਿੱਚ ਇਹ ਹਾਕਮ ਜਮਾਤਾਂ ਦੇ ਡਰ, ਸਹਿਮ, ਚਿੰਤਾਵਾਂ ਦੇ ਸਾਂਝੀਦਾਰ ਹੋ ਨਿੱਬੜਦੇ ਹਨ। ਇਸ ਮਾਹੌਲ ਵਿੱਚ ਭਾਰਤ ਵਿੱਚ ਇਨਕਲਾਬ ਲਈ ਯਤਨਸ਼ੀਲ, ਮਨੁੱਖਤਾ ਦਾ ਇੱਕ ਬੇਹਤਰ ਭਵਿੱਖ ਚਾਹੁਣ ਵਾਲਿਆਂ ਲਈ ਛੋਟੇ ਮਾਲਕਾਂ ਦੀ ਤਬਾਹੀ ਬਰਬਾਦੀ ਵੱਲ ਇੱਕ ਵਿਗਿਆਨ ਪਹੁੰਚ ਅਪਨਾਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

**ਭਾਰਤ ਵਿੱਚ ਛੋਟੇ ਕਿਸਾਨਾਂ ਦਾ ਹੋਂਦ ਵਿੱਚ ਆਉਣਾ**

ਅੰਗਰੇਜ਼ਾਂ ਦੀ ਬਸਤੀ ਬਣਨ ਤੋਂ ਪਹਿਲਾਂ ਭਾਰਤ ਦੀ ਜ਼ਰਈ ਆਰਥਕਿਤਾ ਆਤਮ ਨਿਰਭਰ ਪੇਂਡੂ ਭਾਈਚਾਰਿਆਂ ਉੱਪਰ ਆਧਾਰਿਤ ਇੱਕ ਸਥਿਰ ਜ਼ਰਈ ਆਰਥਿਕਤਾ ਸੀ, ਜੋ ਯੂਰਪ ਵਿੱਚ ਵਿਕਸਿਤ ਹੋਈ ਜਗੀਰਦਾਰੀ ਤੋਂ ਕਈ ਰੂਪਾਂ ਵਿੱਚ ਭਿੰਨ ਸੀ। ਜ਼ਰਈ ਪੈਦਾਵਾਰੀ ਰਿਸ਼ਤੇ, ਭੂਮੀਪਤੀ, ਬਟਾਈਦਾਰ ਅਤੇ ਗੈਰ-ਮਰੂਸੀ ਮੁਜ਼ਾਰੇ ਆਦਿ ਤੋਂ ਮੁਕਤ ਸਨ। ਜ਼ਮੀਨ ਦੀ ਨਿੱਜੀ ਮਾਲਕੀ ਅਜੇ ਹੋਂਦ ਵਿੱਚ ਨਹੀਂ ਸੀ ਆਈ ਅਤੇ ਕਿਸਾਨਾਂ ਨੂੰ ਜ਼ਮੀਨ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਸੀ, ਪਰ ਜ਼ਮੀਨ ਖਰੀਦੀ ਅਤੇ ਵੇਚੀ ਨਹੀਂ ਜਾ ਸਕਦੀ ਸੀ। ਨਿਰਬਾਹੀ ਖੇਤੀ ਦਾ ਬੋਲਬਾਲਾ ਸੀ। ਮੁੱਖ ਰੂਪ ਵਿੱਚ ਸਵੈ-ਨਿਰਭਰ ਸਥਾਨਕ ਕਿਸਾਨ ਆਰਥਿਕਤਾ ਸੀ। ਜ਼ਮੀਨ ਦਾ ਲਗਾਨ ਰਾਜੇ ਦੁਆਰਾ ਲਿਆ ਜਾਂਦਾ ਸੀ, ਲਗਾਨ ਉਗਰਾਹੁਣ ਵਾਲੀ ਵਿਚੋਲਿਆਂ ਦੀ ਇੱਕ ਪਰਜੀਵੀ ਜਮਾਤ ਸੀ। ਰਾਜੇ ਅਤੇ ਉਸ ਦੇ ਵਿਚੋਲਿਆਂ ਦੁਆਰਾ ਕਿਸਾਨਾਂ ਨੂੰ ਬੁਰੀ ਤਰਾਂ ਲੁੱਟਿਆ ਜਾਂਦਾ ਸੀ। ਅਜਿਹੀ ਸੀ ਭਾਰਤ ਦੀ ਖੇਤੀ ਆਰਥਿਕਤਾ, ਜਦੋਂ ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਆਮਦ ਹੋਈ। 1840ਵਿਆਂ ਵਿੱਚ ਪੂਰੇ ਭਾਰਤ ਉੱਪਰ ਕਬਜ਼ਾ ਕਰਨ ਤੋਂ ਬਾਅਦ ਅੰਗਰੇਜ਼ਾਂ ਨੇ ਆਪਣਾ ਭੂਮੀ ਬੰਦੋਬਸਤ ਲਾਗੂ ਕੀਤਾ। ਇਸ ਪ੍ਰਣਾਲੀ ਦੇ ਲਾਗੂ ਹੋਣ ਨਾਲ ਭਾਰਤ ਦੀ ਜ਼ਰਈ ਆਰਥਿਕਤਾ ਵਿੱਚ ਕਈ ਮਹੱਤਵਪੂਰਨ ਤਬਦੀਲੀਆਂ ਹੋਈਆਂ।

ਬਰਤਾਨਵੀ ਭਾਰਤ ਦੇ ਜ਼ਮੀਨੀ ਬੰਦੋਬਸਤ ਦੇ ਤਿੰਨ ਰੂਪ ਸਨ-ਜ਼ਿਮੀਂਦਾਰੀ, ਮਹਿਲਵਾੜੀ ਅਤੇ ਰਾਇਤਵਾੜੀ। ਬਸਤੀਵਾਦੀ ਭਾਰਤ ਦੀ ਖੇਤੀ ਅਧੀਨ, ਜ਼ਮੀਨ ਦਾ 57% ਜ਼ਿਮੀਂਦਾਰੀ ਅਧੀਨ, 38% ਰਾਇਤਵਾੜੀ ਅਧੀਨ ਅਤੇ 5% ਮਹਿਲਵਾੜੀ ਪ੍ਰਬੰਧ ਅਧੀਨ ਸੀ। ਰਾਇਤਵਾੜੀ ਪ੍ਰਬੰਧ ਅਧੀਨ ਸਰਕਾਰ ਸਿੱਧਾ ਰਾਇਤ (ਕਿਸਾਨ) ਤੋਂ ਲਗਾਨ ਵਸੂਲਦੀ ਸੀ ਅਤੇ ਮਹਿਲਵਾੜੀ ਅਧੀਨ ਪੂਰੇ ਮਹਿਲ (ਪਿੰਡ) ਤੋਂ ਜਿਸ ਵਿੱਚ ਕਿਸਾਨ ਆਪਦੀ ਜ਼ਮੀਨ ਦੇ ਰਕਬੇ ਅਨੁਸਾਰ ਹਿੱਸਾ ਪਾਉਂਦੇ ਸਨ। ਲਗਾਨ ਇੰਨਾ ਜ਼ਿਆਦਾ ਹੁੰਦਾ ਸੀ ਕਿ ਸਰਕਾਰ ਕਿਸਾਨਾਂ ਦਾ ਕਚੂੰਮਰ ਕੱਢੀ ਰੱਖਦੀ ਸੀ। ਪਰ ਇਹਨਾਂ ਵਿੱਚ ਸਭ ਤੋਂ ਭਿਆਨਕ ਸੀ ਜ਼ਿਮੀਂਦਾਰੀ ਪ੍ਰਬੰਧ। ਜਿੱਥੇ ਕਿਸਾਨਾਂ ਅਤੇ ਅੰਗਰੇਜ਼ੀ ਸਰਕਾਰ ਦਰਮਿਆਨ ਕਿਸਾਨਾਂ ਦਾ ਖੂਨ ਚੂਸਣ ਵਾਲੀਆਂ ਦੋ ਹੋਰ ਪਰਤਾਂ ਸਨ—ਜ਼ਿਮੀਂਦਾਰ ਅਤੇ ਉਸ ਦੇ ਏਜੰਟ (ਵਿਸਬੇਦਾਰ) ਬਸਤੀਵਾਦੀ ਭਾਰਤ ਵਿੱਚ ਕਿਸਾਨੀ ਅਰਧ-ਜਗੀਰੂ ਜ਼ਰਈ ਪ੍ਰਬੰਧ ਦੇ ਜੂਲੇ ਹੇਠ ਪਿਸਦੀ ਰਹੀ।

ਆਜ਼ਾਦੀ ਤੋਂ ਬਾਅਦ ਭਾਰਤੀ ਬੁਰਜੂਆਜ਼ੀ ਭਾਰਤੀ ਰਾਜ ਸੱਤਾ 'ਤੇ ਕਾਬਜ਼ ਹੋਈ। ਇਸ ਨੇ ਭਾਰਤੀ ਜ਼ਰਈ ਆਰਥਿਕਤਾ ਨੂੰ ਆਪਣੇ ਹਿੱਤਾਂ ਦੇ ਅਨੁਕੂਲ ਢਾਲਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ। ਭਾਵ ਭਾਰਤੀ ਖੇਤੀ ਦੇ ਜਗੀਰੂ ਪੈਦਾਵਾਰੀ ਸੰਬੰਧਾਂ ਦੀ ਪੂੰਜੀਵਾਦੀ ਪੈਦਾਵਾਰੀ ਸੰਬੰਧਾਂ ਵਿੱਚ ਰੂਪ ਬਦਲੀ ਦੀ ਪ੍ਰਕ੍ਰਿਆ ਸ਼ੁਰੂ ਹੋਈ। ਇਹ ਸਭ ਇਨਕਲਾਬੀ ਨਹੀਂ ਸਗੋਂ ਧੀਮੇ ਸੁਧਾਰਾਂ ਰਾਹੀਂ ਕੀਤਾ ਗਿਆ, ਜਿਸ ਨੂੰ ਲੈਨਿਨ ਪ੍ਰਸ਼ੀਅਨ ਜਾਂ ਜੰਕਰ ਰਾਹ ਦਾ ਨਾਂ ਦਿੰਦੇ ਹਨ। ਭਾਰਤੀ ਬੁਰਜੂਆਜ਼ੀ ਨੇ ਵੀ ਖੇਤੀ ਆਰਥਿਕਤਾ ਵਿੱਚ ਪੂੰਜੀਵਾਦੀ ਪੈਦਾਵਾਰੀ ਸੰਬੰਧਾਂ ਦੇ ਵਿਕਾਸ ਲਈ ਜੰਕਰ ਰਾਹ ਅਪਨਾਇਆ। ਮੋਟੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ 1949 ਤੋਂ 1965 ਤੱਕ ਦਾ ਦੌਰ ਭਾਰਤੀ ਅਰਥਚਾਰੇ ਦਾ ਇੱਕ ਸੰਗਰਾਂਦੀ ਦੌਰ ਸੀ ਜਿਸ ਵਿੱਚ ਜਗੀਰੂ ਪੈਦਾਵਾਰੀ ਸੰਬੰਧਾਂ ਦੇ ਪੂੰਜੀਵਾਦੀ ਪੈਦਾਵਾਰੀ ਸੰਬੰਧਾਂ ਵਿੱਚ ਵਟਣ ਦੀ ਪ੍ਰਕ੍ਰਿਆ ਪੂਰੀ ਹੁੰਦੀ ਹੈ। 1965 ਵਿੱਚ ਭਾਰਤੀ ਅਰਥਚਾਰੇ ਨੂੰ ਭਾਰੂ ਤੌਰ 'ਤੇ ਪੂੰਜੀਵਾਦੀ ਅਰਥਚਾਰਾ ਕਿਹਾ ਜਾ ਸਕਦਾ ਸੀ। 1947 ਦੀ ਸੱਤਾ



ਬਦਲੀ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਕੁਝ ਥਾਵਾਂ 'ਤੇ ਕਿਸਾਨ ਵਿਦਰੋਹਾਂ ਅਤੇ ਕੁੱਝ ਆਜ਼ਾਦੀ ਤੋਂ ਬਾਅਦ ਲਾਗੂ ਹੋਏ ਅੱਧ-ਪਚੱਧੇ ਭੂਮੀ ਸੁਧਾਰਾਂ ਦੇ ਸਿੱਟੇ ਵਜੋਂ ਭਾਰਤ ਦੇ ਪੇਂਡੂ ਖੇਤਰ ਵਿੱਚ ਮਾਲਕ ਕਿਸਾਨਾਂ ਦੀ ਇੱਕ ਵੱਡੀ ਜਮਾਤ ਹੋਂਦ ਵਿੱਚ ਆਈ। 1953-54 ਵਿੱਚ ਉਪ ਸੀਮਾਂਤ, ਸੀਮਾਂਤ ਅਤੇ ਛੋਟੇ ਕਿਸਾਨਾਂ ਪਰਿਵਾਰਾਂ ਕੁੱਲ ਮਾਲਕ ਕਿਸਾਨ ਪਰਿਵਾਰਾਂ ਦਾ 70% ਬਣਦੇ ਸਨ। ਪਰ ਸਾਡੇ ਨਰੋਦਨਿਕ (ਮ. ਲ. ਗਰੁੱਪ) ਭਾਰਤ ਦੇ ਜ਼ਰਈ ਖੇਤਰ ਦੀ ਇਸ ਪ੍ਰਤੱਖ ਹਕੀਕਤ ਨੂੰ ਵੇਖਣ ਤੋਂ ਇਨਕਾਰੀ ਹਨ। ਭਾਵੇਂ ਰਾਤ ਦਿਨ ਉਹ ਮਾਲਕ ਕਿਸਾਨਾਂ ਦੇ ਸੰਘਰਸ਼ਾਂ ਵਿੱਚ ਰੁੱਝੇ ਰਹਿੰਦੇ ਹਨ ਅਤੇ ਮਾਲਕ ਕਿਸਾਨਾਂ ਦੇ ਉਜਾੜੇ ਦੇ ਗਮ ਵਿੱਚ ਸੁੱਕਦੇ ਜਾ ਰਹੇ ਹਨ, ਪਰ ਫਿਰ ਵੀ ਉਹ ਮਾਲਕ ਕਿਸਾਨਾਂ ਦੀ ਹੋਂਦ ਤੋਂ ਇਨਕਾਰੀ ਹਨ। ਉਹਨਾਂ ਦਾ ਕਹਿਣਾ ਹੈ ਕਿ ਅਜੇ ਤਾਂ ਉਹਨਾਂ ਨੇ "ਜ਼ਮੀਨ ਹਲਵਾਹਕ ਦੀ" ਦੇ ਨਾਅਰੇ ਉੱਪਰ ਜਮਹੂਰੀ ਇਨਕਲਾਬ ਕਰਨਾ ਹੈ, ਇਸ ਲਈ ਕਿਸਾਨਾਂ ਦੀ ਕੀ ਮਜ਼ਾਲ ਹੈ ਕਿ ਉਹ ਜ਼ਮੀਨਾਂ ਦੇ ਮਾਲਕ ਬਣ ਜਾਣ।

1965 ਤੱਕ ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ ਦਾ ਇੱਕ ਪੜਾਅ ਪੂਰਾ ਹੁੰਦਾ ਹੈ। ਜਿਸ ਵਿੱਚ ਭਾਰਤ ਦੇ ਪੇਂਡੂ ਖੇਤਰ ਵਿੱਚ ਮਾਲਕ ਕਿਸਾਨਾਂ ਦੀ ਇੱਕ ਵੱਡੀ ਜਮਾਤ ਹੋਂਦ ਵਿੱਚ ਆਉਂਦੀ ਹੈ। ਭਾਰਤ ਨਿੱਕ ਬੁਰਜੂਆਜ਼ੀ ਦਾ ਮਹਾਂਸਾਗਰ ਨਜ਼ਰ ਆਉਂਦਾ ਹੈ। ਇਸੇ ਪ੍ਰਕ੍ਰਿਆ ਦੇ ਲਾਜ਼ਮੀ ਸਿੱਟੇ ਵਜੋਂ ਪੇਂਡੂ ਖੇਤਰ ਵਿੱਚ ਉਜਰਤੀ ਮਜ਼ਦੂਰਾਂ ਦੀ ਇੱਕ ਜਮਾਤ ਵੀ ਹੋਂਦ ਵਿੱਚ ਆਉਂਦੀ ਹੈ। ਭਾਰਤ ਵਿੱਚ ਮਾਲਕ ਕਿਸਾਨਾਂ ਦੀ ਜਮਾਤ ਮੁੱਖ ਤੌਰ 'ਤੇ ਦਰਮਿਆਨੀਆਂ ਜਾਤਾਂ ਵਿੱਚੋਂ ਉੱਭਰੀ ਹੈ ਅਤੇ ਖੇਤ ਮਜ਼ਦੂਰ ਜਮਾਤ ਮੁੱਖ ਤੌਰ 'ਤੇ ਦਲਿਤ ਜਾਤੀਆਂ ਵਿੱਚੋਂ। ਪੁਰਾਣੀਆਂ ਉੱਚ ਜਾਤੀਆਂ ਦੇ ਜਗੀਰਦਾਰਾਂ ਵਿੱਚੋਂ ਕੁਝ ਨੇ ਆਪਣੇ ਆਪ ਨੂੰ ਨਵੀਆਂ ਹਾਲਤਾਂ ਦੇ ਅਨੁਕੂਲ ਢਾਲ ਲਿਆ। ਇਸ ਤਰ੍ਹਾਂ ਜਾਂ ਤਾਂ ਉਹ ਪੂੰਜੀਵਾਦੀ ਫਾਰਮਰ ਬਣ ਗਏ ਜਾਂ ਆਪਣੀ ਪੂੰਜੀ ਖੇਤੀ ਵਿੱਚ ਕੱਢ ਕੇ ਸ਼ਹਿਰਾਂ ਵਿੱਚ ਹੋਰ ਕਾਰੋਬਾਰ ਕਰਨ ਲੱਗੇ ਅਤੇ ਜਿਨ੍ਹਾਂ ਨੇ ਖੁਦ ਨੂੰ ਨਵੀਆਂ ਹਾਲਤਾਂ ਦੇ ਅਨੁਕੂਲ ਨਹੀਂ ਢਾਲਿਆ ਉਹ ਤਬਾਹ ਹੋ ਗਏ। ਭਾਰਤ ਵਿੱਚੋਂ ਨਵੇਂ ਪੂੰਜੀਵਾਦੀ ਭੂਮੀਪਤੀਆਂ ਦੀ ਜਮਾਤ ਮੁੱਖ ਤੌਰ 'ਤੇ ਪੁਰਾਣੇ ਜਗੀਰਦਾਰਾਂ, ਜੋ ਆਮ ਤੌਰ 'ਤੇ ਅਖੌਤੀ ਸਵਰਨ ਜਾਤੀਆਂ ਨਾਲ ਸੰਬੰਧਿਤ ਸਨ, ਦੇ ਨਾਲ -ਨਾਲ ਪੁਰਾਣੇ ਮੁਜ਼ਹਾਰਿਆਂ (ਆਮ ਕਰਕੇ ਦਰਮਿਆਨੀਆਂ ਜਾਤੀਆਂ ਨਾਲ ਸੰਬੰਧਤ) ਵਿੱਚ ਉੱਭਰੀ ਹੈ। ਭਾਰਤ ਦੇ ਪੇਂਡੂ ਖੇਤਰ ਵਿੱਚ ਮਾਲਕ ਕਿਸਾਨਾਂ ਦੀ ਵੱਡੀ ਜਮਾਤ ਦੇ ਹੋਂਦ ਵਿੱਚ ਆਉਣ ਨਾਲ, ਜਮਤੀ ਵਿਰੋਧਤਾਈਆਂ ਵੀ ਖੁੰਢੀਆਂ ਹੋਈਆਂ।

ਜਗੀਰੂ ਪੈਦਾਵਾਰੀ ਢਾਂਚੇ ਦੇ ਟੁੱਟਣ ਨਾਲ ਅਤੇ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੇ ਹੋਂਦ ਵਿੱਚ ਆਉਣ ਨਾਲ ਇੱਕ ਵਾਰ ਪੈਦਾਵਾਰ ਦੇ ਸਾਧਨ ਖਿੰਡ ਜਾਂਦੇ ਹਨ, ਭਾਵੇਂ ਛੋਟੇ ਜਿਨਸ ਉਤਪਾਦਕ ਵੱਡੀ ਪੱਧਰ 'ਤੇ ਹੋਂਦ ਵਿੱਚ ਆਉਂਦੇ ਹਨ। ਪੂੰਜੀਵਾਦ ਜਿਸ ਤਰ੍ਹਾਂ ਛੋਟੇ ਜਿਨਸ ਉਤਪਾਦਕਾਂ ਨੂੰ ਹੋਂਦ ਵਿੱਚ ਲਿਆਉਂਦਾ ਹੈ, ਬਾਅਦ ਵਿੱਚ ਆਪਣੇ ਹੀ ਤਰਕ ਮੁਤਾਬਿਕ ਛੋਟੇ ਉਤਪਾਦਕਾਂ ਨੂੰ ਤਬਾਹ ਵੀ ਕਰ ਦਿੰਦਾ ਹੈ ਅਤੇ ਪੈਦਾਵਾਰ ਦੇ ਸਾਧਨਾਂ ਦਾ ਮੁੜ ਕੇਂਦਰੀਕਰਨ ਹੁੰਦਾ ਹੈ। ਇਸ ਤਰ੍ਹਾਂ ਛੋਟੇ ਪੱਧਰ ਦੀ ਜਿਨਸ ਪੈਦਾਵਾਰ ਆਪਣੀ ਤਬਾਹੀ ਦਾ ਸਮਾਨ ਵੀ ਖੁਦ ਹੀ ਨਾਲ ਲਿਆਉਂਦੀ ਹੈ।

**ਪੂੰਜੀਵਾਦੀ ਪ੍ਰਬੰਧ ਵਿੱਚ ਛੋਟੇ ਮਾਲਕਾਂ ਦੀ ਤਬਾਹੀ ਅਟੱਲ ਹੈ**

ਭਾਰਤ ਦੇ ਜ਼ਰਈ ਖੇਤਰ ਵਿੱਚ ਛੋਟੇ ਕਿਸਾਨਾਂ ਦੇ ਹੋਂਦ ਵਿੱਚ ਆਉਣ ਨਾਲ ਹੀ ਦੂਸਰੀ ਪ੍ਰਕ੍ਰਿਆ ਵੀ ਸ਼ੁਰੂ ਹੁੰਦੀ ਹੈ। ਇਹ ਪ੍ਰਕ੍ਰਿਆ ਹੈ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੇ ਟੁੱਟ ਕੇ ਉਜਰਤੀ ਮਜ਼ਦੂਰਾਂ (ਖਾਸ ਕਰਕੇ ਸਨਅਤੀ ਮਜ਼ਦੂਰਾਂ) ਵਿੱਚ ਵਟਣ ਦੀ ਪ੍ਰਕ੍ਰਿਆ। 1990 ਤੱਕ ਇਹ ਪ੍ਰਕ੍ਰਿਆ ਬਹੁਤ ਧੀਮੀ ਰਹੀ। ਇਸ ਦੀ ਇੱਕ ਵਜ੍ਹਾ ਰਾਜ ਵੱਲੋਂ ਖੇਤੀ ਖੇਤਰ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਸੀ ਤਾਂ ਕਿ ਛੋਟੇ ਕਿਸਾਨਾਂ ਨੂੰ ਉਹਨਾਂ ਦੀ ਜ਼ਮੀਨ ਨਾਲ ਹੀ ਬੰਨ੍ਹੀ ਰੱਖਿਆ

ਜਾਵੇ ਅਤੇ ਉਹਨਾਂ ਦੇ ਉਜੜ ਦੇ ਸ਼ਹਿਰਾਂ ਵੱਲ ਆਉਣ ਨੂੰ ਰੋਕਿਆ ਜਾ ਸਕੇ। ਨਹੀਂ ਤਾਂ ਪੇਂਡੂ ਵੱਸੋਂ ਦਾ ਉਜਾੜਾ ਅਤੇ ਸ਼ਹਿਰਾਂ ਵਿੱਚ ਕਿਰਤੀਆਂ ਦਾ ਹੜ੍ਹ ਭਾਰਤੀ ਹਾਕਮਾਂ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਸਕਦਾ ਸੀ।

ਭਾਰਤੀ ਜ਼ਰਈ ਆਰਥਿਕਤਾ ਵਿੱਚ ਜਿਵੇਂ-ਜਿਵੇਂ ਪੂੰਜੀਵਾਦੀ ਪੈਦਾਵਾਰੀ ਸੰਬੰਧਾਂ ਦੀ ਘੁਸਪੈਠ ਵਧਦੀ ਗਈ, ਉਵੇਂ ਹੀ ਛੋਟੇ ਅਤੇ ਦਰਮਿਆਨੇ ਕਿਸਾਨਾਂ ਲਈ ਖੇਤੀ ਜਾਰੀ ਰੱਖ ਸਕਣਾ ਮੁਸ਼ਕਿਲ ਹੁੰਦਾ ਗਿਆ, ਇਸ ਤਰ੍ਹਾਂ ਇਹ ਕਿਸਾਨ ਖੇਤੀ ਤੋਂ ਬਾਹਰ ਧੱਕੇ ਜਾਂਦੇ ਰਹੇ ਅਤੇ ਉਜ਼ਰਤੀ ਮਜ਼ਦੂਰਾਂ ਦੀ ਫੌਜ ਵਿੱਚ ਵਾਧਾ ਕਰਦੇ ਰਹੇ। ਖੇਤੀ ਵਿੱਚ ਜਿਵੇਂ-ਜਿਵੇਂ ਜਿਣਸ ਉਤਪਾਦਨ ਵਧਿਆ, ਕਿਸਾਨਾਂ ਦੀ ਮੰਡੀ ਉੱਪਰ ਨਿਰਭਰਤਾ (ਲਾਗਤਾਂ ਹਾਸਲ ਕਰਨ ਅਤੇ ਜਿਣਸਾਂ ਦੀ ਵਿਕਰੀ ਵਾਸਤੇ) ਵਧਦੀ ਗਈ। ਕਿਸਾਨੀ, ਪੂੰਜੀਵਾਦੀ ਮੰਡੀ ਦੇ ਭੰਵਰ ਵਿੱਚ ਖਿੱਚੀ ਗਈ। "ਵੱਡੀ ਮੱਛੀ ਛੋਟੀ ਨੂੰ ਖਾ ਜਾਂਦੀ ਹੈ" ਇਹੋ ਪੂੰਜੀਵਾਦੀ ਮੰਡੀ ਦਾ ਨਿਯਮ ਹੈ। ਪੂੰਜੀਵਾਦੀ ਮੰਡੀ ਵਿੱਚ ਉਤਪਾਦਕ (ਇੱਥੇ ਭਾਵ ਪੈਦਾਵਾਰ ਦੇ ਸਾਧਨਾਂ ਦੇ ਮਾਲਕ) ਮੰਡੀ ਦੀਆਂ ਅੰਨ੍ਹੀਆਂ ਤਾਕਤਾਂ ਦੇ ਵੱਸ ਹੁੰਦੇ ਹਨ। ਮੰਡੀ ਵਿੱਚ ਜਾਣ ਤੋਂ ਪਹਿਲਾਂ ਉਤਪਾਦਕ ਨੂੰ ਇਸ ਗੱਲ ਦਾ ਪਤਾ ਨਹੀਂ ਲੱਗ ਸਕਦਾ ਕਿ ਉਸ ਦਾ ਮਾਲ ਮੰਡੀ ਵਿੱਚ ਵਿਕੇਗਾ ਜਾਂ ਨਹੀਂ। ਪੂੰਜੀਵਾਦੀ ਮੰਡੀ ਉਤਪਾਦਕਾਂ ਦਰਮਿਆਨ ਮੁਕਾਬਲੇ ਦਾ ਅਖਾੜਾ ਹੈ। ਇਸ ਮੁਕਾਬਲੇ ਵਿੱਚ ਵੱਡੀ ਪੂੰਜੀ ਦੇ ਮਾਲਕ ਹੀ ਜਿੱਤ ਪਾਉਂਦੇ ਹਨ। ਵੱਡੀ ਪੂੰਜੀ ਅੱਗੇ ਛੋਟੀ ਪੂੰਜੀ ਹਾਰ ਜਾਂਦੀ ਹੈ। ਇਸ ਮੁਕਾਬਲੇ ਵਿੱਚ ਹਾਰ ਜਾਣ ਵਾਲੇ ਆਪਣੇ ਪੈਦਾਵਾਰ ਦੇ ਸਾਧਨਾਂ ਤੋਂ ਹੱਥ ਧੋ ਬੈਠਦੇ ਹਨ। ਉਹਨਾਂ ਦੇ ਪੈਦਾਵਾਰ ਦੇ ਸਾਧਨ ਵੱਡੇ ਪੂੰਜੀਪਤੀਆਂ ਦੀ ਸਥਿਰ ਪੂੰਜੀ ਵਿੱਚ ਵੱਟ ਜਾਂਦੇ ਹਨ ਅਤੇ ਉਹ ਖੁਦ ਕਿਰਤ ਸ਼ਕਤੀ ਵੇਚਣ ਵਾਲੇ ਉਜਰਤੀ ਮਜ਼ਦੂਰਾਂ ਦੀਆਂ ਕਤਾਰਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ। *ਲੈਨਿਨ ਇਸ ਵਰਤਾਰੇ ਦੀ ਇਵੇਂ ਵਿਆਖਿਆ ਕਰਦੇ ਹਨ, "ਫਸਲਾਂ ਦੀ ਪੈਦਾਵਾਰ ਵਿੱਚ ਜਿਣਸ ਪੈਦਾਵਾਰ ਦੀ ਵਧੇਰੇ ਘੁਸਪੈਠ ਦੇ ਨਤੀਜੇ ਵਜੋਂ, ਜ਼ਮੀਨ ਅਤੇ ਆਰਥਿਕ ਆਜ਼ਾਦੀ ਲਈ ਸੰਘਰਸ਼ ਅਤੇ ਕਿਸਾਨਾਂ ਦਰਮਿਆਨ ਮੁਕਾਬਲਾ ਤਿੱਖਾ ਹੁੰਦਾ ਹੈ, ਤਾਂ ਇਹ ਨਿਯਮ ਲਾਜ਼ਮੀ ਵਧੇਰੇ ਜ਼ੋਰਦਾਰ ਢੰਗ ਨਾਲ ਪ੍ਰਗਟ ਹੁੰਦਾ ਹੈ, ਉਹ ਨਿਯਮ ਜੋ ਕਿਸਾਨ ਬੁਰਜੂਆਜ਼ੀ ਦੁਆਰਾ ਦਰਮਿਆਨੇ ਅਤੇ ਗਰੀਬ ਕਿਸਾਨਾਂ ਨੂੰ ਬਾਹਰ ਧੱਕੇ ਜਾਣ ਦਾ ਰਾਹ ਖੋਲ੍ਹਦਾ ਹੈ।"*

(ਲੈਨਿਨ, ਕਲੈਕਟਡ ਵਰਕਸ, ਜਿਲਦ-3, ਅਨੁਵਾਦ ਸਾਡਾ)

ਭਾਵੇਂ ਛੋਟੇ ਮਾਲਕਾਂ ਦੀ ਹੋਂਦ ਪੂਰਵ-ਪੂੰਜੀਵਾਦੀ ਪ੍ਰਬੰਧਾਂ ਵਿੱਚ ਵੀ ਰਹੀ ਹੈ ਅਤੇ ਇਹਨਾਂ ਦੀ ਹੋਂਦ ਖਤਮ ਵੀ ਹੁੰਦੀ ਹੈ, ਪਰ ਇਹ ਵਰਤਾਰਾ ਪੂੰਜੀਵਾਦੀ ਪ੍ਰਬੰਧ ਵਿੱਚ ਹੀ ਵਧੇਰੇ ਤਿੱਖੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਪੂੰਜੀ ਦੇ ਸੰਕੇਦਰਣ ਅਤੇ ਕੇਂਦਰੀਕਰਨ ਭਾਵ ਪੂੰਜੀ ਸੰਗ੍ਰਹਿ ਦੀ ਪ੍ਰਵਿਰਤੀ ਪੂੰਜੀਵਾਦ ਦਾ ਇੱਕ ਅੰਤਰਨਿਹਿਤ ਨਿਯਮ ਹੈ। ਪੂੰਜੀ ਸੰਗ੍ਰਹਿ ਦੀ ਇਸ ਇਤਿਹਾਸਕ ਪ੍ਰਵਿਰਤੀ ਦੀ ਮਾਰਕਸ ਇਸ ਤਰਾਂ ਵਿਆਖਿਆ ਕਰਦੇ ਹਨ "ਬੇਸ਼ੱਕ ਉਤਪਾਦਨ ਦਾ ਛੋਟਾ ਢੰਗ ਗੁਲਾਮਦਾਰੀ, ਨੀਮ ਗੁਲਾਮਨਦਾਰੀ ਅਤੇ ਨਿਭਰਤਾ ਦੀਆਂ ਹੋਰਨਾਂ ਹਾਲਤਾਂ ਵਿੱਚ ਵੀ ਹੁੰਦਾ ਹੈ। ਪਰ ਕੇਵਲ ਉਸ ਥਾਂ ਹੀ ਤਰੱਕੀ ਕਰਦਾ ਹੈ, ਆਪਣੀ ਸਾਰੀ ਸ਼ਕਤੀ ਕੰਮ ਵਿੱਚ ਲਾਉਂਦਾ ਹੈ ਆਪਣੀ ਕਲਾਸਕੀ ਸ਼ਕਲ ਅਖਤਿਆਰ ਕਰਦਾ ਹੈ, ਜਿੱਥੇ ਕਿ ਕਿਰਤੀ ਅਤੇ ਕਿਰਤ ਦੇ ਸਾਧਨਾਂ ਦਾ ਜਿਹਨਾਂ ਨੂੰ ਅਮਲ ਵਿੱਚ, ਉਹ ਲਾਉਂਦਾ ਹੈ, ਨਿੱਜੀ ਮਾਲਕ ਹੁੰਦਾ ਹੈ, ਕਿਸਾਨ ਉਸੇ ਜ਼ਮੀਨ ਦਾ ਮਾਲਕ ਹੁੰਦਾ ਹੈ, ਜਿਸ ਨੂੰ ਉਹ ਬੀਜਦਾ ਹੈ ਅਤੇ ਦਸਤਕਾਰ ਉਸ ਸੰਦ ਦਾ ਜਿਸ ਨੂੰ ਉਹ ਮਾਹਿਰਾਂ ਦੀ ਤਰਾਂ ਵਰਤਦਾ ਹੈ। ਉਤਪਾਦਨ ਦੇ ਇਸ ਢੰਗ ਦੀ ਮੁਢੱਲੀ ਮਨੌਤ ਜ਼ਮੀਨ ਦੇ ਟੁੱਕੜੇ-ਟੁੱਕੜੇ ਹੋਣਾ ਅਤੇ ਉਤਪਾਦਨ ਦੇ ਹੋਰਨਾਂ ਸਾਧਨਾਂ ਦਾ ਖਿੰਡ-ਪੁੰਡ ਜਾਣਾ ਹੈ। ਕਿਉਂ ਜੋ ਇਹ ਉਤਪਦਾਨ ਦੇ ਸਾਧਨਾਂ ਦੇ ਇਕੱਠੇ ਹੋਣ ਦੀ ਸੰਭਾਵਨਾ ਨੂੰ ਖਾਰਜ ਕਰਦਾ ਹੈ, ਇਸੇ ਤਰਾਂ ਇਹ ਮਿਲਵਰਤਨ, ਉਤਪਾਦਨ ਦੇ ਹੋਰ ਵੱਖ-ਵੱਖ ਅਮਲ ਦੇ ਅੰਦਰ ਕਿਰਤ ਦੀ ਵੰਡ, ਸਮਾਜ



ਵੱਲੋਂ ਕੁਦਰਤ ਦੀਆਂ ਸ਼ਕਤੀਆਂ ਉੱਤੇ ਕੰਟਰੋਲ ਅਤੇ ਉਹਨਾਂ ਦੀ ਉਤਪਾਦਕ ਵਰਤੋਂ ਅਤੇ ਸਮਾਜਕ ਉਤਪਾਦਕ ਸ਼ਕਤੀਆਂ ਦੇ ਆਜ਼ਾਦ ਵਿਕਾਸ ਦੀ ਸੰਭਾਵਨਾ ਨੂੰ ਵੀ ਖਾਰਜ ਕਰਦਾ ਹੈ। ਇਹ ਇੱਕ ਅਜੇਹੀ ਉਤਪਾਦਨ ਪ੍ਰਣਾਲੀ ਅਤੇ ਇੱਕ ਅਜੇਹੇ ਸਮਾਜ ਨਾਲ ਮੇਚ ਆ ਸਕਦਾ ਹੈ ਜਿਹੜਾ ਕਿ ਤੰਗ ਅਤੇ ਕਿਸੇ ਹੱਦ ਤੱਕ ਪੁਰਾਤਨ ਹੱਦਾਂ ਅੰਦਰ ਹੀ ਰਹਿੰਦਾ ਹੈ। ਇਸ ਨੂੰ ਸਥਾਈ ਬਣਾਉਣਾ ਜਿਵੇਂ ਕਿ ਪੈਕਵੇਅਰ ਠੀਕ ਤੌਰ 'ਤੇ ਕਹਿੰਦਾ ਹੈ "ਇੱਕਸਾਰ ਖੜੋਤ ਦਾ ਐਲਾਨ ਕਰਨਾ" ਹੋਵੇਗਾ। ਵਿਕਾਸ ਦੇ ਇੱਕ ਖਾਸ ਪੜਾਅ ਉੱਤੇ ਇਹ ਆਪਣੇ ਅੰਤ ਲਈ ਆਪ ਹੀ ਏਜੰਸੀਆਂ ਪੈਦਾ ਕਰਦਾ ਹੈ। ਉਸੇ ਸਮੇਂ ਤੋਂ ਸਮਾਜ ਦੀ ਹਿੱਕ ਵਿੱਚ ਨਵੀਆਂ ਸ਼ਕਤੀਆਂ ਅਤੇ ਨਵੇਂ ਜਜ਼ਬੇ ਉੱਠ ਖਲੋਂਦੇ ਹਨ। ਪਰ ਪੁਰਾਣੀ ਸਮਾਜਿਕ ਜਥੇਬੰਦੀ ਉਹਨਾਂ ਨੂੰ ਸੰਗਲ ਮਾਰ ਕੇ ਰੱਖਦੀ ਹੈ ਅਤੇ ਉਹਨਾਂ ਨੂੰ ਦਬਾਈ ਰੱਖਦੀ ਹੈ। ਇਸ ਦੀ ਤਬਾਹੀ ਵਿਅਕਤੀਗਤ ਕੀਤੇ ਅਤੇ ਖਿੱਲਰੇ ਹੋਏ ਉਤਪਾਦਨ ਦੇ ਸਾਧਨਾਂ ਦਾ ਇੱਕ ਥਾਂ ਕੀਤੇ ਜਾਣਾ, ਕਈਆਂ ਦੀ ਨਿੱਕੀ ਜਾਇਦਾਦ ਦਾ ਥੋੜ੍ਹਿਆਂ ਦੀ ਵੱਡੀ ਦਾਇਦਾਦ ਵਿੱਚ ਵੱਟ ਜਾਣਾ, ਲੋਕਾਂ ਦੇ ਵੱਡੇ ਸਮੂਹਾਂ ਦਾ ਧਰਤੀ ਤੋਂ, ਗੁਜ਼ਾਰੇ ਦੇ ਸਾਧਨਾਂ ਤੋਂ ਕਿਰਤ ਦੇ ਸਾਧਨਾਂ ਤੋਂ ਵਾਂਝੇ ਹੋ ਜਾਣਾ, ਲੋਕਾਂ ਦੇ ਜਨ ਸਮੂਹ ਦੀ ਇਹ ਡਰਾਉਣੀ ਅਤੇ ਦੁਖਦਾਈ ਲੁੱਟ ਪੂੰਜੀ ਦੇ ਇਤਿਹਾਸ ਦੇ ਆਰੰਭ ਦਾ ਸੰਕੇਤ ਹੁੰਦਾ ਹੈ।....

ਤਬਦੀਲੀ ਦੀ ਇਹ ਕਿਰਿਆ ਜਿਵੇਂ ਹੀ ਪੁਰਾਣੇ ਸਮਾਜ ਨੂੰ ਉੱਪਰ ਤੋਂ ਹੇਠਾਂ ਤੱਕ ਕਾਫੀ ਭੰਨ ਤੋੜ ਦਿੰਦੀ ਹੈ, ਮਜ਼ਦੂਰ ਜਿਵੇਂ ਹੀ ਪ੍ਰੋਲੇਤਾਰੀ ਬਣ ਜਾਂਦੇ ਹਨ ਅਤੇ ਉਹਨਾਂ ਦੇ ਕਿਰਤ ਦੇ ਸਾਧਨ ਪੂੰਜੀ ਵਿੱਚ ਵੱਟ ਜਾਂਦੇ ਹਨ, ਪੂੰਜਾਵੀਦ ਉਤਪਾਦਨ ਪ੍ਰਣਾਲੀ ਜਿਵੇਂ ਹੀ ਆਪਣੇ ਪੈਰਾਂ ਉੱਪਰ ਖੜੀ ਹੋ ਜਾਂਦੀ ਹੈ, ਉਵੇਂ ਹੀ ਕਿਰਤ ਦਾ ਵਧੇਰੇ ਸਮਾਜੀਕਰਨ ਦਾ ਸਵਾਲ ਜ਼ਮੀਨ ਅਤੇ ਉਤਪਾਦਨ ਦੇ ਹੋਰਨਾਂ ਸਾਧਨਾਂ ਨੂੰ ਸਮਾਜਿਕ ਢੰਗ ਨਾਲ ਰਵਾਇਤੀ ਸਾਧਨਾਂ ਅਤੇ ਇਸ ਲਈ ਸਮੂਹ ਸਾਧਨਾਂ ਵਿੱਚ ਹੋਰ ਵੀ ਵਧੇਰੇ ਰੂਪਾਂਤ੍ਰਿਤ ਕਰ ਦੇਣ ਦਾ ਸਵਾਲ ਅਤੇ ਨਾਲ ਹੀ ਨਿੱਜੀ ਜਾਇਦਾਦ ਦੇ ਮਾਲਕਾਂ ਦੀ ਜਾਇਦਾਦ ਦੀ ਵਧੇਰੇ ਲੁੱਟ ਕਰਨ ਦਾ ਸਵਾਲ ਇੱਕ ਨਵਾਂ ਰੂਪ ਧਾਰਨ ਕਰ ਲੈਂਦੇ ਹਨ। ਹੁਣ ਜਿਸ ਦੀ ਜਾਇਦਾਦ ਦੀ ਲੁੱਟ ਜ਼ਰੂਰੀ ਹੋ ਜਾਂਦੀ ਹੈ, ਉਹ ਖੁਦ ਆਪਣੇ ਲਈ ਕੰਮ ਕਰਨ ਵਾਲਾ ਮਜ਼ਦੂਰ ਨਹੀਂ ਹੈ, ਸਗੋਂ ਉਹ ਬਹੁਤ ਸਾਰੇ ਮਜ਼ਦੂਰਾਂ ਦੀ ਲੁੱਟ ਕਰਨ ਵਾਲਾ ਸਰਮਾਏਦਾਰ ਹੁੰਦਾ ਹੈ।

ਜਾਇਦਾਦ ਦੀ ਇਹ ਜ਼ਬਤੀ ਖੁਦ ਸਰਮਾਏਦਾਰੀ ਉਤਪਾਦਨ ਦੇ ਜਮਾਂਦਰੂ ਨੇਮਾਂ ਦੇ ਅਮਲ ਵਿੱਚ ਆਉਣ ਦੇ ਫਲਸਰੂਪ ਸਰਮਾਏ ਦੇ ਕੇਂਦਰੀਕਰਨ ਦੇ ਰਾਹੀਂ ਪੂਰੀ ਹੁੰਦੀ ਹੈ। ਇੱਕ ਸਰਮਾਏਦਾਰ ਹਮੇਸ਼ਾ ਬਹੁਤ ਸਾਰੇ ਸਰਮਾਏਦਾਰਾਂ ਦੀ ਹੱਤਿਆ ਕਰਦਾ ਹੈ। ਇਸ ਕੇਂਦਰੀਕਰਨ ਦੇ ਨਾਲ ਜਾਂ ਇਉਂ ਕਹਿ ਲਵੋ ਕਿ ਕੁੱਝ ਸਰਮਾਏਦਾਰਾਂ ਵੱਲੋਂ ਬਹੁਤ ਸਾਰੇ ਸਰਮਾਏਦਾਰਾਂ ਦੀ ਇਸ ਜਾਇਦਾਦ ਦੀ ਜ਼ਬਤੀ ਦੇ ਨਾਲ-ਨਾਲ ਵਧੇਰੇ ਵੱਧਦੇ ਹੋਏ ਪੈਮਾਨੇ ਉੱਤੇ ਕਿਰਤ ਕਿਰਿਆ ਦਾ ਸਹਿਕਾਰੀ ਰੂਪ ਵਿਕਸਿਤ ਹੁੰਦਾ ਹੈ, ਵਿਗਿਆਨ ਦੀ ਸੁਚੇਤ ਤਕਨੀਕੀ ਵਰਤੋਂ ਕੀਤੀ ਜਾਂਦੀ ਹੈ, ਧਰਤੀ ਦੀ ਤਰੀਕਾਕਾਰੀ ਵਾਹੀ ਕੀਤੀ ਜਾਂਦੀ ਹੈ, ਕਿਰਤ ਦੇ ਸੰਦਾਂ ਨੂੰ ਅਜਿਹੇ ਕਿਰਤ ਦੇ ਸੰਦਾਂ ਵਿੱਚ ਬਦਲਿਆ ਜਾਂਦਾ ਹੈ, ਜਿਹੜੇ ਕੇਵਲ ਸਾਂਝੇ ਤੌਰ 'ਤੇ ਵਰਤੇ ਜਾ ਸਕਦੇ ਹਨ। ਉਤਪਾਦਨ ਦੇ ਸਾਰੇ ਸੰਦਾਂ ਦੀ ਇਕੱਠੀ ਸਮਾਜੀਕ੍ਰਿਤ ਹੋਈ ਕਿਰਤ ਦੀ ਉਤਪਾਦਨ ਦੇ ਸਾਧਨਾਂ ਵਜੋਂ ਬੱਚਤ ਕੀਤੀ ਜਾਂਦੀ ਹੈ। ਗੁਰਬਤ, ਜਬਰ, ਗੁਲਾਮੀ, ਲੁੱਟ-ਖੋਹ ਵਧਦੇ ਹਨ, ਪਰ ਇਸ ਨਾਲ ਮਜ਼ਦੂਰ ਜਮਾਤ ਦੀ ਗਿਰਾਵਟ ਵੀ ਫੈਲਦੀ ਹੈ, ਇਹ ਜਮਾਤ ਗਿਣਤੀ ਵਿੱਚ ਸਦਾ ਵੱਧਦੀ ਹੈ ਅਤੇ ਸਰਮਾਏਦਾਰੀ ਦੀ ਬਣਤਰ ਕਾਰਨ ਜ਼ਾਬਤੇ ਵਿੱਚ ਇਕਮੁੱਠ ਅਤੇ ਜਥੇਬੰਦ ਹੋਈ ਹੰਦੀ ਹੈ। ਸਰਮਾਏਦਾਰਾਂ ਦੀ ਇਜਾਰੇਦਾਰੀ ਉਤਪਾਦਨ ਦੇ ਤਰੀਕੇ ਉੱਤੇ ਇੱਕ ਜ਼ੰਜੀਰ ਬਣ ਜਾਂਦੀ ਹੈ। ਉਤਪਾਦਨ ਦਾ ਇਹ ਤਰੀਕਾ ਸਰਮਾਏ ਦੇ ਅਧੀਨ ਹੀ ਪੈਦਾ ਹੋਇਆ ਹੁੰਦਾ ਹੈ ਅਤੇ ਇਸ ਦੇ ਨਾਲ ਅਤੇ ਇਸ ਦੇ ਅਧੀਨ ਹੀ ਇਸ ਨੇ ਤਰੱਕੀ ਕੀਤੀ ਹੁੰਦੀ ਹੈ। ਉਤਪਾਦਨ ਦੇ ਸਾਧਨਾਂ ਦਾ

ਕੇਂਦਰੀਕਰਨ ਅਤੇ ਕਿਰਤ ਦਾ ਸਮਾਜੀਕਰਨ ਅਖੀਰ ਇੱਕ ਅਜਿਹੇ ਨੁਕਤੇ 'ਤੇ ਪਹੁੰਚਦੇ ਹਨ, ਜਿੱਥੇ ਉਹ ਆਪਣੇ ਸਰਮਾਏਦਾਰੀ ਖੋਲ ਅੰਦਰ ਨਹੀਂ ਰਹਿ ਸਕਦੇ। ਇਉਂ ਇਹ ਕੋਲ ਫਟ ਜਾਂਦਾ ਹੈ। ਸਰਮਾਏਦਾਰ ਨਿੱਜੀ ਜਾਇਦਾਦ ਦੀ ਮੌਤ ਦੀ ਘੰਟੀ ਵੱਜ ਜਾਂਦੀ ਹੈ। ਲੁੱਟਣ ਵਾਲੇ ਆਪਣੀ ਜਾਇਦਾਦ ਖੁਹਾ ਬਹਿੰਦੇ ਹਨ।"

(ਪੂੰਜੀ, ਜਿਲਦ ਪਹਿਲੀ, ਪੰਨਾ 821-22-23)

ਖੇਤੀ ਖੇਤਰ ਵਿੱਚ ਵੱਧ ਤੋਂ ਵੱਧ ਉਤਪਾਦਨ ਹਾਸਲ ਕਰਨ ਲਈ ਕਿਰਤ ਦੀ ਉਤਪਾਦਕਤਾ ਵਧਾਉਣ ਲਈ, ਪੂੰਜੀਵਾਦੀ ਫਾਰਮਰ ਲਗਾਤਾਰ ਨਵੀਂ ਤੋਂ ਨਵੀਂ ਤਕਨੀਕ ਅਪਣਾਉਂਦੇ ਹਨ। ਸਪੇਖਿਕ ਵਾਧੂ ਕਦਰ ਹਾਸਲ ਕਰਨ ਲਈ ਖੇਤੀ ਵਿੱਚ ਲੱਗੀ ਕੁੱਲ ਪੂੰਜੀ ਵਿੱਚ ਅਸਥਿਰ ਪੂੰਜੀ ਦੇ ਮੁਕਾਬਲੇ ਸਥਿਰ ਪੂੰਜੀ ਦੀ ਮੱਦ ਵਿੱਚ ਵਾਧਾ ਹੁੰਦਾ ਹੈ। ਪੂੰਜੀ ਦੀ ਅਵੈਵੀ ਬਣਤਰ ਉੱਚੀ ਹੋ ਜਾਂਦੀ ਹੈ। ਸਿੱਟੇ ਵਜੋਂ ਮੁਨਾਫੇ ਦੀ ਦਰ ਲਗਾਦਾਰ ਘਟਦੇ ਜਾਣ ਦਾ ਰੁਝਾਨ ਜਨਮ ਲੈਂਦਾ ਹੈ। ਇਸ ਰੁਝਾਨ ਨੂੰ ਮਾਰਕਸ "ਮੁਨਾਫੇ ਦੀ ਦਰ ਡਿੱਗਣ ਦੇ ਰੁਝਾਨ ਦਾ ਨਿਯਮ ਕਹਿੰਦੇ ਹਨ।" ਮਾਰਕਸ ਦੇ ਸ਼ਬਦਾਂ ਵਿੱਚ, "ਮੁਨਾਫੇ ਦੀ ਦਰ ਵਿੱਚ ਗਿਰਾਵਟ ਅਤੇ ਇਕੱਤਰੀਕਰਨ ਵਿੱਚ ਤੇਜ਼ੀ ਇੱਕ ਹੀ ਪ੍ਰਕ੍ਰਿਆ ਦੇ ਵੱਖ-ਵੱਖ ਪ੍ਰਗਟਾਵੇ ਹਨ ਸਿਰਫ ਉੱਥੋਂ ਤੱਕ ਕਿ ਦੋਵੇਂ ਹੀ ਉਤਪਾਦਕਾ ਦੇ ਵਿਕਾਸ ਨੂੰ ਦਰਸਾਉਂਦੇ ਹਨ। ਇਕੱਤਰੀਕਰਨ ਆਪਣੀ ਵਾਰੀ ਵਿੱਚ ਮੁਨਾਫੇ ਦੀ ਦਰ ਦੇ ਡਿੱਗਣ ਨੂੰ ਤੇਜ਼ ਕਰ ਦਿੰਦਾ ਹੈ, ਜਿਸ ਹੱਦ ਤੱਕ ਕਿ ਇਸ ਨੇ ਕਿਰਤ ਨੂੰ ਵੱਡੇ ਪੈਮਾਨੇ ਤੇ ਸੰਕੇਂਦਰਤ ਕਰ ਦਿੱਤਾ ਹੁੰਦਾ ਹੈ ਅਤੇ ਇਸ ਤਰਾਂ ਪੂੰਜੀ ਦੀ ਉੱਚੀ ਬਣਤਰ ਹੋਂਦ ਵਿੱਚ ਆਉਂਦੀ ਹੈ, ਦੂਸਰੇ ਪਾਸੇ ਮੁਨਾਫੇ ਦੀ ਦਰ ਵਿੱਚ ਗਿਰਾਵਟ ਦੁਬਾਰਾ ਪੂੰਜੀ ਦੇ ਸੰਕੇਦਰਣ ਨੂੰ ਅਤੇ ਕੇਂਦਰੀਕਰਨ ਨੂੰ ਛੋਟੇ ਪੂੰਜੀਪਤੀਆਂ ਅਤੇ ਮੁੱਠੀ ਭਰ ਸਿੱਧੇ ਉਤਪਾਦਕਾਂ, ਜਿਨ੍ਹਾਂ ਕੋਲ ਅਜੇ ਵੀ ਖੁਹਾਉਣ ਲਈ ਕੁੱਝ ਬੱਚਿਆ ਹੁੰਦਾ ਹੈ, ਦੀ ਲੁੱਟ ਰਾਹੀਂ ਤੇਜ਼ ਕਰ ਦਿੰਦੀ ਹੈ।"

(ਕੈਪੀਟਲ, ਜਿਲਦ, 3 ਪੰਨਾ 241, ਅਨੁਵਾਦ ਸਾਡਾ)

## ਛੋਟੇ ਮਾਲਕਾਨੇ ਨੂੰ ਬਚਾਈ ਰੱਖਣ ਦੀਆਂ ਪਿਛਾਂਹ-ਖਿੱਚੂ ਕੋਸ਼ਿਸ਼ਾਂ

ਪੂੰਜੀਵਾਦੀ ਪ੍ਰਬੰਧ ਵਿੱਚ ਛੋਟੇ ਮਾਲਕਾਨੇ ਦੀ ਤਬਾਹੀ ਅਟੱਲ ਹੈ। ਇਹ ਮਨੁੱਖੀ ਇੱਛਾ ਤੋਂ ਆਜ਼ਾਦ ਇੱਕ ਬਾਹਰਮੁਖੀ ਨਿਯਮ ਹੈ। ਪੂੰਜੀਵਾਦੀ ਪ੍ਰਬੰਧ ਦੀ ਉਮਰ ਲੰਬੀ ਕਰਨ ਲਈ ਇਸ ਪ੍ਰਕ੍ਰਿਆ ਨੂੰ ਧੀਮਾ ਤਾਂ ਕੀਤਾ ਜਾ ਸਕਦਾ ਹੈ ਪਰ ਮੂਲੋਂ ਰੋਕਿਆ ਨਹੀਂ ਜਾ ਸਕਦਾ। ਵਿਕਸਿਤ ਪੂੰਜੀਵਾਦੀ ਦੇਸ਼ਾਂ ਦੀ ਉਦਾਹਰਣ ਸਾਡੇ ਸਾਹਮਣੇ ਹੈ। ਪਿਛਲੇ ਦਿਨੀਂ ਅਮਰੀਕਾ ਵਿੱਚ ਕਿਸਾਨਾਂ ਦੀ ਕੁੱਲ ਸੰਖਿਆ ਜ਼ੀਰੋ ਦੱਸੀ ਗਈ ਹੈ। ਇਹੋ ਹਾਲ ਹੋਰ ਵਿਕਸਿਤ ਪੂੰਜੀਵਾਦੀ ਦੇਸ਼ਾਂ ਦਾ ਹੈ। ਇਹੋ ਪ੍ਰਕ੍ਰਿਆ ਲਾਤੀਨੀ ਅਮਰੀਕਾ, ਪੂਰਬੀ ਯੂਰਪ ਦੇ ਦੇਸ਼ਾਂ ਅਤੇ ਕੁੱਝ ਹੱਦ ਤੱਕ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਵੀ ਚੱਲੀ ਹੈ। ਇਹ ਸਮਾਜ ਵੱਡੀ ਪੱਧਰ 'ਤੇ ਧਰੁਵੀਕ੍ਰਿਤ ਹੋ ਚੁੱਕੇ ਹਨ। ਛੋਟੇ ਕਿਸਾਨਾਂ ਦਸਤਕਾਰਾਂ ਅਤੇ ਮੱਧ ਵਰਗ ਦੇ ਹੋਰ ਹਿੱਸਿਆਂ ਦਾ ਵੱਡਾ ਹਿੱਸਾ ਸ਼ਹਿਰੀ ਪ੍ਰੋਲੇਤਾਰੀਆਂ ਵਿਚ ਜਾ ਮਿਲਿਆ ਹੈ। ਇਹੋ ਪ੍ਰਕਿਰਿਆ ਭਾਰਤ ਵਿਚ ਵੀ ਜਾਰੀ ਹੈ ਜੋ ਦਿਨੋ-ਦਿਨ ਤੇਜ਼ ਹੋ ਰਹੀ ਹੈ।

ਛੋਟੇ ਮਾਲਕਾਨੇ ਖਾਸ ਕਰ ਛੋਟੇ ਕਿਸਾਨਾਂ ਦੇ ਉੱਜੜ ਕੇ ਪ੍ਰੋਲੇਤਾਰੀ ਬਣਨ ਦੇ ਕਈ ਕਾਰਨ ਹਨ, ਕੁਝ ਅੰਦਰੂਨੀ ਅਤੇ ਕੁਝ ਬਾਹਰੀ। ਖੇਤੀ ਵਿੱਚ ਪੂੰਜੀਵਾਦੀ ਪੈਦਾਵਾਰੀ ਸੰਬੰਧਾਂ ਦੇ ਵਿਕਾਸ ਵਜੋਂ ਖੇਤੀ ਦਾ ਦਿਨੋ-ਦਿਨ ਪੂੰਜੀ ਪ੍ਰਧਾਨ ਹੁੰਦੇ ਜਾਣਾ, ਲਾਗਤਾਂ ਦਾ ਲਗਾਤਾਰ ਵੱਧਦੇ ਜਾਣਾ, ਖੇਤੀ ਲਈ ਲੋੜੀਂਦੀ ਪੂੰਜੀ ਜੁਟਾਉਣ ਲਈ ਕਿਸਾਨਾਂ ਵੱਲੋਂ ਕਰਜ਼ਾ ਲੈਣਾ ਅਤੇ ਜੇ ਇਹ ਕਰਜ਼ਾ ਨਾ ਮੁੜ ਸਕੇ ਤਾਂ ਆਪਣੀ ਜ਼ਮੀਨ ਦੇ ਛੋਟੇ ਟੁਕੜੇ ਤੋਂ ਵੀ ਹੱਥ ਧੋ ਬੈਠਣਾ । ਇਹ ਭਾਰਤੀ ਅਰਥਚਾਰੇ ਦੀ ਅੰਦਰੂਨੀ ਗਤੀ ਹੈ। ਦੂਸਰਾ ਕਾਰਨ ਹੈ ਵਿਦੇਸ਼ਾਂ ਤੋਂ ਸਸਤੀਆਂ ਖੇਤੀ ਵਸਤਾਂ ਦਾ ਆਯਾਤ । ਇਸ ਕਾਰਨ ਵੀ ਭਾਰਤ ਦੇ ਕਿਸਾਨਾਂ ਦੀ ਅੱਛੀ ਖਾਸੀ ਆਬਾਦੀ ਖੇਤੀ



ਖੇਤਰ ਤੋਂ ਬਾਹਰ ਹੋ ਰਹੀ ਹੈ।

ਪਰ ਇਹ ਸਭ ਸਾਡੇ ਦੇਸ਼ ਦੇ ਅਖੌਤੀ ਕਮਿਊਨਿਸਟਾਂ ਦੀ ਸਹਿਣ ਸੀਮਾ ਤੋਂ ਬਾਹਰੀ ਗੱਲ ਹੈ। ਇਹ ਹਰ ਹਾਲ ਛੋਟੇ ਮਾਲਕਾਂ ਨੂੰ ਉਨ੍ਹਾਂ ਦੀ ਥੋੜ੍ਹੀ ਜਿਹੀ ਪੂੰਜੀ ਨਾਲ ਨਰੜੀ ਰੱਖਣਾ ਚਾਹੁੰਦੇ ਹਨ। ਮਾਰਕਸ ਤੋਂ ਮਾਓ ਤੱਕ ਦੀਆਂ ਕਸਮਾਂ ਖਾਣ ਵਾਲੇ ਪਰਚੇ ਲਾਲ ਤਾਰੇ, ਲਾਲ ਪਰਚਮ, ਸਮਕਾਲੀ ਦਿਸ਼ਾ ਤੋਂ ਲੈ ਕੇ ਸੀ.ਪੀ.ਆਈ., ਸੀ.ਪੀ.ਐਮ. ਦੇ ਵੱਖ-ਵੱਖ ਧੜੇ ਸੀ.ਪੀ.ਆਈ., (ਮ.ਲ.) ਨਿਊ ਡੈਮੋਕਰੇਸੀ ਆਦਿ ਸਭ ਇਸ ਪਿਛਾਂਹ-ਖਿੱਚੂ ਕਾਰਜ ਯੋਜਨਾ ਵਿੱਚ ਮਸ਼ਰੂਫ ਹਨ। ਸੁਰਖ ਰੇਖਾ ਦਾ ਕਹਿਣਾ ਹੈ, "ਕਰਜ਼ੇ ਹੇਠ ਬੁਰੀ ਤਰ੍ਹਾਂ ਨਪੀੜੀ ਹੋਈ ਅਤੇ ਡੁੱਬ ਰਹੀ ਕਿਸਾਨੀ ਨੂੰ ਬਚਾਉਣ ਲਈ ਸਰਕਾਰ ਵੱਲੋਂ ਧੱਕੀ ਜਾ ਰਹੀ ਨਿੱਜੀਕਰਨ ਦੀ ਹਨ੍ਹੇਰੀ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ। (ਸਤੰਬਰ-ਦਸੰਬਰ-2003 ਪੰਨਾ 43) ਲਾਲ ਪਰਚਮ ਵੀ ਪਿੱਛੇ ਨਹੀਂ ਹੈ, ਇਹ ਲਿਖਦਾ ਹੈ, "ਬਦੇਸ਼ੀ ਵਸਤਾਂ ਦੇ ਹੜ੍ਹ ਅੱਗੇ ਭਾਰਤੀ ਆਰਥਿਕਤਾ ਦਾ ਸੰਕਟ ਗਹਿਰਾ ਹੋ ਜਾਵੇਗਾ। ਇਕ ਰਿਪੋਰਟ ਅਨੁਸਾਰ ਅਜਿਹੀ ਹਾਲਤ ਵਿਚ ਛੋਟੇ ਕਿਸਾਨ ਤਬਾਹ ਹੋ ਜਾਣਗੇ ਅਤੇ ਉਹ ਆਪਣੀਆਂ ਜ਼ਮੀਨਾਂ ਵੇਚ ਸ਼ਹਿਰਾਂ ਵੱਲ ਨੂੰ ਦੌੜ ਜਾਣਗੇ।...ਜਿਸ ਤਰ੍ਹਾਂ ਸਰਕਾਰ ਦੀਆਂ ਨਵੀਆਂ ਆਰਥਿਕ ਨੀਤੀਆਂ ਰੰਗ ਲਿਆਉਣਗੀਆਂ ਤਾਂ ਇਹਨਾਂ ਛੋਟੇ ਉਤਪਾਦਕਾਂ ਨੂੰ ਸੜਕਾਂ 'ਤੇ ਆਉਣਾ ਪਵੇਗਾ।....ਸਰਕਾਰ ਦਾ ਇਹ ਫਰਜ਼ ਬਣਦਾ ਹੈ...ਕਿ ਉਹ ਬਦੇਸ਼ੀ ਮਾਲ ਦੇ ਭਾਰਤੀ ਮੰਡੀ ਵਿੱਚ ਦਾਖਲੇ ਦੇ ਸਿੱਟੇ ਵਜੋਂ ਛੋਟੇ ਉਤਪਾਦਕਾਂ ਦਾ ਉਜਾੜਾ ਰੋਕੇ ਜਾਣ ਦਾ ਪ੍ਰਬੰਧ ਕਰੇ। (ਜੁਲਾਈ-ਅਗਸਤ 2000-ਪੰਨਾ 10-11)

ਦਿਸ਼ਾ ਦਾ ਪ੍ਰਵਚਨ ਵੀ ਸੁਣੋ, "ਖੁੱਲ੍ਹੀ ਮੰਡੀ ਸਮਰਥਨ ਮੁੱਲ ਦੇ ਖਾਤਮੇ ਰਾਹੀਂ ਕਿਸਾਨਾਂ ਦੀ ਤਬਾਹੀ ਦਾ ਕਾਰਨ ਬਣੇਗੀ।.......ਉਨ੍ਹਾਂ ਭਾਰਤ ਦੇ ਥੁੜਾਂ ਮਾਰੇ ਕਰੋੜਾਂ ਕਿਸਾਨਾਂ ਨੂੰ ਬਰਬਾਦ ਹੋ ਜਾਣ ਲਈ, ਵਿਦੇਸ਼ੀ ਬਘਿਆੜ ਅਤੇ ਬਹੁਕੌਮੀ ਕੰਪਨੀਆਂ ਦੇ ਮੁਕਾਬਲੇ ਲਈ ਖੁੱਲ੍ਹੀ ਮੰਡੀ ਵਿੱਚ ਸੁੱਟ ਦੇਣ ਦਾ ਫੈਸਲਾ ਕਰ ਲਿਆ ਹੈ।.....ਕੁੱਲ ਮਿਲਾ ਕੇ ਅਸੀਂ ਇਸ ਨਤੀਜੇ ਉੱਤੇ ਪਹੁੰਚਦੇ ਹਾਂ ਕਿ ਇਹ ਖੇਤੀ ਨੀਤੀ ਆਪਣੇ ਫਰੇਬੀ ਅਤੇ ਧੋਖੇ ਭਰੇ ਦਾਹਵਿਆਂ ਦੇ ਬਾਵਜੂਦ ਪਹਿਲਾਂ ਹੀ ਸੰਕਟ ਵਿਚ ਫਸੀ ਭਾਰਤੀ ਖੇਤੀ ਅਤੇ ਕਿਸਾਨੀ ਨੂੰ ਹੋਰ ਵਧੇਰੇ ਤੇਜ਼ੀ ਨਾਲ ਤਬਾਹੀ ਵੱਲ ਤੋਰੇਗੀ।....ਇਸ ਦਾ ਲਾਜ਼ਮੀ ਹੀ ਵਿਰੋਧ ਕੀਤਾ ਜਾਣਾ ਚਾਹੀਦਾ ਹੈ।"

(ਨਵੰਬਰ-ਦਸੰਬਰ 2000, ਪੰਨਾ 9-10)

ਛੋਟੇ ਮਾਲਕਾਨੇ ਪ੍ਰਤੀ ਉਪਰੋਕਤ ਪਰਚਿਆਂ ਅਤੇ ਪਾਰਟੀਆਂ ਦੇ ਸਹਿਤ ਵਿੱਚ ਉਪਭਾਵੁਕਤਾ ਦੀ ਭਰਮਾਰ ਹੈ, ਜੇਕਰ ਕਿਸੇ ਚੀਜ਼ ਦੀ ਕਮੀ ਹੈ ਤਾਂ ਬੱਸ ਵਿਗਿਆਨਕ ਸਮਝ ਦੀ। ਸੰਸਾਰ ਮਜ਼ਦੂਰ ਜਮਾਤ ਦੇ ਮਹਾਨ ਆਗੂਆਂ, ਅਧਿਆਪਕਾਂ ਖਾਸ ਕਰਕੇ ਮਾਰਕਸ, ਏਂਗਲਜ਼ ਅਤੇ ਲੈਨਿਨ ਦੀ ਛੋਟੇ ਮਾਲਕਾਨੇ ਦੀ ਤਬਾਹੀ ਬਰਬਾਦੀ ਪ੍ਰਤੀ ਇਕ ਵੱਖਰੀ ਹੀ ਪਹੁੰਚ ਨਜ਼ਰ ਆਉਂਦੀ ਹੈ। ਪੱਛੜੇ ਹੋਏ, ਛੋਟੇ ਕਿਸਾਨਾਂ ਦੀ ਵੱਡੀ ਆਬਾਦੀ ਵਾਲੇ ਪੂੰਜੀਵਾਦੀ ਦੇਸ਼ਾਂ ਵਿੱਚ ਛੋਟੇ ਮਾਲਕਾਨੇ ਪ੍ਰਤੀ ਪਹੁੰਚ ਇਕ ਵੱਡੀ ਸਮੱਸਿਆ ਰਹੀ ਹੈ। ਜਦੋਂ ਪੂੰਜੀ ਦੇ ਆਪਣੇ ਹੀ ਤਰਕ ਨਾਲ ਛੋਟੇ ਮਾਲਕਾਨਾ ਤਬਾਹ ਹੁੰਦਾ ਹੈ ਤਾਂ ਉਹ ਆਪਣੀ ਤਬਾਹੀ 'ਤੇ ਛਟਪਟਾਉਂਦਾ ਹੈ। ਛੋਟੇ ਮਲਕਾਨੇ ਦੀ ਇਸ ਛਟਪਟਾਹਟ 'ਚੋਂ ਉਸ ਦੇ ਵਿਚਾਰ, ਉਸਦੇ ਸਿਧਾਂਤਕਾਰ ਵੀ ਜਨਮ ਲੈਂਦੇ ਹਨ। ਛੋਟੇ ਮਾਲਕਾਨੇ ਦੇ ਇਹ ਵਿਚਾਰ ਲਗਾਤਾਰ ਮਜ਼ਦੂਰ ਜਮਾਤ ਦੀਆਂ ਸਫਾਂ ਵਿੱਚ ਘੁਸਪੈਠ ਕਰਕੇ ਪ੍ਰਦੂਸ਼ਣ ਫੈਲਾਉਂਦੇ ਰਹਿੰਦੇ ਹਨ। ਮਾਰਕਸ, ਏਂਗਲਜ਼ ਨੂੰ ਵੀ ਛੋਟੇ ਮਾਲਕਾਨੇ ਦੇ ਸਿਧਾਂਤਕਾਰਾਂ ਖਾਸ ਕਰ ਪਰੂਦੋਂ ਅਤੇ ਸਿਸਮਾਂਦੀ ਨਾਲ ਜ਼ੋਰਦਾਰ ਸੰਘਰਸ਼ ਕਰਨਾ ਪਿਆ ਸੀ। ਰੂਸ ਵਿੱਚ ਜਿੱਥੇ, 1861 ਦੇ ਜ਼ਮੀਨੀ ਸੁਧਾਰਾਂ ਤੋਂ ਬਾਅਦ ਪੂੰਜੀਵਾਦੀ ਵਿਕਾਸ ਸ਼ੁਰੂ ਹੋਇਆ ਸੀ, ਛੋਟੇ ਮਾਲਕਾਨੇ ਦੇ ਵਿਚਾਰ ਨਰੋਦਵਾਦ ਦੇ ਰੂਪ ਵਿਚ ਸਾਹਮਣੇ ਆਏ। ਪਹਿਲਾਂ ਪਲੈਖਾਨੋਵ ਅਤੇ ਫਿਰ ਲੈਨਿਨ ਨੂੰ ਨਰੋਦਵਾਦ ਨਾਲ ਤਿੱਖੀ ਟੱਕਰ ਲੈਣੀ ਪਈ। ਸਾਡੇ ਦੇਸ਼ ਵਿੱਚ ਛੋਟੇ

ਮਾਲਕਾਨੇ ਦੇ ਵਿਚਾਰਾਂ ਦੀ ਪ੍ਰਤੀਨਿਧਤਾ ਮੁੱਖ ਤੌਰ 'ਤੇ ਮ.ਲ. ਗਰੁੱਪ ਕਰਦੇ ਹਨ। ਇਸ ਲਈ ਇਹਨਾਂ ਛੋਟੇ ਮਾਲਕਾਨੇ ਦੇ ਵਿਚਾਰਾਂ ਦੀ ਹਾਰ ਭਾਰਤ ਵਿੱਚ ਮਜ਼ਦੂਰ ਲਹਿਰ ਦੇ ਅਗਲੇਰੇ ਵਿਕਾਸ ਦੀ ਪੂਰਵ ਸ਼ਰਤ ਹੈ।

ਸਾਡੇ ਨਰੋਦਨਿਕ (ਮ.ਲ. ਗਰੁੱਪ) ਛੋਟੇ ਮਾਲਕਾਨੇ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਵਿਚ ਫੌਰੀ ਤੌਰ 'ਤੇ ਜਮਾਤੀ ਧਰੁਵੀਕਰਨ ਨੂੰ ਰੋਕਦੇ ਹਨ, ਇਸ ਤਰ੍ਹਾਂ ਜਮਾਤੀ ਸੰਘਰਸ਼ ਦੀ ਧਾਰ ਖੁੰਢੀ ਕਰਦੇ ਹਨ, ਵੱਡੀ ਗਿਣਤੀ ਵਿਚ ਭਾਰਤੀ ਇਨਕਲਾਬ ਪ੍ਰਤੀ ਇਮਾਨਦਾਰ, ਵਫਾਦਾਰ ਕਮਿਊਨਿਸਟ ਕਾਡਰਾਂ ਦੀ ਗੁੰਮਰਾਹ ਕਰਦੇ ਹਨ। ਇਸ ਸਭ ਦਾ ਤਰਕਸ਼ੀਲ ਨਤੀਜਾ ਮੌਜੂਦਾ ਲੋਕ ਦੋਖੀ ਪ੍ਰਬੰਧ ਦੀ ਉਮਰ ਲੰਬੀ ਕਰਨ ਵਿਚ ਹੀ ਨਿਕਲਦਾ ਹੈ।

ਛੋਟੇ ਪੈਮਾਨੇ ਦੇ ਮਾਲਕਾਨੇ ਦੀ ਹੋਂਦ ਜਿੱਥੇ ਮਜ਼ਦੂਰਾਂ ਲਈ ਨੁਕਸਾਨਦੇਹ ਹੈ, ਉਥੇ ਖੁਦ ਛੋਟੇ ਮਾਲਕਾਨੇ ਲਈ ਵੀ ਨੁਕਸਾਨਦੇਹ ਹੈ। ਜੇਕਰ ਇਸ ਦੀ ਹੋਂਦ ਦਾ ਕਿਸੇ ਨੂੰ ਫਾਇਦਾ ਹੈ ਤਾਂ ਉਹ ਹੈ ਸਨਅਤੀ ਅਤੇ ਖੇਤੀ ਬੁਰਜੂਆਜ਼ੀ। ਕਿਉਂਕਿ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਨਾਲ ਬੱਝੇ ਕਿਸਾਨ ਜਿਹਨਾਂ ਦੀ ਜ਼ਮੀਨ ਇੰਨੀ ਘੱਟ ਹੁੰਦੀ ਹੈ ਕਿ ਉਸ ਦਾ ਅਤੇ ਉਸ ਦੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਉਸ ਨੂੰ ਕਿਰਤ ਮੰਡੀ ਵਿਚ ਆਪਣੀ ਕਿਰਤ ਸ਼ਕਤੀ ਵੀ ਵੇਚਣੀ ਪੈਂਦੀ ਹੈ। ਇਸ ਤਰ੍ਹਾਂ ਦੇ ਮਜ਼ਦੂਰਾਂ (ਅਰਧ ਮਜ਼ਦੂਰਾਂ) ਦੀ ਜੀਵਿਕਾ ਦਾ ਇੱਕ ਹਿੱਸਾ ਕਿਉਂਕਿ ਉਹਨਾਂ ਦੀ ਜ਼ਮੀਨ ਆਦਿ ਤੋਂ ਪ੍ਰਾਪਤ ਹੋ ਜਾਂਦਾ ਹੈ, ਇਸ ਤਰ੍ਹਾਂ ਨਾਲ ਛੋਟੀ ਸੰਪਤੀ ਦੇ ਮਾਲਕ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਉਜਰਤਾਂ ਨੀਵੀਆਂ ਰੱਖੇ ਜਾਣ ਦਾ ਕਾਰਨ ਬਣਦੇ ਹਨ। ਦੂਜੇ ਪਾਸੇ ਆਪਣੀ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਨਾਲ ਬੱਝੇ ਅਜਿਹੇ ਅਰਧ ਪ੍ਰੋਲੇਤਾਰੀ ਬਿਹਤਰ ਉਜਰਤਾਂ ਵਾਲੇ ਖੇਤਰ ਵਿਚ ਪ੍ਰਵਾਸ ਕਰਨ ਤੋਂ ਵੀ ਹਿਚਕਚਾਉਂਦੇ ਹਨ। ਜੇਕਰ ਉਹ ਪ੍ਰਵਾਸ ਕਰ ਵੀ ਜਾਂਦੇ ਹਨ ਤਾਂ ਉਹਨਾਂ ਦਾ ਬਾਕੀ ਪਰਿਵਾਰ ਆਪਣੀ ਜੀਵਿਕਾ ਦਾ ਇਕ ਹਿੱਸਾ ਜ਼ਮੀਨ ਤੋਂ ਪ੍ਰਾਪਤ ਕਰ ਲੈਂਦਾ ਹੋਣ ਕਰਕੇ, ਉਹ ਉੱਥੇ ਵੀ ਘੱਟ ਉਜਰਤ ਉੱਪਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਇਸ ਪ੍ਰਕਿਰਿਆ ਵਿਚ ਸੰਪਤੀ ਤੋਂ ਪੂਰੀ ਤਰ੍ਹਾਂ ਵਿਰਵੇ ਮਜ਼ਦੂਰ ਸਭ ਤੋਂ ਵੱਧ ਨਪੀੜੇ ਜਾਂਦੇ ਹਨ। ਲੈਨਿਨ ਲਿਖਦੇ ਹਨ, "ਪੱਛਮੀ ਯੂਰਪ ਵਿਚ ਜਿਹੜੇ ਖੇਤੀ ਮਾਹਰ, ਪੇਂਡੂ ਭਾਈਚਾਰੇ ਦੇ ਵਿਕਾਸ ਅਤੇ ਇਸ ਨੂੰ ਪੱਕੇ ਪੈਰੀਂ ਕਰਨ ਦੀ ਮੰਗ ਕਰਦੇ ਹਨ, ਉਹ ਕਿਸੇ ਵੀ ਤਰ੍ਹਾਂ ਸਮਾਜਵਾਦੀ ਨਹੀਂ ਹਨ, ਸਗੋਂ ਵੱਡੇ ਭੂਮੀਪਤੀਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਲੋਕ ਹਨ, ਜੋ ਮਜ਼ਦੂਰਾਂ ਨੂੰ ਜ਼ਮੀਨ ਦੇ ਛੋਟੇ ਟੁੱਕੜੇ ਮੁਹੱਈਆ ਕਰਵਾ ਕੇ ਬੰਨ੍ਹੀ ਰੱਖਣਾ ਚਾਹੁੰਦੇ ਹਨ।" (ਕਲੈਕਟਰਡ ਵਰਕਸ, ਜਿਲਦ 3, ਪੰਨਾ-28)

ਏਂਗਲਜ਼ ਦਾ ਕਹਿਣਾ ਹੈ, "ਛੋਟੇ ਕਿਸਾਨ ਨੂੰ ਉਸ ਦੀ ਸੰਪਤੀ ਨਾਲ ਨੱਥੀ ਰੱਖਣ ਦੀ ਤੁਹਾਡੀ ਕੋਸ਼ਿਸ਼, ਉਸਦੀ ਆਜ਼ਾਦੀ ਦੀ ਨਹੀਂ ਸਗੋਂ ਉਸ ਦੀ ਗੁਲਾਮੀ ਦੀ ਹੀ ਇਕ ਖਾਸ ਕਿਸਮ ਦੀ ਰਾਖੀ ਕਰਦੀ ਹੈ। ਇਹ ਅਜਿਹੀ ਸਥਿਤੀ ਨੂੰ ਹੋਰ ਲੰਮੇਰਾ ਕਰ ਦਿੰਦੀ ਹੈ, ਜਿਸ ਵਿਚ ਨਾ ਤਾਂ ਉਹ ਜਿਉਂਦਾ ਰਹਿ ਸਕਦਾ ਹੈ ਅਤੇ ਨਾ ਹੀ ਮਰ ਸਕਦਾ ਹੈ।" (ਫਰਾਂਸ ਅਤੇ ਜਰਮਨੀ ਵਿੱਚ ਕਿਸਾਨ ਸਵਾਲ)

ਭਾਰਤ ਵਿਚ ਛੋਟੇ ਮਾਲਕਾਂ, ਖਾਸ ਕਰਕੇ ਕਿਸਾਨਾਂ ਦੇ ਆਪਣੀ ਨੱਕੀ ਜਿਹੀ ਸੰਪਤੀ ਤੋਂ ਮੁਕਤ ਹੋ ਕੇ ਸ਼ਹਿਰਾਂ ਵਿੱਚ ਸਨਅਤੀ ਮਜ਼ਦੂਰ ਬਣਨ ਜਾਂ ਹੋਰ ਨਿੱਕੇ ਮੋਟੇ ਧੰਦਿਆਂ ਵਿੱਚ ਲੱਗਣ ਦਾ ਰੁਝਾਨ ਪਿਛਲੇ ਲੰਮੇ ਸਮੇਂ ਤੋਂ ਜਾਰੀ ਹੈ। 1991 (ਨਵੀਆਂ ਆਰਥਿਕ ਨੀਤੀਆਂ ਦੀ ਆਮਦ) ਤੋਂ ਬਾਅਦ ਇਹ ਪ੍ਰਕਿਰਿਆ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ। 1991 ਦੇ ਮੁਕਾਬਲੇ 2001 ਵਿਚ ਭਾਰਤ ਦੀ ਕੁੱਲ ਆਬਾਦੀ ਵਿੱਚ ਸ਼ਹਿਰੀ ਆਬਾਦੀ ਦਾ ਹਿੱਸਾ ਲਗਭਗ 4% ਵੱਧ ਗਿਆ ਹੈ। ਲੰਮੇ ਦਾਅ ਤੋਂ ਵੇਖਿਆ ਜਾਵੇ ਤਾਂ ਲੋਕਾਂ ਦੀ ਸ਼ਹਿਰਾਂ ਵਿੱਚ ਵੱਡੀ ਪੱਧਰ 'ਤੇ ਆਮਦ, ਸਨਅਤੀ ਮਜ਼ਦੂਰਾਂ ਅਤੇ ਕੁੱਲ ਮਜ਼ਦੂਰਾਂ ਦੀ ਵੱਧ ਰਹੀ ਸੰਖਿਆ, ਨਵੇਂ (ਸਮਾਜਵਾਦੀ



ਸਮਾਜ) ਸਮਾਜ ਦੀ ਉਸਾਰੀ ਲਈ ਜ਼ਰਖੇਜ਼ ਭੋਇੰ ਤਿਆਰ ਕਰ ਰਹੀ ਹੈ। ਪਰ ਸਾਡੇ ਮੋਟੀ ਮੱਤ ਵਾਲੇ ਨਰੋਦਨਿਕ ਇਸ ਪੂਰੀ ਪ੍ਰਕਿਰਿਆ ਨੂੰ ਉਲਟਾ ਗੇੜਾ ਦੇਣ ਦੀਆਂ ਕੋਸ਼ਿਸ਼ਾਂ ਵਿੱਚ ਰੁੱਝੇ ਹੋਏ ਹਨ। ਲੈਨਿਨ ਲਿਖਦੇ ਹਨ, "ਨਰੋਦਨਿਕ ਸਿਧਾਂਤ ਦੇ ਮੁਕਾਬਲੇ ਅਸੀਂ ਜ਼ੋਰ ਨਾਲ ਕਹਿੰਦੇ ਹਾਂ ਕਿ ਮਜ਼ਦੂਰਾਂ ਦਾ ਪ੍ਰਵਾਸ' ਨਾ ਸਿਰਫ ਖੁਦ ਮਜ਼ਦੂਰਾਂ ਨੂੰ ਸ਼ੁੱਧ ਆਰਥਿਕ ਲਾਭ ਪਹੁੰਚਾਉਂਦਾ ਹੈ, ਪ੍ਰੰਤੂ ਆਮ ਤੌਰ 'ਤੇ ਪ੍ਰਗਤੀਸ਼ੀਲ ਕਿਹਾ ਜਾਣਾ ਚਾਹੀਦਾ ਹੈ। ਲੋਕਾਂ ਦਾ ਧਿਆਨ ਬਾਹਰੀ ਰੋਜ਼ਗਾਰ ਦੀ ਬਜਾਏ ਸਥਾਨਕ ਨੇੜਲੇ ਕਿੱਤਿਆਂ ਵੱਲ ਨਹੀਂ ਮੋੜਨਾ ਚਾਹੀਦਾ, ਸਗੋਂ ਇਸ ਦੇ ਉਲਟ, ਪ੍ਰਵਾਸ ਦੇ ਰਾਹ ਵਿਚ ਸਾਰੀਆਂ ਰੁਕਾਵਟਾਂ ਹਟਾਉਣ, ਇਹਨੂੰ ਹਰ ਤਰ੍ਹਾਂ ਸੌਖਾ ਬਣਾਉਣ, ਮਜ਼ਦੂਰਾਂ ਦੇ ਸਫਰ ਆਦਿ ਦੀਆਂ ਹਾਲਤਾਂ ਸੁਧਾਰਨ ਅਤੇ ਕੀਮਤ ਘਟਾਉਣ ਵੱਲ ਧਿਆਨ ਦਿਵਾਉਣਾ ਚਾਹੀਦਾ ਹੈ, ਸਾਡੇ ਇਸ ਜ਼ੋਰ ਦਾ ਅਧਾਰ ਇਹ ਹੈ:-

* "ਪ੍ਰਵਾਸ" ਤੋਂ ਮਜ਼ਦੂਰਾਂ ਨੂੰ ਹੋਣ ਵਾਲਾ ਸ਼ੁੱਧ ਆਰਥਿਕ ਲਾਭ ਇਹ ਹੈ ਕਿ ਉਹ ਉਹਨਾਂ ਥਾਵਾਂ ਵੱਲ ਜਾਂਦੇ ਹਨ ਜਿੱਥੇ ਉਜਰਤਾ ਵਧੇਰੇ ਹੁੰਦੀਆਂ ਹਨ, ਜਿੱਥੇ ਰੁਜ਼ਗਾਰ ਮੰਗਣ ਵਾਲਿਆਂ ਦੇ ਰੂਪ ਵਿਚ ਉਹਨਾਂ ਦੀ ਸਥਿਤੀ ਵਧੇਰੇ ਫਾਇਦੇਮੰਦ ਹੁੰਦੀ ਹੈ।

* "ਪ੍ਰਵਾਸ" ਕਿਰਤ ਸੇਵਾ ਅਤੇ ਖ੍ਰੀਦ ਦੀਆਂ ਬੰਧੂਆਂ ਕਿਸਮਾਂ ਨੂੰ ਤਬਾਹ ਕਰ ਦਿੰਦਾ ਹੈ।

* "ਪ੍ਰਵਾਸ" ਦਾ ਮਤਲਬ ਹੈ ਅਬਾਦੀ ਦੀ ਗਤੀਸ਼ੀਲਤਾ ਦਾ ਪੈਦਾ ਹੋਣਾ। ਪ੍ਰਵਾਸ ਕਿਸਾਨਾਂ ਨੂੰ ਉੱਲੀ ਲੱਗਣ ਤੋਂ ਬਚਾਉਣ ਦੇ ਸਭ ਤੋਂ ਮਹੱਤਵਪੂਰਨ ਕਾਰਜਾਂ ਵਿੱਚੋਂ ਇੱਕ ਹੈ, ਜੋ ਕਿ ਇਤਿਹਾਸ ਦੁਆਰਾ ਪਹਿਲਾਂ ਹੀ ਉਨ੍ਹਾਂ ਉੱਪਰ ਬਹੁਤ ਜ਼ਿਆਦਾ ਥੱਪੀ ਜਾ ਚੁੱਕੀ ਹੈ, ਜਦੋਂ ਤੱਕ ਆਬਾਦੀ ਗਤੀਸ਼ੀਲ ਨਹੀਂ ਬਣਦੀ, ਇਹ ਵਿਕਸਿਤ ਨਹੀਂ ਹੋ ਸਕਦੀ ਅਤੇ ਇਹ ਕਲਪਣਾ ਕਰਨਾ ਸਿੱਧੜਪੁਣਾ ਹੋਵੇਗਾ ਕਿ ਜੋ ਉਹ ਰਾਜਧਾਨੀ ਅਤੇ ਦੁਰੇਡੇ ਇਲਾਕਿਆਂ, ਖੇਤੀ ਅਤੇ ਉਦਯੋਗ ਵਿੱਚ, ਦੱਖਣ ਅਤੇ ਉੱਤਰ ਵਿੱਚ, ਚੀਜ਼ਾਂ ਦੇ ਵੱਖਰੇ ਪ੍ਰਬੰਧ ਅਤੇ ਵੱਖਰੇ ਰਿਸ਼ਤਿਆਂ ਅਜ਼ਾਦਾਨਾ ਅਨੁਭਵ ਤੋਂ ਸਿੱਖਣਗੇ, ਉਹ ਉਹਨਾਂ ਨੂੰ ਪਿੰਡ ਦਾ ਸਕੂਲ ਸਿਖਾ ਸਕਦਾ ਹੈ।"

(ਕਲੈਕਟਡ ਵਰਕਸ ਜਿਲਦ 3 ਪੰਨਾ 249-50-51)

## ਛੋਟੇ ਮਾਲਕਾਨੇ ਦੀ ਸੋਹਣੀ ਤਸਵੀਰ

ਸਾਡੇ ਨਰੋਦਿਨਕ ਨਾ ਸਿਰਫ ਮਾਲਕ ਕਿਸਾਨਾਂ ਦੀ ਮਾਲਕੀ ਬਚਾਈ ਰੱਖਣ ਲਈ ਪੱਬਾਂ ਭਾਰ ਹੋਏ ਫਿਰਦੇ ਹਨ, ਸਗੋਂ ਖੇਤ ਮਜ਼ਦੂਰਾਂ ਅਤੇ ਸਨਅਤੀ ਮਜ਼ਦੂਰਾਂ, ਜੋ ਨਿੱਜੀ ਜਾਇਦਾਦ ਦੇ ਕੋਹੜ ਤੋਂ ਮੁਕਤ ਹਨ, ਨੂੰ ਵੀ ਜ਼ਮੀਨਾਂ ਦੇ ਮਾਲਕ ਬਣਾਉਣ ਦੀਆਂ ਭੈੜੀਆਂ ਇੱਛਾਵਾਂ ਪਾਲਦੇ ਹਨ। ਲਗਭਗ ਸਾਰੇ ਮ.ਲ. ਗਰੁੱਪਾਂ ਦਾ ਮੰਨਣਾ ਹੈ ਕਿ ਭਾਰਤ ਇੱਕ ਅਰਧ-ਜਗੀਰੂ ਅਰਧ ਬਸਤੀਵਾਦੀ ਦੇਸ਼ ਹੈ, ਜੋ ਨਵ ਜਮਹੂਰੀ ਇਨਕਲਾਬ ਦੇ ਪੜਾਅ ਵਿੱਚ ਹੈ। 'ਜ਼ਮੀਨ ਹਲਵਾਹਕ ਦੀ' ਇਸ ਇਨਕਲਾਬ ਦਾ ਕੇਂਦਰੀ ਨਾਹਰਾ ਹੋਵੇਗਾ। ਜੇ ਇਹਨਾਂ ਨੂੰ ਪੁੱਛਿਆ ਜਾਵੇ ਕਿ ਉਹ ਕਿਹੜੇ ਹਲਵਾਹਕ ਹਨ, ਜਿਹਨਾਂ ਨੂੰ ਉਹ ਉਪਰੋਕਤ ਨਾਹਰੇ ਉੱਤੇ ਲਾਮਬੰਦ ਕਰਨਗੇ ਤਾਂ ਗੱਲ ਘੁੰਮ ਘੁੰਮਾ ਕੇ ਹਲਵਾਹਕਾਂ ਤੋਂ ਖੇਜ ਮਜ਼ਦੂਰਾਂ ਉੱਤੇ ਆ ਜਾਂਦੀ ਹੈ। ਪਿਛਲੀ ਅੱਧੀ ਸਦੀ ਦੌਰਾਨ ਭਾਰਤ ਦੇ ਜ਼ਰਈ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਵਾਪਰੀ ਹਨ, ਜਿਹਨਾਂ ਨੂੰ ਵੇਖਣ ਤੋਂ ਇਹ ਉੱਕਾ ਹੀ ਇਨਕਾਰੀ ਹਨ। ਇਹਨਾਂ ਦੇ ਪ੍ਰੋਗਰਾਮ ਅਤੇ ਨਾਹਰੇ ਅੱਧੀ ਸਦੀ ਤੋਂ ਵੀ ਵੱਧ ਪੁਰਾਣੇ ਹਨ। ਦੇਸ਼ ਦੀਆਂ ਬਦਲੀਆਂ ਹੋਈਆਂ ਹਾਲਤਾਂ ਵਿੱਚ ਇਹਨਾਂ ਦੇ ਪ੍ਰੋਗਰਾਮ ਅਤੇ ਨਾਹਰੇ ਬੇਹੱਦ ਪਿਛਾਂਹ-ਖਿੱਚੂ ਖਾਸਾ ਧਾਰਨ ਕਰ ਚੁੱਕੇ ਹਨ। ਇਹ ਸਾਰੇ ਹੀ ਗਰੁੱਪ ਨਾ ਸਿਰਫ ਭਾਰਤੀ ਹਾਕਮਾਂ ਵੱਲੋਂ ਲੈਂਡ ਸੀਲਿੰਗ ਹਟਾਏ ਜਾਣ ਦਾ ਵਿਰੋਧ ਕਰ ਰਹੇ ਹਨ, ਸਗੋਂ ਲੈਂਡ ਸੀਲਿੰਗ ਦੀ ਹੱਦ ਘਟਾਈ ਜਾਣ ਦੀ ਮੰਗ ਵੀ ਕਰਦੇ ਹਨ ਅਤੇ ਲੈਂਡ ਸੀਲਿੰਗ ਤੋਂ ਉੱਪਰਲੀ ਜ਼ਮੀਨ ਬੇਜ਼ਮੀਨਿਆਂ ਵਿੱਚ ਵੰਡਣ ਦੀ ਵਕਾਲਤ ਵੀ ਕਰਦੇ ਹਨ। ਕਈ ਗਰੁੱਪ ਤਾਂ ਵੱਡੇ ਭੂਮੀਪਤੀਆਂ ਅਤੇ ਬੰਜਰ ਸਰਕਾਰੀ ਜ਼ਮੀਨ ਦੀ ਬੇਜ਼ਮੀਨਿਆਂ ਵਿੱਚ ਵੰਡ ਦੇ ਅੰਕੜੇ ਪੇਸ਼

ਕਰਕੇ, ਆਪਣੀਆਂ ਵੱਡੀਆਂ ਪ੍ਰਾਪਤੀਆਂ ਵਜੋਂ ਪੇਸ਼ ਕਰਦੇ ਹਨ। ਉਦਾਹਰਣ ਲਈ ਸ਼ਹੀਦ
ਕਾ. ਦਯਾ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕ 'ਸੰਗਰਾਮ ਜਾਰੀ ਹੈ', ਵੇਖੀ ਜਾ
ਸਕਦੀ ਹੈ। ਜਿਸ ਵਿਚ ਪੀਪਲਜ਼ ਵਾਰ ਅਤੇ ਪਾਰਟੀ ਯੂਨਿਟੀ ਗਰੁੱਪਾਂ ਵੱਲੋਂ ਬੇਜ਼ਮੀਨਿਆਂ
ਵਿੱਚ ਵੰਡੀਆਂ ਜ਼ਮੀਨਾਂ ਦਾ ਲੰਬਾ-ਚੌੜਾ ਵੇਰਵਾ ਹੈ। ਇਸ ਤੋਂ ਪਤਾ ਲੱਗ ਸਕਦਾ ਹੈ ਕਿ
ਇਹਨਾਂ ਕਿੰਨੇ ਨਵੇਂ ਮਾਲਕ ਪੈਦਾ ਕਰਕੇ ਇਸ ਲੋਕ ਦੋਖੀ ਪ੍ਰਬੰਧ ਦੀ ਕਿੰਨੀ ਸੇਵਾ ਕੀਤੀ ਹੈ।
ਉੱਪਰ ਜ਼ਿਕਰ ਅਧੀਨ ਆਏ ਪਰਚੇ ਵੀ ਇਹੋ ਜਿਹੀ ਹੀ ਸੋਚ ਰੱਖਦੇ ਹਨ।

ਸੁਰਖ ਰੇਖਾ, ਸੀ.ਪੀ.ਆਈ. ਦੇ ਇੱਕ ਵਰਕਰ ਦੇ ਸੁਪਨਿਆਂ ਦੀ ਸੁਰ ਵਿਚ ਸੁਰ ਮਿਲਾਉਂਦਾ
ਇੰਝ ਲਿਖਦਾ ਹੈ, "ਜੇ ਜਗੀਰਦਾਰਾਂ ਦੀ ਜ਼ਮੀਨ, ਵਾਧੂ ਅਤੇ ਵਿਹਲੀ ਪਈ ਸਰਕਾਰੀ ਜ਼ਮੀਨ
ਹੀ ਵੰਡ ਦਿੱਤੀ ਜਾਵੇ ਤਾਂ ਹਰੇਕ ਖੇਤ ਮਜ਼ਦੂਰ ਅਤੇ ਗਰੀਬ ਕਿਸਾਨ ਕੋਲ 2 ਏਕੜ ਜ਼ਮੀਨ ਦੀ
ਮਾਲਕੀ ਹੋ ਸਕਦੀ ਹੈ। ਭਾਰਤ ਅੰਦਰ ਅਜੇ ਵੀ ਹੱਦਬੰਦੀ ਤੋਂ ਉੱਪਰ ਲਗਭਗ 60 ਲੱਖ
ਹੈਕਟੇਅਰ (ਡੇਢ ਕਰੋੜ ਏਕੜ) ਜ਼ਮੀਨ ਜਗੀਰਦਾਰਾਂ ਦੇ ਕਬਜ਼ੇ ਵਿੱਚ ਹੈ। ਜੇਕਰ ਇਹ ਵਾਧੂ
ਜ਼ਮੀਨ ਹਾਸਲ ਕਰਕੇ ਬੇਜ਼ਮੀਨੇ ਪਰਿਵਾਰਾਂ ਵਿੱਚ ਹਰੇਕ ਪਰਿਵਾਰ ਨੂੰ 2 ਏਕੜ ਦੇ ਹਿਸਾਬ
ਨਾਲ ਵੰਡੀ ਜਾਵੇ ਤਾਂ 75 ਲੱਖ ਬੇਜ਼ਮੀਨੇ ਕਿਸਾਨ ਅਤੇ ਖੇਤ ਮਜ਼ਦੂਰ ਜ਼ਮੀਨ ਮਾਲਕ ਕਿਸਾਨ
ਬਣ ਸਕਦੇ ਹਨ....। (ਮਈ-ਜੂਨ 1997 ਪੰਨਾ 29)

ਇਕ ਹੋਰ ਅੰਕ ਵਿਚ ਸੁਰਖ ਰੇਖਾ ਦਾ ਕਹਿਣਾ ਹੈ, "ਤੀਜੀ ਕਿਸਮ ਉਹਨਾਂ ਮੰਗਾਂ ਦੀ ਸੀ,
ਜਿਹਨਾਂ ਦੇ ਲਾਗੂ ਹੋਣ ਨਾਲ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਵਿੱਚ ਕਾਫੀ ਵੱਡੀਆਂ ਅਤੇ ਅੰਸ਼ਕ
ਬੁਨਿਆਦੀ ਤਬਦੀਲੀਆਂ ਵਾਪਰਦੀਆਂ ਹਨ। ਜਿਵੇਂ ਸਾਢੇ ਸਤਾਰਾਂ ਕਿੱਲੇ ਤੱਕ ਦੀ ਮਾਲਕੀ
ਛੱਡ ਕੇ ਬਾਕੀ ਦੀ ਜ਼ਮੀਨ ਨੂੰ ਖੇਤ ਮਜ਼ਦੂਰਾਂ (ਅਸਲ ਵਿੱਚ ਬੇਜ਼ਮੀਨੇ ਕਿਸਾਨਾਂ) ਅਤੇ ਥੁੜ
ਜ਼ਮੀਨੇ ਕਿਸਾਨਾਂ ਨੂੰ ਵੰਡ ਦੇਣ ਨਾਲ, ਖੇਤ ਮਜ਼ਦੂਰ, ਵਸੋਂ ਦੇ ਗੈਰ ਮਾਲਕ ਹਿੱਸਿਆਂ ਤੋਂ ਛੋਟੀ
ਮਾਲਕੀ ਵਾਲੇ ਹਿੱਸੇ ਵਿੱਚ ਤਬਦੀਲੀ ਹੋ ਜਾਂਦੇ ਹਨ ਅਤੇ ਪੱਕੇ ਰੁਜ਼ਗਾਰ ਦੀ ਪ੍ਰਾਪਤੀ ਹੋ ਜਾਣ
ਨਾਲ, ਖੇਤ ਮਜ਼ਦੂਰਾਂ ਦੀ ਜਗੀਰਦਾਰਾਂ ਅਤੇ ਪੇਂਡੂ ਸ਼ਾਹੂਕਾਰਾਂ 'ਤੇ ਨਿਰਭਰਤਾ ਕਾਫੀ ਘੱਟ
ਜਾਂਦੀ ਹੈ। (ਸਤੰਬਰ-ਦਸੰਬਰ 2003, ਪੰਨਾ 48)

ਉਪਰੋਕਤ ਪੈਰਾ ਪੜ੍ਹ ਕੇ ਤਾਂ ਇੰਝ ਜਾਪਦਾ ਹੈ ਕਿ ਜਿਵੇਂ ਸੁਰਖ ਰੇਖਾ ਦੀ ਸੰਪਾਦਕੀ ਟੀਮ
ਵਿੱਚ ਸਿਸਮਾਂਦੀ ਦੀ ਆਤਮਾ ਪ੍ਰਗਟ ਹੋ ਗਈ ਹੋਵੇ। ਇਹੋ ਕੁਝ ਤਾਂ ਸਿਸਮਾਂਦੀ ਕਹਿੰਦਾ ਹੈ, "ਮੈਂ
ਚਾਹੰਦਾ ਹਾਂ ਕਿ ਫੈਕਟਰੀਆਂ ਦੀ ਮਾਲਕੀ ਬਹੁਤ ਸਾਰੇ ਦਰਮਿਆਨੇ ਸਰਮਾਏਦਾਰਾਂ ਵਿੱਚ ਵੰਡੀ
ਜਾਵੇ ਅਤੇ ਇਹ ਇੱਕ ਆਦਮੀ ਦੇ ਹੱਥਾਂ ਵਿੱਚ ਸੰਕੇਂਦਰਤ ਨਾ ਹੋਵੇ ਜੋ ਦਹਿ ਲੱਖਾਂ ਦਾ ਮਾਲਕ
ਹੈ...ਕਿਰਤੀ ਜਮਾਤਾਂ ਖਤਮ ਕਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਇਹਨਾਂ ਨੂੰ ਦੁਬਾਰਾ
ਸੰਪੱਤੀਵਾਨ ਜਮਾਤ ਬਣਾ ਦਿੱਤਾ ਜਾਣਾ ਚਾਹੀਦਾ ਹੈ।" (A Characteristion of Eco-
nomic Romanticism ਵਿਚ ਲੈਨਿਨ ਦੁਆਰਾ ਦਿੱਤਾ ਹਵਾਲਾ, ਪੰਨਾ 130) ਕੀ ਸੁਰਖ
ਰੇਖਾ ਅਤੇ ਸਿਸਮਾਂਦੀ ਦੇ ਪੈਂਤੜੇ ਵਿੱਚ ਕੋਈ ਫਰਕ ਨਹੀਂ?

ਅੱਜ ਜਦੋਂ ਪਹਿਲਾਂ ਹੀ ਭਾਰਤੀ ਖੇਤੀ ਵਿੱਚ ਪੂੰਜੀਵਾਦੀ ਪੈਦਾਵਾਰੀ ਸਬੰਧਾਂ ਦੇ ਵਿਕਾਸ
ਕਾਰਨ ਛੋਟੀ ਕਿਸਾਨੀ ਖੇਤੀ ਖੇਤਰ ਵਿਚ ਟਿਕ ਨਹੀਂ ਪਾ ਰਹੀ ਤਾਂ ਇਹ ਨਿੱਜੀ ਜਾਇਦਾਦ ਦੇ
ਕੋਹੜ ਤੋਂ ਮੁਕਤ ਹੋਏ ਪ੍ਰੋਲੇਤਾਰੀਆਂ ਅੱਗੇ ਛੋਟੀ ਮਾਲਕੀ ਦੀ ਸੋਹਣੀ ਤਸਵੀਰ ਪੇਸ਼ ਕਰਕੇ
ਉਹਨਾਂ ਨੂੰ ਸੁਪਨ ਲੋਕ ਦੀ ਸੈਰ ਕਰਵਾਉਂਦੇ ਹਨ। ਬੇਜ਼ਮੀਨਿਆਂ ਵਿਚ ਜ਼ਮੀਨ ਦੀ ਵੰਡ ਇਸ
ਪ੍ਰਬੰਧ ਦੀ ਹੀ ਉਮਰ ਵਧਾਏਗੀ ਅਤੇ ਛੋਟੇ ਕਿਸਾਨਾਂ ਸਮੇਤ ਸਭ ਮਿਹਨਤਕਸ਼ਾਂ ਦੀਆਂ ਮੁਸੀਬਤਾਂ
ਵਿੱਚ ਹੋਰ ਵਾਧਾ ਕਰੇਗੀ। ਹੁਣ ਜਦੋਂ ਪੂੰਜੀ ਆਪਣੇ ਹੀ ਤਰਕ ਨਾਲ ਵੱਧ ਤੋਂ ਵੱਧ ਲੋਕਾਂ ਨੂੰ
ਸੰਪਤੀਹੀਣ ਬਣਾ ਰਹੀ ਹੈ ਤਾਂ ਲੋਕਾਂ ਵਿਚ ਪੂਰੀ ਨਿੱਜੀ ਸੰਪਤੀ ਦੇ ਖਾਤਮੇ ਦੇ ਪ੍ਰਚਾਰ ਦੀ
ਪ੍ਰਵਾਨਗੀ ਦਾ ਬਾਹਰਮੁਖੀ ਅਧਾਰ ਤਿਆਰ ਹੋ ਰਿਹਾ ਹੈ ਤਾਂ ਕਮਿਊਨਿਸਟਾਂ ਨੂੰ ਇਹਨਾਂ ਅਨੁਕੂਲ



ਹਾਲਾਤਾਂ ਦਾ ਫਾਇਦਾ ਲੋਕਾਂ ਵਿਚ ਪੂਰੀ ਨਿੱਜੀ ਜਾਇਦਾਦ ਦੇ ਖਾਤਮੇ ਦੀ ਚੇਤਨਾ ਦਾ ਪਸਾਰਾ ਕਰਨ ਲਈ ਉਠਾਉਣਾ ਚਾਹੀਦਾ ਹੈ। ਪਰ ਇਹ ਪਰਚੇ ਪੁੱਠੇ ਪੈਰੀਂ ਹੀ ਚੱਲਦੇ ਹਨ। ਇਹ ਸੰਪਤੀਹੀਣਾਂ ਨੂੰ ਸੰਪਤੀ ਦੀ ਮਾਲਕੀ ਦਾ ਲਾਲਚ ਦੇ ਕੇ ਉਹਨਾਂ ਦੀ ਚੇਤਨਾ ਵਿੱਚ ਜ਼ਹਿਰ ਘੋਲਣ ਦਾ ਕੰਮ ਕਰ ਹੇ ਹਨ।

ਫਰੈਡਰਿਕ ਏਂਗਲਜ਼ ਆਪਣੇ ਪ੍ਰਸਿੱਧ ਲੇਖ 'ਘਰਾਂ ਦੇ ਸਵਾਲ ਬਾਰੇ' ਵਿੱਚ ਇੱਕ ਸਪੈਨਿਸ਼ ਇਨਕਲਾਬੀ ਅਖਬਾਰ La Emancipacion ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ, "ਹਾਕਮ ਜਮਾਤ ਦੇ ਸਭ ਤੋਂ ਚਲਾਕ ਆਗੂਆਂ ਨੇ ਹਮੇਸ਼ਾ ਆਪਣੇ ਯਤਨ ਨਿੱਕੇ ਸੰਪਤੀ ਮਾਲਕਾਂ ਦੀ ਸੰਖਿਆ ਵਧਾਉਣ ਵੱਲ ਸੇਧਤ ਕੀਤੇ ਹਨ ਤਾਂ ਕਿ ਪ੍ਰੋਲੇਤਾਰੀਆਂ ਵਿਰੁੱਧ ਖੁਦ ਵਾਸਤੇ ਇੱਕ ਫੌਜ ਦੀ ਉਸਾਰੀ ਕੀਤੀ ਜਾ ਸਕੇ। ਪਿਛਲੀ ਸਦੀ ਦੇ ਬੁਰਜੂਆ ਇਨਕਲਾਬਾਂ ਨੇ ਰਾਜਾਸ਼ਾਹੀ ਅਤੇ ਚਰਚ ਦੀਆਂ ਵੱਡੀਆਂ ਜਗੀਰਾਂ ਨੂੰ ਛੋਟੇ ਟੁਕੜਿਆਂ ਵਿੱਚ ਵੰਡ ਦਿੱਤਾ, ਅੱਜ ਸਪੈਨਿਸ਼ ਰੀਪਬਲਿਕ ਅਜੇ ਵੀ ਕਾਇਮ ਜਗੀਰਾਂ ਨਾਲ ਬਿਲਕੁਲ ਇਸੇ ਤਰਾਂ ਕਰਨ ਦਾ ਇਰਾਦਾ ਰੱਖਦੀ ਹੈ ਅਤੇ ਇਸ ਤਰਾਂ ਛੋਟੇ ਜ਼ਮੀਨ ਮਾਲਕਾਂ ਦੀ ਵੱਡੀ ਜਮਾਤ ਪੈਦਾ ਕਰ ਦਿੱਤੀ ਗਈ, ਜੋ ਕਿ ਉਦੋਂ ਤੋਂ ਹੀ ਸਮਾਜ ਦਾ ਸਭ ਤੋਂ ਪਿਛਾਖੜੀ ਤੱਤ ਬਣ ਚੁੱਕੀ ਹੈ ਅਤੇ ਸ਼ਹਿਰੀ ਪ੍ਰੋਲੇਤਾਰੀਆਂ ਦੀ ਇਨਕਲਾਬੀ ਲਹਿਰ ਦੇ ਰਾਹ ਵਿੱਚ ਸਥਾਈ ਰੋਕ ਬਣ ਗਈ ਹੈ।"

(ਮਾਰਕਸ, ਏਂਗਲਜ਼-ਸਲੈਕਟਡ ਵਰਕਸ, ਜਿਲਦ ਦੂਜੀ ਪੰਨਾ 317)

ਕੀ ਉਪਰੋਕਤ ਪਰਚਿਆਂ, ਪਾਰਟੀਆਂ, ਗਰੁਪਾਂ ਦੇ ਵਿਚਾਰ ਅਤੇ ਯਤਨ ਵੀ" ਹਾਕਮ ਜਮਾਤ ਦੇ ਸਭ ਤੋਂ ਚਲਾਕ ਆਗੂਆਂ" ਨਾਲ ਮਿਲਦੇ ਜੁਲਦੇ ਨਹੀਂ ਹਨ?

ਕਾਰਲ ਮਾਰਕਸ ਲਿਖਦੇ ਹਨ, "ਫਰਾਂਸ ਆਪਣੀ ਕਿਸਾਨ ਮਾਲਕੀ ਨਾਲ, ਇੰਗਲੈਂਡ ਜਿੱਥੇ ਲੈਂਡਲਾਰਡਿਜ਼ਮ ਹੈ, ਨਾਲੋਂ ਭੂਮੀ ਦੇ ਕੌਮੀ ਕਰਨ ਦੇ ਸੰਬੰਧ ਵਿੱਚ ਬਹੁਤ ਦੂਰ ਹੈ। ਫਰਾਂਸ ਵਿੱਚ ਇਹ ਸੱਚ ਹੈ ਕਿ ਭੂਮੀ, ਜੋ ਵੀ ਇਸ ਨੂੰ ਖੀਰਦ ਸਕਦੇ ਹੋਣ, ਉਹਨਾਂ ਸਾਰਿਆਂ ਨੂੰ ਹਾਸਲ ਹੋ ਸਕਦੀ ਹੈ, ਪ੍ਰੰਤੂ ਇਹੋ ਸਹੂਲਤ ਭੂਮੀ ਦੀ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡ ਨੂੰ ਜਨਮ ਦਿੰਦੀ ਹੈ ਜੋ ਕਿ ਆਦਮੀਆਂ ਦੁਆਰਾ ਮਾਮੂਲੀ ਸਾਧਨਾਂ ਨਾਲ ਮੁੱਖ ਤੌਰ 'ਤੇ ਆਪਣੀ ਅਤੇ ਆਪਣੇ ਪਰਿਵਾਰ ਦੀ ਮਿਹਨਤ 'ਤੇ ਨਿਰਭਰ ਕਰਦਿਆਂ ਵਾਹੀ ਬੀਜੀ ਜਾਂਦੀ ਹੈ। ਜ਼ਮੀਨ ਮਾਲਕੀ ਦੀ ਇਹ ਕਿਸਮ ਅਤੇ ਟੁਕੜਿਆਂ ਵਿੱਚ ਵਾਹੀ, ਆਧੁਨਿਕ ਖੇਤੀ ਸੁਧਾਰਾਂ ਨੂੰ ਖਾਰਜ ਕਰ ਦਿੰਦੀ ਹੈ, ਖੁਦ ਵਾਹੀਕਾਰ ਨੂੰ ਸਮਜਿਕ ਵਿਕਾਸ ਅਤੇ ਸਭ ਤੋਂ ਉੱਪਰ ਭੂਮੀ ਦੇ ਕੌਮੀਕਰਨ ਦਾ ਸਭ ਤੋਂ ਮਜ਼ਬੂਤ ਦੁਸ਼ਮਣ ਬਣਾ ਦਿੰਦੀ ਹੈ...ਕਿਸਾਨ ਸਨਅਤੀ ਮਜ਼ਦੂਰ ਜਮਾਤ ਦੇ ਸਭ ਤੋਂ ਤਿੱਖੇ ਵਿਰੋਧ ਵਿੱਚ ਆ ਖੜਦਾ ਹੈ।

(ਮਾਰਕਸ-ਏਂਗਲਜ਼, ਸਲੈਕਟਡ ਵਰਕਸ, ਜਿਲਦ ਦੂਜੀ, ਪੰਨਾ 289)

ਕੀ ਜ਼ਮੀਨ ਹਲਵਾਹਕ ਦਾ ਨਾਹਰਾ ਦੇਣ ਵਾਲੇ, ਲੈਂਡ ਸੀਲਿੰਗ ਤੋਂ ਉੱਪਰਲੀ ਜ਼ਮੀਨ ਭੂਮੀਹੀਣਾਂ ਵਿੱਚ ਵੰਡੇ ਜਾਣ ਦੀ ਵਕਾਲਤ ਕਰਨ ਵਾਲੇ, ਉਪਰੋਕਤ ਪਰਚੇ, ਪਾਰਟੀਆਂ ਅਤੇ ਗਰੁੱਪ ਵੀ ਸਮਾਜਿਕ ਵਿਕਾਸ, ਭੂਮੀ ਦੇ ਕੌਮੀਕਰਨ ਦੇ ਸਭ ਤੋਂ ਮਜ਼ਬੂਤ ਵਿਰੋਧੀਆਂ ਨੂੰ ਪੈਦਾ ਕਰਨ ਦਾ ਹੀ ਕੰਮ ਨਹੀਂ ਕਰ ਰਹੇ?

## ਛੋਟੇ ਮਾਲਕਾਂ ਦਾ ਸੰਪਤੀਹੀਣ ਮਜ਼ਦੂਰਾਂ ਵਿੱਚ ਵਟਣਾ-ਇਤਿਹਾਸਕ-ਸਮਾਜਿਕ ਪੱਖ ਤੋਂ ਇੱਕ ਅਗਾਂਹਵਧੂ ਕਦਮ ਹੈ

"ਅਸਲ ਵਿੱਚ ਜਿਹਨਾਂ ਘਟਨਾਵਾਂ ਨੇ ਛੋਟੇ ਕਿਸਾਨਾਂ ਨੂੰ ਉਜਰਤੀ ਮਜ਼ਦੂਰਾਂ ਵਿੱਚ, ਗੁਜ਼ਾਰੇ ਅਤੇ ਕਿਰਤ ਦੇ ਸਾਧਨਾਂ ਨੂੰ ਸਰਮਾਏ ਦੇ ਪਦਾਰਥਕ ਅੰਸ਼ਾਂ ਵਿੱਚ ਬਦਲਿਆ, ਉਹਨਾਂ ਦੇ ਨਾਲ ਹੀ ਇਹਨਾਂ ਛੇਕੜਲਿਆਂ ਲਈ ਇੱਕ ਘਰੇਲੂ ਮੰਡੀ ਵੀ ਤਿਆਰ ਕੀਤੀ। ਪਹਿਲਾਂ ਕਿਸਾਨ ਟੱਬਰ ਗੁਜ਼ਾਰੇ ਦਾ ਸਾਧਨ ਅਤੇ ਕੱਚੇ ਮਾਲ ਪੈਦਾ ਕਰਦੇ ਸਨ, ਜਿਹਨਾਂ ਦੀ ਵਧੇਰੇ ਕਰਕੇ ਉਹ

ਖੁਦ ਹੀ ਖਪਤ ਕਰਦੇ ਸਨ। ਇਹ ਕੱਚੇ ਮਾਲ ਅਤੇ ਗੁਜ਼ਾਰੇ ਦੇ ਸਾਧਨ ਹੁਣ ਜਿਣਸਾਂ ਬਣ ਗਏ ਹਨ, ਵੱਡਾ ਕਿਸਾਨ ਉਹਨਾਂ ਨੂੰ ਵੇਚਦਾ ਹੈ ਅਤੇ ਤਿਆਰ ਮਾਲ ਦੀਆਂ ਵਸਤਾਂ ਉਸ ਦੀ ਮੰਡੀ ਹਨ। ਸੂਤਣ, ਸੂਤੀ ਕੱਪੜਾ, ਮੋਟੀ ਉੱਨ ਦੀਆਂ ਚੀਜ਼ਾਂ, ਇਹ ਚੀਜ਼ਾਂ ਉਹ ਹਨ ਜਿਹਨਾਂ ਦੇ ਕੱਚੇ ਮਾਲ ਹਰ ਕਿਸਾਨ ਦੀ ਪਹੁੰਚ ਵਿੱਚ ਸਨ, ਜਿਨ੍ਹਾਂ ਨੂੰ ਕਿਸਾਨ ਟੱਬਰ ਆਪਣੀ ਵਰਤੋਂ ਲਈ ਕੱਤਦਾ ਅਤੇ ਉਣਦਾ ਸੀ-ਹੁਣ ਤਿਆਰ ਮਾਲ ਦੀਆਂ ਚੀਜ਼ਾਂ ਬਣ ਗਈਆਂ ਹਨ, ਜਿਨ੍ਹਾਂ ਲਈ ਪੇਂਡੂ ਜ਼ਿਲ੍ਹੇ ਫੌਰ ਮੰਡੀ ਬਣ ਗਏ ਹਨ।....ਇਉਂ ਆਮਤ ਨਿਰਭਰ ਕਿਸਾਨਾਂ ਦੀ ਜਾਇਦਾਦ ਦੀ ਜ਼ਬਤੀ ਅਤੇ ਉਹਨਾਂ ਦੇ ਉਤਪਾਦਨ ਦੇ ਸਾਧਨਾਂ ਤੋਂ ਵੱਖ ਕਰਨ ਦੇ ਨਾਲ-ਨਾਲ ਦੂਜੇ ਪਾਸੇ ਇਸ ਦੇ ਨਾਲ-ਨਾਲ ਪਿੰਡਾਂ ਦੀ ਘਰੇਲੂ ਸਨਅਤ ਨੂੰ ਵੀ ਨਸ਼ਟ ਕਰ ਦਿੱਤਾ ਜਾਂਦਾ ਹੈ, ਇਉਂ ਤਿਆਰ ਮਾਲ ਦੀ ਸਨਅਤ ਅਤੇ ਖੇਤੀ ਦਾ ਆਪਸ ਵਿੱਚ ਨਿਖੇੜ ਹੋਣ ਦੀ ਕਿਰਿਆ ਪੂਰੀ ਕੀਤੀ ਜਾਂਦੀ ਹੈ। ਕੇਵਲ ਪਿੰਡਾਂ ਦੀ ਘਰੇਲੂ ਸਨਅਤ ਦੇ ਤਬਾਹ ਹੋਣ ਨਾਲ ਹੀ ਕਿਸੇ ਦੇਸ਼ ਦੀ ਅੰਦਰੂਨੀ ਮੰਡੀ ਨੂੰ ਉਹ ਵਿਸਥਾਰ  ਅਤੇ ਉਹ ਸਥਿਰਤਾ ਪ੍ਰਾਪਤ ਹੋ ਸਕਦੀ ਹੈ, ਜਿਨ੍ਹਾਂ ਦੀ ਉਤਪਾਦਨ ਦੀ ਸਰਮੋਦਾਰੀ ਪ੍ਰਣਾਲੀ ਨੂੰ ਜ਼ਰੂਰਤ ਹੁੰਦੀ ਹੈ।

(ਕਾਰਲ ਮਾਰਕਸ, ਪੂੰਜੀ ਜਿਲਦ ਪਹਿਲੀ, ਪੰਨਾ 804-5)

"ਨਤੀਜਨ ਕਿਸਾਨੀ ਦੀ ਪੇਂਡੂ ਪ੍ਰੋਲੇਤਾਰੀ ਵਿੱਚ ਰੂਪ ਬਦਲੀ, ਮੁੱਖ ਤੌਰ 'ਤੇ ਉਪਭੋਗ ਦੀਆਂ ਵਸਤਾਂ ਦੀ ਮੰਡੀ ਪੈਦਾ ਕਰਦੀ ਹੈ, ਜਦੋਂ ਕਿ ਪੇਂਡੂ ਬੁਰਜੂਆਜ਼ੀ ਵਿੱਚ ਰੂਬਪਬਦਲੀ ਮੁੱਖ ਤੌਰ 'ਤੇ ਪੈਦਾਵਾਰ ਦੇ ਸਾਧਨਾਂ ਦੀ ਮੰਡੀ ਪੈਦਾ ਕਰਦੀ ਹੈ। ਦੂਸਰੇ ਲਫਜ਼ਾਂ ਵਿੱਚ, "ਕਿਸਾਨੀ" ਦੇ ਹੇਠਲੇ ਸਮੂਹਾਂ ਵਿੱਚ ਅਸੀਂ ਕਿਰਤ ਸ਼ਕਤੀ ਨੂੰ ਇੱਕ ਜਿਣਸ ਵਿੱਚ ਵਟਦੇ ਦੇਖਦੇ ਹਾਂ ਅਤੇ ਉੱਪਰਲੇ ਸਮੂਹ ਵਿੱਚ ਅਸੀਂ ਪੈਦਾਵਾਰ ਦੇ ਸਾਧਨਾਂ ਨੂੰ ਪੂੰਜੀ ਵਿੱਚ ਵੱਟਦੇ ਵੇਖਦੇ ਹਾਂ। ਦੋਵਾਂ ਰੂਪਪਬਦਲੀਆਂ ਦਾ ਨਤੀਜਾ ਘਰੇਲੂ ਮੰਡੀ ਦੇ ਪੈਦਾ ਹੋਣ ਦੀ ਪ੍ਰਕ੍ਰਿਆ ਵਿੱਚ ਨਿਕਲਦਾ ਹੈ, ਜਿਸ ਨੂੰ ਸਿਧਾਂਤ ਨੇ ਸਾਰੇ ਪੂੰਜੀਵਾਦੀ ਦੇਸ਼ਾਂ ਲਈ ਆਮ ਰੂਪ ਵਿੱਚ ਸਥਾਪਿਤ ਕੀਤਾ।"

(ਲੈਨਿਨ ਕਲੈਕਟਡ ਵਰਕਸ, ਜਿਲਦ 3 ਪੰਨਾ 166)

ਇਸ ਤਰਾਂ ਛੋਟੇ ਮਾਲਕਾਂ ਦੇ ਉਜ਼ਰਤੀ ਮਜ਼ਦੂਰਾਂ ਵਿੱਚ ਵਟਣ ਨਾਲ ਪੂੰਜੀਵਾਦੀ ਲਈ ਘਰੇਲੂ ਮੰਡੀ ਦਾ ਜਨਮ ਹੁੰਦਾ ਹੈ। ਪਰ ਸਾਡੇ ਨਰੋਦਨਿਕ ਇਸ ਦੇ ਠੀਕ ਉਲਟ ਰਾਏ ਰੱਖਦੇ ਹਨ। ਪਰੂਦੋਂ, ਸਿਸਮਾਂਦੀ ਅਤੇ ਰੂਸੀ ਨਰੋਦਨਿਕਾਂ ਦੀ ਸੁਰ ਵਿੱਚ ਸੁਰ ਮਿਲਾਉਂਦੇ ਹੋਏ, ਉਹ ਇਸ ਗੱਲ ਦਾ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਦੇ ਹਨ ਕਿ ਛੋਟੇ ਮਾਲਕਾਂ ਦੇ ਮਜ਼ਦੂਰਾਂ ਵਿੱਚ ਵੱਟ ਜਾਣ ਨਾਲ ਲੋਕਾਂ ਦੀ ਖਰੀਦ ਸ਼ਕਤੀ ਘਟੇਗੀ, ਕਿਸਾਨਾਂ ਦੇ ਖੇਤੀ 'ਚੋਂ ਬਾਹਰ ਹੋਣ ਨਾਲ ਖੇਤੀ ਖੇਤਰ ਵਿੱਚ ਸਨਅਤੀ ਮਾਲ ਦੀ ਮੰਗ ਘਟੇਗੀ। ਜਿਸ ਨਾਲ ਸਨਅਤ ਵੀ ਤਬਾਹ ਹੋ ਜਾਵੇਗੀ। ਜਾਣੀ ਛੋਟੇ ਮਾਲਕਾਨੇ ਦੀ ਤਬਾਹੀ ਦਾ ਮਤਲਬ ਹੈ-ਮੁਕੰਮਲ ਅਰਥਚਾਰੇ ਦੀ ਤਬਾਹੀ।

ਛੋਟੇ ਕਿਸਾਨਾਂ ਦੇ ਖੇਤੀ 'ਚੋਂ ਬਾਹਰ ਹੋ ਜਾਣ ਨਾਲ ਜ਼ਮੀਨ ਦਾ ਕੇਂਦਰੀਕਰਨ ਵੱਧਦਾ ਹੈ, ਜਿਸ ਕਾਰਨ ਖੇਤੀ ਵਿੱਚ ਨਵੀਂ ਆਧੁਨਿਕ ਤਕਨੀਕ ਦਾ ਅਪਣਾਇਆ ਜਾਣਾ ਸੰਭਵ ਹੋ ਜਾਂਦਾ ਹੈ। ਜਿਸ ਨਾਲ ਖੇਤੀ ਖੇਤਰ ਵਿੱਚ ਪੈਦਾਵਾਰੀ ਤਾਕਤਾਂ ਦੇ ਵਿਕਾਸ ਦਾ ਰਾਹ ਪੱਧਰਾ ਹੁੰਦਾ ਹੈ। ਖੇਤੀ ਖੇਤਰ ਵਿੱਚ ਸਨਅਤੀ ਮਾਲ ਦੀ ਮੰਗ ਅਤੇ ਖਪਤ ਵਿੱਚ ਵਾਧਾ ਹੁੰਦਾ ਹੈ। ਖੇਤੀ ਖੇਤਰ ਵਿੱਚ ਲੱਗੀ ਪੂੰਜੀ ਦੀ ਅਵੈਵੀ ਬਣਤਰ ਉੱਚੀ ਹੁੰਦੀ ਹੈ,ਭਾਵ ਖੇਤੀ ਖੇਤਰ ਵਿੱਚ ਸਥਿਰ ਪੂੰਜੀ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਕਿਰਤ ਦੀ ਉਤਪਾਦਕਤਾ ਤੇਜ਼ੀ ਨਾਲ ਵੱਧਦੀ ਹੈ। "ਪੂੰਜੀਵਾਦ ਦੇ ਵਿਕਾਸ ਅਤੇ ਇਸ ਦੀ ਸਮਾਜਵਾਦ ਵਿੱਚ ਤਬਦੀਲੀ ਦੇ ਅਮਲ ਲਈ (ਕੁੱਲ ਪੂੰਜੀ ਦੇ) ਸਥਿਰ ਪੂੰਜੀ ਵਾਲੇ ਹਿੱਸੇ ਦਾ ਅਸਥਰਿ ਪੂੰਜੀ ਵਾਲੇ ਹਿੱਸੇ ਦੇ ਮੁਕਾਬਲੇ ਵਿੱਚ ਵਧੇਰੇ ਵਾਧਾ ਅਥਾਹ ਮਹੱਤਵ ਰੱਖਦਾ ਹੈ।

(ਲੈਨਿਨ, ਕਾਰਲ ਮਾਰਕਸ ਅਤੇ ਉਸ ਦੀ ਸਿੱਖਿਆ, ਪੰਨਾ 26)



"ਕਿਸਾਨਾਂ ਦੀ ਤਬਾਹੀ ਖੇਤੀ ਵਿਕਾਸ ਦਾ ਰਾਹ ਖੋਲਦੀ ਹੈ"

(ਲੈਨਿਨ, ਕਲੈਕਟਡ ਵਰਕਸ, ਜਿਲਦ ਤੀਜੀ, ਪੰਨਾ 26)

ਛੋਟੇ ਕਿਸਾਨਾਂ ਦੀ ਖੇਤ ਮਜ਼ਦੂਰਾਂ ਵਿੱਚ ਰੂਪ ਬਦਲੀ ਦਾ ਤੀਸਰਾ ਨਤੀਜਾ ਕਿਰਤ ਦੇ ਵਧਦੇ ਹੋਏ ਸਮਾਜੀਕਰਨ ਵਿੱਚ ਨਿਕਲਦਾ ਹੈ। ਕਿਸਾਨਾਂ ਦੇ ਆਪਸੀ ਸਹਿਯੋਗ ਸਹਿਕਾਰ ਵਿੱਚ ਰੋਕ ਬਣੀ ਜ਼ਮੀਨ ਦੇ ਖੁੱਸ ਜਾਣ ਨਾਲ, ਕਿਰਤ ਦੇ ਸਮਾਜੀਕਰਨ ਅਤੇ ਸਹਿਕਾਰ ਦਾ ਰਾਹ ਪੱਧਰਾ ਹੁੰਦਾ ਹੈ। ਲੈਨਿਨ ਲਿਖਦੇ ਹਨ, "ਕਿਰਤ ਦਾ ਸਮਾਜੀਕਰਨ ਜਿਹੜਾ ਹਜ਼ਾਰਾਂ ਰੂਪਾਂ ਵਿੱਚ ਦਿਨੋ-ਦਿਨ ਵੱਧਦੀ ਤੇਜ਼ੀ ਨਾਲ ਹੋ ਰਿਹਾ ਹੈ...ਵੱਡੇ ਪੈਮਾਨੇ ਦਾ ਪੂੰਜੀਵਾਦੀ ਉਤਪਾਦਨ...ਸਮਾਜਵਾਦ ਦੀ ਅਟੱਲ ਆਮਦ ਲਈ ਮੁੱਖ ਪਦਾਰਥਕ ਅਧਾਰ ਮੁਹੱਈਆ ਕਰਦਾ ਹੈ।" (ਕਾਰਲ ਮਾਰਕਸ ਅਤੇ ਉਸਦੀ ਸਿੱਖਿਆ, ਪੰਨਾ 35)

"ਅਸੀਂ ਮਾਰਕਸ ਦਾ ਇਹ ਸਿਧਾਂਤ ਜਾਣਦੇ ਹਾਂ, ਜੋ ਇਹ ਮੰਨਦਾ ਹੈ ਕਿ ਧੰਨ ਦਾ ਵਧੇਰੇ ਤੇਜ਼ੀ ਨਾਲ ਵਾਧਾ, ਕਿਰਤ ਦੀਆਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਅਤੇ ਇਸ ਦਾ ਸਮਾਜੀਕਰਨ ਜਿੰਨਾ ਵਧੇਰੇ ਹੋਵੇਗਾ, ਮਜ਼ਦੂਰ ਦੀ ਸਥਿਤੀ ਉੱਨੀ ਹੀ ਬਿਹਤਰ ਹੋਵੇਗੀ। (ਲੈਨਿਨ A Charaterisatio of Economic Romanticism, ਪੰਨਾ 24)

"ਸਿਸਮਾਂਦੀ ਕਹਿੰਦਾ ਹੈ ਕਿ ਜੇਕਰ ਪੂੰਜੀ ਸੰਗ੍ਰਹਿ ਧੀਮੀ ਗਤੀ ਨਾਲ ਹੁੰਦਾ ਹੈ ਤਾਂ ਇਹ ਸਹਿਣਯੋਗ ਹੈ ਅਤੇ ਜੇਕਰ  ਇਹ ਸੰਗ੍ਰਹਿ ਤੇਜ਼ ਗਤੀ ਨਾਲ ਹੁੰਦਾ ਹੈ ਤਾਂ ਇਹ ਅਸਹਿ ਹੋ ਜਾਂਦਾ ਹੈ-ਦੂਜੇ ਹੱਥ ਜੇਕਰ ਅਸੀਂ ਸੰਕਟ ਦੀ ਵਿਆਖਿਆ ਪੈਦਾਵਾਰ ਦੇ ਸਮਾਜਿਕ ਖਾਸੇ ਅਤੇ ਹੜੱਪਣ ਦੇ ਵਿਅਕਤੀਗਤ ਖਾਸੇ ਵਿੱਚ ਅੰਤਰਵਿਰੋਧ ਦੇ ਰੂਪ ਵਿੱਚ ਕਰਦੇ ਹਾਂ, ਅਸੀਂ ਇਸੇ ਲਈ ਮੰਨਦੇ ਹਾਂ ਕਿ ਪੂੰਜੀਵਾਦੀ ਰਾਹ ਹੀ ਅਸਲ ਅਤੇ ਅੱਗੇ ਵਧੂ ਹੈ ਅਤੇ "ਵੱਖਰੇ ਰਾਹਾਂ" ਦੀ ਖੋਜ ਨੂੰ ਮੂਰਖਤਾਪੂਰਨ ਰੋਮਾਂਸਵਾਦ ਵਜੋਂ ਰੱਦ ਕਰਦੇ ਹਾਂ ਇਸੇ ਕਾਰਨ ਅਸੀਂ ਮੰਨਦੇ ਹਾਂ, ਜਿੰਨੀ ਵਧੇਰੇ ਇਹ ਵਿਰੋਧਤਾਈ ਵਿਕਸਿਤ ਹੁੰਦੀ ਹੈ, ਇਸ ਵਿੱਚੋਂ ਬਾਹਰ ਕਿਨਲਣ ਦਾ ਰਾਹ ਓਨਾ ਹੀ ਆਸਾਨ ਹੋਵੇਗਾ ਅਤੇ ਕਿ ਇਹ ਇਸ ਪ੍ਰਬੰਧ ਦਾ ਵਿਕਾਸ ਹੀ ਹੈ, ਜੋ ਇਸ ਤੋਂ ਛੁਟਕਾਰੇ ਦਾ ਰਾਹ ਮੁਹੱਈਆ ਕਰਵਾਉਂਦਾ ਹੈ। (ਲੈਨਿਨ, ਉਪਰੋਕਤ ਪੰਨਾ 50-51)

ਛੋਟੇ ਕਿਸਾਨਾਂ ਦੇ ਉਜਰਤੀ ਮਜ਼ਦੂਰਾਂ ਵਿੱਚ ਵੱਟਣ ਦਾ ਚੌਥਾ ਨਤੀਜਾ ਸਮਾਜ ਦੇ ਤਿੱਖੇ ਧਰੁਵੀਕਰਨ ਵਿੱਚ ਨਿਕਲਦਾ ਹੈ। ਸਮਾਜ ਦਿਨੋ-ਦਿਨ ਵਧੇਰੇ ਦੋ ਧਰੁਵਾਂ-ਪੂੰਜੀਪਤੀਆਂ ਅਤੇ ਮਜ਼ਦੂਰਾਂ ਵਿੱਚ ਵੰਡਿਆ ਜਾਂਦਾ ਹੈ। ਜਿਸ ਨਾਲ ਪਿੰਡਾਂ ਅਤੇ ਸ਼ਹਿਰਾਂ ਵਿੱਚ ਹਰ ਥਾਂ ਜਮਾਤੀ ਸੰਘਰਸ਼ਾਂ ਦੇ ਤਿੱਖੇ ਹੋਣ ਦਾ ਰਾਹ ਪੱਧਰਾ ਹੁੰਦਾ ਹੈ। ਮਾਰਕਸ ਲਿਖਦੇ ਹਨ, 'ਜ਼ਰਾਇਤ ਦੇ ਖੇਤਰ ਵਿੱਚ ਆਧੁਨਿਕ ਸਨਅਤ ਨੇ ਹੋਰ ਹਰ  ਥਾਂ ਨਾਲੋਂ ਵਧੇਰੇ ਇਨਕਲਾਬੀ ਅਸਰ ਪਾਇਆ ਹੈ। ਇਹਦਾ ਕਾਰਨ ਇਹ ਹੈ ਕਿ ਇਹ ਪੁਰਾਣੇ ਸਮਾਜ ਦੇ ਥੰਮ੍ਹ ਕਿਸਾਨ ਨੂੰ ਖਤਮ ਕਰ ਦਿੰਦੀ ਹੈ ਅਤੇ ਉਹਦਾ ਸਥਾਨ ਉਜਰਤੀ ਕਾਮੇ ਨੂੰ ਦੇ ਦਿੰਦੀ ਹੈ। ਇਸ ਤਰਾਂ ਸਮਾਜੀ ਤਬਦੀਲੀ ਦੀ ਇੱਛਾ ਅਤੇ ਜਮਾਤੀ ਵੈਰਭਾਵ ਪਿੰਡ ਵਿੱਚ ਵੀ ਉਸੇ ਪੱਧਰ ਉੱਤੇ ਆ ਜਾਂਦੇ ਹਨ, ਜਿਸ ਉੱਤੇ ਸ਼ਹਿਰ ਵਿੱਚ। (ਸਰਮਾਇਆ, ਜਿਲਦ ਪਹਿਲੀ, ਪੰਨਾ 544)

*ਜੈਕਾਰਾ (ਜਨਵਰੀ-ਮਾਰਚ 2004)*

*  *  *

# ਰੂਸੀ ਨਰੋਦਵਾਦ ਦੇ ਭਾਰਤੀ ਐਡੀਸ਼ਨ

"ਹੀਗਲ ਨੇ ਕਿਸੇ ਥਾਂ ਆਖਿਆ ਹੈ ਕਿ ਸੰਸਾਰ ਦੇ ਇਤਿਹਾਸ ਵਿੱਚ ਵੱਡੀ ਮਹੱਤਤਾ ਵਾਲੇ ਤੱਥ ਅਤੇ ਵਿਅਕਤੀ ਇੱਕ ਤਰਾਂ ਨਾਲ਼ ਦੋ ਵਾਰ ਵਾਪਰਦੇ ਹਨ। ਉਹ ਇਹਦੇ ਨਾਲ਼ ਇਹ ਗੱਲ ਜੋੜਨਾ ਭੁੱਲ ਗਿਆ: ਪਹਿਲੀ ਵਾਰ ਤ੍ਰਾਸਦੀ ਦੇ ਰੂਪ ਵਿੱਚ, ਦੂਜੀ ਵਾਰ ਸਾਂਗ ਦੇ ਰੂਪ ਵਿੱਚ।" (ਕਾਰਲ ਮਾਰਕਸ- ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ)

ਹਾਂ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਪਰ ਹੂ-ਬ-ਹੂ ਨਹੀਂ। 1860ਵਿਆਂ ਅਤੇ 70ਵਿਆਂ ਵਿੱਚ ਰੂਸ ਦੀ ਇਨਕਲਾਬੀ ਲਹਿਰ ਵਿੱਚ ਇੱਕ ਨਿੱਕ ਬੁਰਜੂਆ ਰੁਝਾਨ ਉੱਠਿਆ ਜਿਸ ਨੂੰ ਨਰੋਦਵਾਦ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਲਗਭਗ ਇੱਕ ਸਦੀ ਬਾਅਦ ਇਸੇ ਨਾਲ਼ ਮਿਲਦਾ-ਜੁਲ਼ਦਾ ਨਿੱਕ ਬੁਰਜੂਆ ਰੁਝਾਨ ਭਾਰਤ ਦੀ ਇਨਕਲਾਬੀ ਲਹਿਰ ਵਿੱਚ ਦੇਖਿਆ ਜਾ ਸਕਦਾ ਹੈ ਜਿਸ ਦੀ ਪ੍ਰਤੀਨਿਧਤਾ ਮ.ਲ. ਗਰੁੱਪ ਕਰਦੇ ਹਨ। ਬੇਸ਼ਕ ਭਾਰਤ ਦਾ ਇਹ ਨਿੱਕ ਬੁਰਜੂਆ ਰੁਝਾਨ ਰੂਸੀ ਨਰੋਦਵਾਦ ਦੀ ਕਾਰਬਨ ਕਾਪੀ ਤਾਂ ਨਹੀਂ ਹੈ, ਪਰ ਇਹਨਾਂ ਦੋਵਾਂ ਰੁਝਾਨਾਂ ਦੇ ਤੱਤ ਸਬੰਧੀ ਲੱਛਣ (Essential Features) ਆਪਸ ਵਿੱਚ ਮਿਲ਼ਦੇ ਜੁਲ਼ਦੇ ਹਨ। ਇਹ ਦੋਵੇਂ ਰੁਝਾਨ ਰੂਪ ਪੱਖੋਂ ਭਿੰਨ ਨਜ਼ਰ ਆਉਂਦੇ ਹਨ, ਪਰ ਤੱਤ ਪੱਖੋਂ ਇੱਕ ਹੀ ਹਨ। ਇਸੇ ਲਈ ਤਾਂ ਇਤਿਹਾਸ ਆਪਣੇ ਆਪ ਨੂੰ ਹੂ-ਬ-ਹੂ ਨਹੀਂ ਦੁਹਰਾਉਂਦਾ।

ਰੂਸੀ ਨਰੋਦਵਾਦ ਕਈ ਉਤਾਰ-ਚੜ੍ਹਾਵਾਂ ਚੋਂ ਹੋ ਕੇ ਗੁਜ਼ਰਿਆ। 1879 ਵਿੱਚ ਰੂਸੀ ਨਰੋਦਵਾਦੀਆਂ ਨੇ "ਨਰੋਦਨਾਯਾ ਵੋਲਯਾ"ਲੋਕਾਂ ਦੀ ਰਜ਼ਾ ਨਾ ਦੀ ਗੁਪਤ ਜਥੇਬੰਦੀ ਕਾਇਮ ਕੀਤੀ। ਉਹਨਾਂ ਨੇ ਜ਼ਾਰਸ਼ਾਹੀ ਵਿਰੁੱਧ ਵਿਅਕਤੀਗਤ ਦਹਿਸ਼ਤ ਨੂੰ ਘੋਲ਼ ਦੇ ਮਾਧਿਅਮ ਵਜੋਂ ਚੁਣਿਆ, ਜੋ ਕਿ ਸਰਗਰਮ "ਯੋਧਿਆ" ਅਤੇ ਸਿਥੱਲ਼ 'ਭੀੜ' ਦੇ ਗਲਤ ਸਿਧਾਂਤ ਉੱਪਰ ਅਧਾਰਤ ਸੀ। ਮਾਰਚ 1881 ਵਿੱਚ ਜ਼ਾਰ ਐਲਕਸਾਂਦਰ ਦੂਜੇ ਦਾ 'ਨਰੋਦਨਾਯਾ ਵੋਲਯਾ' ਦੇ ਇਨਕਲਾਬੀਆਂ ਨੇ ਕਤਲ ਕਰ ਦਿੱਤਾ, ਜਿਸ ਤੋਂ ਬਾਅਦ ਹਕੂਮਤ ਨੇ ਇਸ ਜਥੇਬੰਦੀ ਨੂੰ ਕੁਚਲ਼ ਦਿੱਤਾ।

1901 ਦੇ ਅੰਤ ਅਤੇ 1902 ਦੇ ਸ਼ੁਰੂ ਵਿੱਚ ਵੱਖ-ਵੱਖ ਨਰੋਦਵਾਦੀ ਗਰੁੱਪਾਂ ਨੇ ਮਿਲ਼ ਕੇ ਸੋਸ਼ਲਿਸਟ-ਇਨਕਲਾਬੀ ਪਾਰਟੀ ਦੀ ਸਥਾਪਨਾ ਕੀਤੀ ਜਿਸ ਦਾ ਕੰਮ ਢੰਗ ਵੀ "ਨਰੋਦਨਾਯਾ ਵੋਲਯਾ" ਵਾਲ਼ਾ ਹੀ ਸੀ, ਜਾਣੀ ਕਿ ਵਿਅਕਤੀਗਤ ਦਹਿਸ਼ਤਵਾਦ। ਸੋਸ਼ਲਿਸ ਇਨਕਲਾਬੀ ਪਾਰਟੀ ਦੀਆਂ ਸਿਧਾਂਤਕ ਪੁਜ਼ੀਸ਼ਨਾ ਪੁਰਾਣੇ ਨਰੋਦਵਾਦੀ ਗਰੁੱਪਾਂ ਵਾਲ਼ੀਆਂ ਹੀ ਰਹੀਆਂ। 1905-7 ਦੇ ਪਹਿਲੇ ਰੂਸੀ ਇਨਕਲਾਬ ਦੀ ਹਾਰ ਤੋਂ ਬਾਅਦ ਸੋਸ਼ਲਿਸਟ ਇਨਕਲਾਬੀਆਂ ਦਾ ਵੱਡਾ ਹਿੱਸਾ ਬਰੁਜ਼ੂਆ ਸੁਧਾਰਵਾਦ ਦੇ ਪੈਂਤੜਿਆਂ ਵੱਲ਼ ਚਲਾ ਗਿਆ; ਪਾਰਟੀ ਦੇ ਆਗੂਆਂ ਨੇ ਜ਼ਾਰ ਦੀ ਹਕੂਮਤ ਵਿਰੁੱਧ ਇਨਕਲਾਬੀ ਘੋਲ਼ ਤੋਂ ਇਨਕਾਰ ਕਰ ਦਿੱਤਾ। ਫਰਵਰੀ 1917 ਦੇ ਬੁਰਜੂਆ ਜਮਹੂਰੀ ਇਨਕਲਾਬ ਤੋਂ ਬਾਅਦ ਸੋਸ਼ਲਿਸਟ ਇਨਕਲਾਬੀ ਆਗੂ ਬੁਰਜੂਆ ਆਰਜ਼ੀ ਹਕੂਮਤ ਵਿੱਚ ਸ਼ਾਮਲ ਹੋ ਗਏ ਅਤੇ ਬਾਲਸ਼ਵਿਕਾਂ ਦੀ ਅਗਵਾਈ ਵਿੱਚ ਸਮਾਜਵਾਦੀ ਇਨਕਲਾਬ ਦੀਆਂ ਤਿਆਰੀਆਂ ਕਰ ਰਹੀ ਰੂਸੀ ਮਜ਼ਦੂਰ ਜਮਾਤ ਵਿਰੁੱਧ ਲੜੇ। ਅਕਤੂਬਰ ਸਮਾਜਵਾਦੀ ਇਨਕਲਾਬ ਤੋਂ ਬਾਅਦ ਸੋਸ਼ਲਿਸਟ ਇਨਕਲਾਬੀ ਸਰਗਰਮੀ ਨਾਲ਼ ਸੋਵੀਅਤ ਸੱਤਾ ਵਿਰੁੱਧ ਲੜੇ।

ਇਸੇ ਤਰ੍ਹਾਂ ਭਾਰਤ ਵਿੱਚ ਵੀ ਨਕਸਲਬਾੜੀ ਦੀ ਬਗਾਵਤ ਤੋਂ ਬਾਅਦ ਕਮਿਊਨਿਸਟ ਇਨਕਲਾਬੀ ਗਰੁੱਪਾਂ ਦਾ ਵੱਡਾ ਹਿੱਸਾ ਗਲਤ ਸਿਆਸੀ-ਵਿਚਾਰਧਾਰਕ ਲੀਹ ਉੱਪਰ ਅਮਲ ਕਰਦਿਆਂ ਆਪਣੇ ਉਲਟ ਵਿੱਚ ਬਦਲ ਚੁੱਕਾ ਹੈ। ਮ. ਲ. ਗਰੁਪਾਂ ਦਾ ਇੱਕ ਹਿੱਸਾ ਆਪਣੇ ਜਥੇਬੰਦਕ ਢਾਂਚੇ ਖੁੱਲ੍ਹੇ ਕਰਕੇ, ਸੰਸਦੀ ਵੋਟ ਰਾਜਨੀਤੀ ਦਾ ਆਨੰਦ ਮਾਣਦੇ ਹੋਏ ਸ਼ਰੇਆਮ ਭਾਰਤੀ ਹਾਕਮਾਂ ਦੀ ਸੇਵਾ ਵਿੱਚ ਲੱਗਾ ਹੋਇਆ ਹੈ। ਜਿਵੇਂ ਰੂਸ ਦੇ ਨਰੋਦਵਾਦੀ ਸ਼ੁਰੂ ਵਿੱਚ ਰੂਸ



ਦੇ ਇੱਕ ਪੁਰਖੇ ਰਾਜ ਵਿਰੁੱਧ ਹਥਿਆਰਬੰਦ ਕਾਰਵਾਈ ਤੋਂ ਸ਼ੁਰੂ ਕਰਕੇ ਬਾਅਦ ਵਿੱਚ ਹਾਕਮ ਜਮਾਤਾਂ ਦੀ ਝੋਲੀ ਵਿੱਚ ਜਾ ਡਿੱਗੇ ਸਨ, ਉਸੇ ਤਰ੍ਹਾਂ ਦੀ ਪ੍ਰਕ੍ਰਿਆ 'ਚੋਂ ਗੁਜ਼ਰਦੇ ਹੋਈ ਕਈ ਮ. ਲ. ਗਰੁੱਪ ਵੀ ਅੱਜ ਇਸੇ ਪ੍ਰਬੰਧ ਦਾ ਅੰਗ ਬਣ ਚੁੱਕੇ ਹਨ। ਸੀ. ਪੀ. ਆਈ. (ਮ. ਲ.) ਲਿਬਰੇਸ਼ਨ ਇਸ ਰੁਝਾਨ ਦੀ ਸਭ ਤੋਂ ਉੱਘੜਵੀਂ ਉਦਾਹਰਣ ਹੈ। ਜਿਸ ਨੇ ਚਾਰੂ ਮੁਜ਼ਮਦਾਰ ਦੀ ਵਿਕਅਤੀਗਤ ਸਫਾਏ ਦੀ ਲੀਹ ਨੂੰ ਬਹੁਤ ਦੇਰ ਤੱਕ ਲਾਗੂ ਕੀਤਾ। ਜਦੋਂ ਬਹੁਤ ਸਾਰੇ ਐਮ. ਐਲ. ਗਰੁੱਪਾਂ ਨੇ 73-74 ਵਿੱਚ ਹੀ ਚਾਰੂ ਦੀ ਵਿਅਕਤੀਗਤ ਦਹਿਸ਼ਤਪਸੰਦੀ ਦੀ ਲਾਈਨ ਨੂੰ ਛੱਡਣਾ ਸ਼ੁਰੂ ਕਰ ਦਿੱਤਾ ਸੀ, ਤਾਂ ਲਿਬਰੇਸ਼ਨ ਪੂਰੇ ਜ਼ੋਰ-ਸ਼ੋਰ ਨਾਲ ਇਸ ਲੀਹ ਨੂੰ ਲਾਗੂ ਕਰ ਰਹੀ ਸੀ। 1979 ਵਿੱਚ ਵਿਨੋਦ ਮਿਸ਼ਰਾ ਦੇ ਇਸ ਗਰੁੱਪ ਦੇ ਸੈਕਰੇਟਰੀ ਬਣਨ ਤੋਂ ਬਾਅਦ ਇਸ ਨੇ ਹੌਲੀ ਹੌਲੀ ਸੰਸਦਵਾਦ ਵੱਲ ਨੂੰ ਮੋੜ ਕੱਟਿਆ ਅਤੇ ਅੱਜ ਇਹ ਗਰੁੱਪ ਇਸ ਪ੍ਰੀਕ੍ਰਿਆ ਦੇ ਤਰਕਸ਼ੀਲ ਸਿੱਟੇ ਉੱਪਰ ਪਹੁੰਚ ਚੁੱਕਾ ਹੈ। ਹੋਰ ਬਹੁਤ ਸਾਰੇ ਐਮ. ਐਲ. ਗਰੁੱਪ ਇਸੇ ਗਰੁੱਪ ਦੇ ਪਿੱਛੇ-ਪਿੱਛੇ ਚੱਲ ਰਹੇ ਹਨ। ਇਹ ਗਰੁੱਪ ਉਸ ਹਾਲਤ ਵਿੱਚ ਪਹੁੰਚ ਚੁੱਕੇ ਹਨ ਜਿਸ ਹਾਲਤ ਵਿੱਚ ਰੂਸੀ ਨਰੋਦਵਾਦ 1905-07 ਦੇ ਇਨਕਲਾਬ ਦੀ ਹਾਰ ਤੋਂ ਬਾਅਦ ਸੀ।

ਮ.ਲ. ਗਰੁੱਪਾਂ 'ਚ ਇੱਕ ਰੁਝਾਨ ਅਜੇਹਾ ਵੀ ਹੈ, ਜੋ ਅਜੇ ਵੀ ਰੂਸੀ ਨਰੋਦਵਾਦ ਦੀ ਸ਼ੁਰੂਆਤੀ ਸਥਿਤੀ ਦੇ ਵਧੇਰੇ ਨਜ਼ਦੀਕ ਹੈ। ਇਹਨਾਂ ਭੂਮੀਗਤ ਗਰੁੱਪਾਂ ਵਿੱਚੋਂ ਕੁਝ ਤਾਂ ਹਿੰਦੋਸਤਾਨ ਦੇ ਕੁਝ ਇਲਾਕਿਆਂ ਵਿੱਚ ਰਾਜਸੱਤਾ ਖਿਲਾਫ ਹਥਿਆਰਬੰਦ ਕਾਰਵਾਈਆਂ ਵਿੱਚ ਵੀ ਲੱਗੇ ਹੋਏ ਹਨ। ਸਿਧਾਂਤ ਪੱਖੋਂ ਵੀ ਅਤੇ ਵਿਵਹਾਰ ਪੱਖੋਂ ਵੀ ਇਹ ਗਰੁੱਪ ਰੂਸੀ ਨਰੋਦਵਾਦ ਦੇ ਵਧੇਰੇ ਨਜ਼ਦੀਕ ਹਨ। ਪੀਪਲਜ਼ ਵਾਰ ਗਰੁੱਪ, ਐਮ.ਸੀ.ਸੀ., ਨਾਗੀ ਰੈਡੀ ਗਰੁੱਪ ਆਦਿ ਇਸ ਰੁਝਾਨ ਦੇ ਮੁੱਖ ਪ੍ਰਤੀਨਿਧ ਹਨ। ਆਓ ਹੁਣ ਇਹਨਾਂ ਗਰੁੱਪਾਂ ਦੀਆਂ ਰੂਸੀ ਨਰੋਦਵਾਦ ਨਾਲ ਸਮਾਨਤਾਵਾਂ ਉੱਪਰ ਇੱਕ ਨਜ਼ਰ ਮਾਰਦੇ ਹਾਂ:

ਰੂਸ ਦੇ ਨਰੋਦਵਾਦੀ ਰੂਸ ਵਿੱਚ ਪੂੰਜੀਵਾਦੀ ਵਿਕਾਸ ਤੋਂ ਉੱਕਾ ਹੀ ਇਨਕਾਰੀ ਸਨ। ਉਹਨਾਂ ਦੀਆਂ ਨਜ਼ਰਾਂ ਵਿੱਚ ਰੂਸ ਵਿੱਚ ਪੂੰਜੀਵਾਦ ਇੱਕ 'ਵਿਗਾੜ' ਹੈ ਅਤੇ "ਰੂਸ ਪੰਜੀਵਾਦੀ ਰਾਹ ਤੋਂ ਬਚ ਸਕਦਾ" ਸੀ। ਉਹਨਾਂ ਦਾ ਮੰਨਣਾ ਸੀ ਕਿ ਰੂਸ ਵਿੱਚ ਪੂੰਜੀਵਾਦੀ ਵਿਕਾਸ ਨਾ ਮੁਨਕਿਨ ਹੈ, ਜਦ ਕਿ ਰੂਸੀ ਮਾਰਕਸਵਾਦੀਆਂ, ਪਹਿਲਾਂ ਪਲੈਖਾਨੋਵ ਅਤੇ ਫਿਰ ਲੈਨਿਨ ਨੇ ਨਾ ਰੱਦ ਕੀਤੇ ਜਾ ਸਕਣ ਵਾਲ਼ੇ ਤੱਥਾਂ ਰਾਹੀਂ ਰੂਸ ਵਿੱਚ ਪੂੰਜੀਵਾਦੀ ਵਿਕਾਸ ਸਿੱਧ ਕੀਤਾ। ਉਹਨਾਂ ਦਿਖਾਇਆ ਕਿ ਰੂਸ ਵਿੱਚ ਪੂੰਜੀਵਾਦੀ ਵਿਕਾਸ ਨਾ ਸਿਰਫ ਮੁਨਕਿਨ ਹੈ ਬਲਕਿ ਸਭ ਦੀਆਂ ਅੱਖਾਂ ਸਾਹਮਣੇ ਵਾਪਰ ਰਿਹਾ ਵਰਤਾਰਾ ਹੈ। ਪਰ ਨਰੋਦਵਾਦੀਆਂ ਨੇ ਮਾਰਕਸਵਾਦੀਆਂ ਦੀਆਂ ਇਹਨਾਂ ਦਲੀਲਾਂ 'ਤੇ ਕੰਨ ਨਾ ਧਰਿਆ। ਠੀਕ ਰੂਸੀ ਨਰੋਦਵਾਦੀਆਂ ਵਾਂਗ ਹੀ ਸਾਡੇ ਮ.ਲ. ਗਰੁੱਪ ਵੀ ਪਿਛਲੀ ਅੱਧੀ ਸਦੀ ਵਿੱਚ ਭਾਰਤ ਵਿੱਚ ਹੋਏ ਪੂੰਜੀਵਾਦੀ ਵਿਕਾਸ ਤੋਂ ਇਨਕਾਰੀ ਹਨ। ਉਹ ਇਹ ਅੱਜ ਵੀ ਭਾਰਤ ਨੂੰ ਜਗੀਰੂ ਬੇੜੀਆਂ ਵਿੱਚ ਨਰੜਿਆ ਹੋਇਆ ਵੇਖਦੇ ਹਨ। ਇਹਨਾਂ ਮੁਤਾਬਕ ਅੱਜ ਵੀ ਦੁਨੀਆਂ ਦੂਸਰੀ ਸੰਸਾਰ ਜੰਗ ਤੋਂ ਪਹਿਲਾਂ ਦੇ ਸਮੇਂ ਵਾਂਗ ਹੀ ਦੱਬੀਆਂ ਕੁਚਲੀਆਂ ਅਤੇ ਦਬਾਉਣ ਵਾਲ਼ੀਆਂ ਕੌਮਾਂ (oppressed and oppressor nations) ਵਿੱਚ ਵੰਡੀ ਹੋਈ। ਇਹਨਾਂ ਦੀਆਂ ਧਾਰਨਾਵਾਂ ਤੋਂ ਤਾਂ ਇੰਝ ਲੱਗਦਾ ਹੈ ਜਿਵੇਂ ਸਮਾਂ ਠਹਿਰ ਗਿਆ ਹੋਵੇ, ਜਿਵੇਂ ਦੁਨੀਆਂ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਦੇ ਸਮੇਂ 'ਚ ਹੀ ਖੜ੍ਹ ਗਈ ਹੋਵੇ। ਇਹ ਨਵੀਂ ਦੁਨੀਆਂ ਨੂੰ ਪੁਰਾਣੀ ਐਨਕ ਨਾਲ ਵੇਖਣ ਦੇ ਆਦੀ ਹੋ ਚੁੱਕੇ ਹਨ। ਇਹਨਾਂ ਮੁਤਾਬਕ ਪੂਰੀ ਤੀਸਰੀ ਦੁਨੀਆਂ ਦੇ ਦੇਸ਼ਾਂ ਦੀ ਤਰਾਂ ਭਾਰਤ ਵੀ ਸਾਮਰਾਜੀ ਦਾਬੇ ਹੇਠ ਹੈ, ਕਿ ਭਾਰਤ ਇੱਕ ਅਰਧ ਜਗੀਰੂ-ਅਰਧ ਬਸਤੀਵਾਦੀ ਦੇਸ਼ ਹੈ ਕਿਉਂਕਿ ਸਾਮਰਾਜ ਆਪਣੇ ਅਧੀਨ ਮੁਲਕਾਂ 'ਚ ਜਗੀਰੂ ਤਾਕਤਾਂ ਨਾਲ ਗਠਜੋੜ ਕਰਕੇ ਇੱਥੇ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਬੰਨ੍ਹ ਮਾਰਦਾ ਹੈ। ਇਸ ਲਈ ਇੱਥੇ ਪੂੰਜੀਵਾਦੀ ਵਿਕਾਸ ਹੋ ਹੀ ਨਹੀਂ ਸਕਦਾ।

ਰੂਸੀ ਨਰੋਦਵਾਦੀਆਂ ਦਾ ਨਿਸ਼ਚਾ ਸੀ ਕਿ ਸਰਮਾਏਦਾਰੀ ਰੂਸ ਵਿੱਚ ਇੱਕ ਸਬੱਬੀ ਵਰਤਾਰਾ ਹੈ, ਜਿਸ ਦੇ ਵਿਕਸਿਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ, ਇਸ ਲਈ ਉਹ ਮਜ਼ਦੂਰ ਜਮਾਤ ਨੂੰ ਨਹੀਂ, ਸਗੋਂ ਕਿਸਾਨੀ ਨੂੰ ਮੁੱਖ ਇਨਕਲਾਬੀ ਤਾਕਤ ਸਮਝਦੇ ਸਨ ਅਤੇ ਪੇਂਡੂ ਭਾਈਚਾਰੇ ਨੂੰ ਸਮਾਜਵਾਦ ਦੀ ਭਰੂਣ ਖਿਆਲ ਕਰਦੇ ਸਨ। ਭਾਵੇਂ ਨਰੋਦਨਿਕ ਖੁਦ ਨੂੰ ਸਮਾਜਵਾਦੀ ਕਹਿੰਦੇ ਸਨ ਅਤੇ ਸਮਾਜਵਾਦ ਦੀ ਸਥਾਪਨਾ ਨੂੰ ਹੀ ਆਪਣਾ ਉਦੇਸ਼ ਮੰਨਦੇ ਸਨ ਪਰ ਇਹਨਾਂ ਦਾ ਸਮਾਜਵਾਦੀ ਵਿਗਿਆਨਕ ਸਮਾਜਵਾਦ ਨਹੀਂ ਸੀ, ਸਗੋਂ ਨਿੱਕ ਬੁਰਜੂਆ, ਯੂਟੋਪੀਆਈ ਅਤੇ ਪਿਛਾਂਹਖਿੱਚੂ ਸਮਾਜਵਾਦ ਸੀ। ਰੂਸੀ ਨਰੋਦਵਾਦੀਆਂ ਦਾ ਸਮਾਜਵਾਦ ਪਰੂਦੋਂ ਅਤੇ ਸਿਸਮਾਂਦੀ ਦੇ ਨਿੱਕ ਬੁਰਜੂਆ ਸਮਾਜਵਾਦ ਦਾ ਹੀ ਰੂਸੀ ਐਡੀਸ਼ਨ ਸੀ, ਇਹ ਮਾਰਕਸ ਦਾ ਸਮਾਜਵਾਦ ਨਹੀਂ ਸੀ।

ਕਿਉਂਕਿ ਸਾਡੇ ਮ.ਲ. ਗਰੁੱਪ ਹਿੰਦੋਸਤਾਨ ਵਿੱਚ ਸਰਮਾਏਦਾਰੀ ਦੇ ਵਿਕਾਸ ਤੋਂ ਹੀ ਇਨਕਾਰੀ ਹਨ, ਇਸ ਲਈ ਉਹ ਇੱਥੋਂ ਦੇ ਸਨੱਅਤੀ ਕੇਂਦਰਾਂ ਅਤੇ ਖੇਤੀਬਾੜੀ ਖੇਤਰ ਵਿੱਚ ਹੋਂਦ ਵਿੱਚ ਆਏ ਉਜਰਤੀ ਮਜ਼ਦੂਰਾਂ ਦੇ ਮਹਾਂਸਾਗਰ ਵੱਲੋਂ ਵੀ ਅੱਖਾਂ ਫੇਰ ਲੈਂਦੇ ਹਨ। ਇਹ ਇਸ ਜਮਾਤ ਦੀ ਤਾਕਤ ਅਤੇ ਇਤਿਹਾਸਕ ਭੂਮਿਕਾ ਪਹਿਚਾਣ ਤੋਂ ਇਨਕਾਰੀ ਹਨ। ਇਹ ਵੀ ਕਿਸਾਨੀ ਨੂੰ ਹੀ ਸਮਾਜਿਕ ਤਬਦੀਲੀ ਦੀ ਮੁੱਖ ਤਾਕਤ ਸਮਝਦੇ ਹਨ, ਭਾਵੇਂ ਇਹ ਗਰੁੱਪ ਵੀ ਵਾਇਆ ਨਵ-ਜਮਹੂਰੀਅਤ ਹੋਕੇ ਸਮਾਜਵਾਦ ਤੱਕ ਪਹੁੰਚਣਾ ਚਾਹੁੰਦੇ ਹਨ, ਪਰ ਇਹਨਾਂ ਦਾ ਸਮਾਜਵਾਦ ਵੀ ਵਿਗਿਆਨਕ ਨਹੀਂ, ਸਗੋਂ ਨਿੱਕ ਬੁਰਜੂਆ ਸਮਾਜਵਾਦ ਹੈ। ਇਹਨਾਂ ਦਾ ਸਮਾਜਵਾਦ ਆਪਣੇ ਤੱਤ ਪੱਖੋਂ ਪਰੂਦੋਂ ਅਤੇ ਸਿਸਮਾਂਦੀ ਦਾ ਸਮਾਜਵਾਦ ਹੀ ਹੈ।

ਰੂਸ ਦੇ ਨਰੋਦਨਿਕ ਕਿਸਾਨੀ ਕਮਿਊਨਾਂ ਦਾ ਆਦਰਸ਼ੀਕ੍ਰਿਤ ਰੂਪ ਪੇਸ਼ ਕਰਦੇ ਸਨ, ਜਿਹਨਾਂ ਨੂੰ ਉਹ ਸਮਾਜਵਾਦ ਦਾ ਭਰੂਣ ਖਿਆਲ ਕਰਦੇ ਸਨ। ਪਰ ਜਿਵੇਂ ਹੀ ਖੇਤੀ ਵਿੱਚ ਪੂੰਜੀਵਾਦੀ ਸਬੰਧਾਂ ਦੀ ਘੁਸਪੈਠ ਵਧੀ, ਇਹ ਕਿਸਾਨ ਕਮਿਊਨ ਟੁੱਟਣ ਲੱਗੇ। ਕਿਸਾਨੀ ਵਿੱਚ ਵਿਭੇਦੀਕਰਨ ਵਧਣ ਲੱਗਾ, ਭਾਵ ਕਿਸਾਨੀ ਧਨੀ ਕਿਸਾਨਾਂ ਅਤੇ ਖੇਤ ਮਜ਼ਦੂਰ ਦੇ ਵਿਰੋਧੀ ਧਰੁਵਾਂ ਵਿੱਚ ਵੰਡੀ ਜਾਣ ਲੱਗੀ। ਪਰ ਆਪਣੀ ਰੋਮਾਂਸਵਾਦੀ ਅਤੇ ਨਿੱਕ ਬੁਰਜੂਆ ਨਜ਼ਰ ਕਾਰਨ, ਨਰੋਦਨਿਕ ਕਿਸਾਨੀ ਵਿੱਚ ਹੋ ਰਹੇ ਇਸ ਵਿਭੇਦੀਕਰਨ ਨੂੰ ਮੰਨਣੋਂ ਇਨਕਾਰੀ ਸਨ।

ਇਸੇ ਤਰ੍ਹਾਂ ਸਾਡੇ ਮ.ਲ. ਗਰੁੱਪ ਵੀ ਭਾਰਤ ਦੇ ਪੇਂਡੂ ਖੇਤਰ ਵਿੱਚ ਹੋਂਦ ਵਿੱਚ ਆਈ ਉਜਰਤੀ ਖੇਤ ਮਜ਼ਦੂਰਾਂ ਦੀ ਵਿਸ਼ਾਲ ਫੌਜ ਨੂੰ ਵੇਖਣੋਂ ਇਨਕਾਰੀ ਹਨ, ਕਿਉਂਕਿ ਖੇਤ ਮਜ਼ਦੂਰਾਂ ਦੀ ਹੋਂਦ ਨੂੰ ਮੰਨਣ ਦਾ ਅਰਥ ਖੇਤੀ ਵਿੱਚ ਪੂੰਜੀਵਾਦੀ ਵਿਕਾਸ ਨੂੰ ਮੰਨਣ ਵਿੱਚ ਨਿੱਕਲ਼ੇਗਾ। ਉਹ ਆਪਣੇ ਕਲਪਨਾ ਲੋਕ ਵਿੱਚ ਵਸਦੀਂ ਜਗੀਰਦਾਰੀ ਖਿਲਾਫ ਸੰਘਰਸ਼ ਵਿੱਚ ਧਨੀ ਕਿਸਾਨੀ ਤੋਂ ਲੈ ਕੇ ਖੇਤ ਮਜ਼ਦੂਰਾਂ ਤੱਕ ਦਾ ਸਾਂਝਾ ਮੋਰਚਾ ਬਣਾਉਣ ਦੇ ਮੁੱਦਈ ਹਨ। ਉਹ ਖੇਤ ਮਜ਼ਦੂਰਾਂ ਅਤੇ ਧਨੀ ਕਿਸਾਨਾਂ ਦੇ ਹਿੱਤਾਂ ਨੂੰ ਇੱਕੋ ਰੱਸੇ ਬੰਨ੍ਹਦੇ ਹਨ ਅਤੇ ਇਸ ਤਰ੍ਹਾਂ ਕਿਸਾਨੀ ਵਿੱਚ ਹੋਏ ਵਿਭੇਦੀਕਰਨ ਨੂੰ ਨਹੀਂ ਮੰਨਦੇ। ਇਹਨਾਂ ਮੁਤਾਬਕ ਖੇਤ ਮਜ਼ਦੂਰ ਵੀ, ਤਾਂ ਭੂਮੀ ਹੀਣ ਕਿਸਾਨ ਹੀ ਹਨ।

ਰੂਸ ਵਿੱਚ 1860 ਦੇ ਭੂਮੀ ਸੁਧਾਰਾਂ ਤੋਂ ਬਾਅਦ ਰੂਸ ਦੇ ਭੋਂ ਗੁਲਾਮਾਂ (ਕਿਸਾਨਾਂ) ਨੂੰ ਜ਼ਮੀਨ ਦੇ ਛੋਟੇ-ਛੋਟੇ ਟੁਕੜੇ ਹਾਸਲ ਹੋਏ, ਭਾਵੇਂ ਇਸ ਵਿੱਚ ਵੀ ਉੱਥੋਂ ਦੇ ਜਗੀਰਦਾਰਾਂ ਨੇ ਕਿਸਾਨਾਂ ਨਾਲ ਤਰਾਂ-ਤਰਾਂ ਦੀ ਠੱਗੀਆਂ ਮਾਰੀਆਂ ਸਨ, ਜਿਵੇਂ ਪੂੰਜੀਵਾਦੀ ਵਿਕਾਸ ਅੱਗੇ ਵਧਿਆ ਹੁਣ ਕਿਸਾਨਾਂ ਲਈ ਜ਼ਮੀਨ ਦੇ ਛੋਟੇ-ਛੋਟੇ ਟੁਕੜੇ ਬਚਾਈ ਰੱਖਣਾ ਮੁਸ਼ਕਿਲ ਹੁੰਦਾ ਗਿਆ। ਇਹਨਾਂ ਜ਼ਮੀਨਾਂ ਦੇ ਛੋਟੇ-ਛੋਟੇ ਟੁਕੜਿਆਂ ਨਾਲ਼ ਬੱਝੇ ਰਹਿਣ ਕਰਕੇ ਇਹਨਾਂ ਗਰੀਬ ਕਿਸਾਨਾਂ (ਅਰਧ ਪ੍ਰੋਲੇਤਾਰੀਆਂ) ਨੂੰ ਵੱਡਾ ਨੁਕਸਾਨ ਇਹ ਹੋਇਆ ਸੀ ਕਿ ਉਹਨਾਂ ਨੂੰ ਆਪਣੀ ਕਿਰਤ ਸ਼ਕਤੀ ਸਥਾਨਕ ਕੁਲਕਾਂ ਨੂੰ ਬਹੁਤ ਘੱਟ ਕੀਮਤ ਉੱਪਰ ਵੇਚਣੀ ਪੈਂਦੀ ਸੀ। ਇਸ ਹਾਲਤ ਵਿੱਚ ਰੂਸੀ ਮਾਰਕਸਵਾਦੀ ਇਸ ਗੱਲ ਦੇ ਮੁੱਦਈ ਸਨ ਕਿ ਇਹਨਾਂ ਗਰੀਬ ਕਿਸਾਨਾਂ ਨੂੰ ਆਪਣੀ ਜ਼ਮੀਨ ਦੇ



ਛੋਟੇ-ਛੋਟੇ ਟੁਕੜੇ ਵੇਚ ਕੇ ਮੁਕਤ ਹੋਣਾ ਚਾਹੀਦਾ ਹੈ ਤਾਂ ਕਿ ਉਹ ਦੇਸ਼ ਦੇ ਉਸ ਕਿਸੇ ਵੀ ਕੋਨੇ ਵਿੱਚ ਜਾ ਕੇ ਆਪਣੀ ਕਿਰਤ ਸ਼ਕਤੀ ਵੇਚ ਸਕਣ, ਜਿੱਥੇ ਉਹਨਾਂ ਨੂੰ ਮੁਕਾਬਲਤਨ ਚੰਗੀ ਕੀਮਤ ਮਿਲ਼ੇ। ਪਰ ਰੂਸ ਦੇ ਨਰੋਦਵਾਦੀਆਂ ਨੇ ਇਸ ਤੋਂ ਠੀਕ ਉਲ਼ਟ ਪੁਜ਼ੀਸ਼ਨ ਲਈ। ਉਹਨਾਂ ਨੇ ਕਿਸਾਨਾਂ ਦੁਆਰਾ ਜ਼ਮੀਨ ਵੇਚੇ ਜਾਣ ਦਾ ਵਿਰੋਧ ਕੀਤਾ ਅਤੇ ਵੇਲੇ ਦੀ ਸਰਕਾਰ ਤੋਂ ਮੰਗ ਕੀਤੀ ਕਿ ਉਸ ਅਜਿਹਾ ਸਖਤ ਕਾਨੂੰਨ ਬਣਾਵੇ, ਜਿਸ ਨਾਲ਼ ਕਿਸਾਨ ਆਪਣੀ ਜ਼ਮੀਨ ਨਾ ਵੇਚ ਸਕਣ। ਉਹ ਹਰ ਹਾਲ ਗਰੀਬ ਕਿਸਾਨਾਂ ਨੂੰ ਉਹਨਾਂ ਦੀ ਜ਼ਮੀਨ ਨਾਲ਼ ਬੰਨ੍ਹੀ ਰੱਖਣਾ ਚਾਹੁੰਦੇ ਸਨ। ਇਸ ਤਰ੍ਹਾਂ ਨਰੋਦਨਿਕਾਂ ਨੇ ਕੁਲਕ ਹਿੱਤਾਂ ਦੀ ਸੇਵਾ ਕੀਤੀ।

ਸਾਡੇ ਮ.ਲ. ਗਰੁੱਪ ਭਾਵੇਂ ਰੂਸੀ ਨਰੋਦਨਿਕਾਂ ਵਾਂਗ ਕਿਸੇ ਸਰਕਾਰੀ ਕਾਨੂੰਨ ਦੀ ਮੰਗ ਤਾਂ ਨਹੀਂ ਕਰਦੇ, ਪਰ ਉਹ ਵੀ ਹਰ ਹਾਲ ਕਿਸਾਨਾਂ ਨੂੰ ਉਹਨਾਂ ਦੀ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ ਨਾਲ਼ ਨਰੜੀ ਰੱਖਣਾ ਚਾਹੁੰਦੇ ਹਨ। ਭਾਰਤੀ ਅਰਥਚਾਰੇ ਦੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਮੌਜੂਦਾ ਦੌਰ ਵਿੱਚ, ਜਦੋਂ ਅਰਥਚਾਰੇ ਦੇ ਹਰ ਖੇਤਰ ਵਿੱਚ ਪੈਦਾਵਾਰ ਦੇ ਸਾਧਨਾਂ ਦੇ ਸੰਕੇਂਦਰਣ ਅਤੇ ਕੇਂਦਰੀਕਰਨ ਦੀ ਤੇਜ਼ ਹਵਾ ਚੱਲ ਰਹੀ ਹੈ, ਜਦੋਂ ਛੋਟੇ ਜਿਣਸ ਉਤਪਾਦਕਾਂ ਦਾ ਮੰਡੀ ਅਤੇ ਪੈਦਾਵਾਰੀ ਪ੍ਰੀਕ੍ਰਿਆ ਵਿੱਚ ਟਿਕੇ ਰਹਿਣ ਮੁਸ਼ਕਿਲ ਹੋ ਰਿਹਾ ਹੈ, ਜਦੋਂ ਉਹ ਨਿੱਜੀ ਸੰਪਤੀ ਤੋਂ ਮੁਕਤ ਹੋ ਰਹੇ ਹਨ, ਤਾਂ ਸਾਡੇ ਮ.ਲ. ਗਰੁੱਪਾਂ ਦਾ ਸਾਰਾ ਜ਼ੋਰ ਇਹਨਾਂ ਛੋਟੇ ਜਿਣਸ ਉਤਪਾਦਕਾਂ ਨੂੰ ਬਚਾਈ ਰੱਖਣ ਉੱਪਰ ਹੀ ਲੱਗਿਆ ਹੋਇਆ ਹੈ। ਇਸ ਨੁਕਤੇ ਤੋਂ ਇਹ ਫਿਰ ਰੂਸੀ ਨਰੋਦਵਾਦੀਆਂ ਦੀ ਪੈੜ ਵਿੱਚ ਹੀ ਪੈਰ ਰੱਖਦੇ ਹਨ। ਸਾਰੇ ਮਹੱਤਵਪੂਰਨ ਨੁਕਤਿਆਂ ਤੇ ਸਾਡੇ ਮ.ਲ. ਗਰੁੱਪਾਂ ਦੀ ਸੁਰ ਰੂਸੀ ਨਰੋਦਵਾਦੀਆਂ ਦੀ ਸੁਰ ਨਾਲ਼ ਰਲ਼ਦੀ ਹੈ। ਇਹਨਾਂ ਕਾਰਨਾਂ ਕਰਕੇ ਹੀ ਭਾਰਤ ਦੇ ਮ.ਲ. ਗਰੁੱਪਾਂ ਨੂੰ ਰੂਸੀ ਨਰੋਦਵਾਦ ਦੇ ਭਾਰਤੀ ਐਡੀਸ਼ਨ ਕਿਹਾ ਜਾ ਸਕਦਾ ਹੈ।

ਪੂੰਜੀਵਾਦੀ ਪੈਦਾਵਾਰੀ ਪ੍ਰਬੰਧ ਵਿੱਚ ਛੋਟੀ ਮਾਲਕੀ ਦੀ ਤਬਾਹੀ ਅਟੱਲ ਹੈ। ਮਰਨ ਤੋਂ ਪਹਿਲਾਂ ਇਹ ਜਮਾਤ ਛਟਪਟਾਉਂਦੀ ਹੈ। ਇਸੇ ਛਟਪਟਾਹਟ ’ਚੋਂ ਇਸ ਜਮਾਤ ਦੇ ਵਿਚਾਰ ਜਨਮ ਲੈਂਦੇ ਹਨ ਅਤੇ ਇਹਨਾਂ ਵਿਚਾਰਾਂ ਨੂੰ ਸਿਧਾਂਤ ਵਿੱਚ ਢਾਲਣ ਵਾਲੇ ਇਸਦੇ ਸਿਧਾਂਤਕਾਰ ਵੀ ਜਨਮ ਲੈਂਦੇ ਹਨ। ਫਰਾਂਸ ਅਤੇ ਜਰਮਨੀ ਵਿੱਚ ਸਿਸਮਾਂਦੀ ਅਤੇ ਪਰੂਦੋਂ ਛੋਟੇ ਮਾਲਕਾਨੇ ਦੇ ਸਿਧਾਂਤਕਾਰਾਂ ਦੇ ਰੂਪ ਵਿੱਚ ਸਾਹਮਣੇ ਆਏ ਅਤੇ ਰੂਸ ਵਿੱਚ ਨਰੋਦਵਾਦੀ। ਸਾਡੇ ਦੇਸ਼ ਵਿੱਚ ਮ.ਲ. ਗਰੁੱਪ ਛੋਟੇ ਮਾਲਕਾਨੇ ਦੇ ਪ੍ਰਤੀਨਿਧ ਹਨ, ਪਰ ਜਦੋਂ ਇਹ ਮੱਧਵਰਗੀ ਵਿਚਾਰ ਮਾਰਕਸਵਾਦ ਦੇ ਬੁਰਕੇ ਹੇਠ ਮਜ਼ਦੂਰ ਜਮਾਤ ਦੀ ਲਹਿਰ ਵਿੱਚ ਘੁਸ ਆਉਂਦੇ ਹਨ ਤਾਂ ਇਹ ਸੋਧਵਾਦ ਦੀਆਂ ਵੱਖ-ਵੱਖ ਵੰਨਗੀਆਂ ਵਿੱਚੋਂ ਇੱਕ ਬਣ ਜਾਂਦੇ ਹਨ। ਲੈਨਿਨ ਲਿਖਦੇ ਹਨ:

“ਤੱਥਾਂ ਅਤੇ ਅੰਕੜਿਆਂ ਦੀ ਸਹਾਇਤਾ ਨਾਲ ਸੋਧਵਾਦੀਆਂ ਦੀਆਂ ਦਲੀਲਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਹ ਸਿੱਧ ਕੀਤਾ ਗਿਆ ਕਿ ਸੋਧਵਾਦੀਏ ਬਾਕਾਇਦਾ ਢੰਗ ਨਾਲ਼ ਆਧੁਨਿਕ ਛੋਟੇ ਪੈਮਾਨੇ ਦੇ ਉਤਪਾਦਨ ਦੀ ਉੱਜਲੀ ਤਸਵੀਰ ਪੇਸ਼ ਕਰ ਰਹੇ ਹਨ। ਨਾ ਸਿਰਫ ਸਨਅਤ ਵਿੱਚ, ਸਗੋਂ ਜ਼ਰਾਇਤ ਵਿੱਚ ਵੀ ਛੋਟੇ ਪੈਮਾਨੇ ਦੀ ਸਨਅਤ ਨਾਲੋਂ ਵੱਡੇ ਪੈਮਾਨੀ ਦੀ ਸਨਅਤ ਦੀ ਤਕਨੀਕ ਅਤੇ ਵਪਾਰਕ ਉੱਤਮਤਾ ਨੂੰ ਨਾ ਰੱਦ ਕੀਤੇ ਜਾ ਸਕਣ ਵਾਲ਼ੇ ਤੱਥ ਸਿੱਧ ਕਰਦੇ ਹਨ।...... ਛੋਟੇ ਪੈਮਾਨੇ ਦਾ ਉਤਪਾਦਨ ਖੁਰਾਕ ਨੂੰ ਲਗਾਤਾਰ ਭੈੜਿਆਂ ਬਣਾ ਕੇ, ਦਾਇਮੀ ਭੁੱਖੇ ਮਰਨ ਨਾਲ਼, ਕੰਮ ਦਿਹਾੜੀ ਨੂੰ ਵੱਡਿਆਂ ਕਰਨ ਨਾਲ਼, ਪਸ਼ੂਆਂ ਦੀ ਕੁਆਲਿਟੀ ਅਤੇ ਸੰਭਾਲ ਵਿੱਚ ਬਟਤਰੀ ਲਿਆ ਕੇ ਮਤਲਬ ਕ ਕਿ ਹਰ ਉਸ ਢੰਗ ਨਾਲ਼, ਜਿਸ ਨਾਲ਼ ਦਸਤਕਾਰੀ ਉਤਪਾਦਨ ਨੇ ਸਰਮਾਏਦਾਰਾ ਕਾਰਖਾਨੇਦਾਰੀ ਤੋਂ ਆਪਣੇ ਆਪ ਨੂੰ ਬਚਾਕੇ ਰੱਖਿਆ ਸੀ, ਕੁਦਰਤੀ ਆਰਥਿਕਤਾ ਦੇ ਖੰਡਰਾਂ ਉੱਪਰ ਆਪਣੇ ਆਪ ਨੂੰ ਕਾਇਮ ਰੱਖਦਾ ਹੈ। ਵਿਗਿਆਨ ਅਤੇ ਟੈਕਨੌਲੌਜੀ ਵਿੱਚ ਹਰ ਤਰੱਕੀ ਅਟੱਲ ਤੌਰ ਉੱਤੇ ਅਤੇ ਬੇਕਿਰਕੀ ਨਾਲ ਸਰਮਾਏਦਾਰਾ ਸਮਾਜ ਵਿੱਚ ਛੋਟੇ

ਪੈਮਾਨੇ ਦੇ ਉਤਪਾਦਨ ਦੀਆਂ ਬੁਨਿਆਦਾਂ ਨੂੰ ਢਾਹ ਲਾਉਂਦੀ ਹੈ ਅਤੇ ਇਹ ਸੋਸ਼ਲਿਸਟ ਰਾਜਨੀਤਕ ਆਰਥਿਕਤਾ ਦਾ ਕੰਮ ਹੈ ਕਿ ਇਸ ਅਮਲ ਦੀ ਇਸਦੇ ਸਾਰੇ ਰੂਪਾਂ ਵਿੱਚ, ਜਿਹੜੇ ਅਕਸਰ ਗੁੰਝਲਦਾਰ ਅਤੇ ਪੇਚੀਦਾ ਹੁੰਦੇ ਹਨ, ਛਾਣ ਬੀਣ ਕਰੇ ਅਤੇ ਛੋਟੇ ਉਤਪਾਦਕ ਨੂੰ ਸਰਮਾਏਦਾਰੀ ਹੇਠ ਉਸ ਦੇ ਆਪਣੇ ਪੈਰਾਂ ਉੱਤੇ ਖੜੇ ਹੋ ਸਕਣ ਦੀ ਅਸੰਭਵਤਾ, ਸਰਮਾਏਦਾਰੀ ਹੇਠ ਕਿਸਾਨ ਖੇਤੀ ਦਾ ਨਿਰਾਸ਼ਾਜਨਕ ਹੋਣਾ ਅਤੇ ਕਿਸਾਨ ਲਈ ਪ੍ਰੋਲੇਤਾਰੀਆਂ ਦਾ ਦ੍ਰਿਸ਼ਟੀਕੋਣ ਅਪਨਾਉਣਾ ਜ਼ਰੂਰੀ ਸਿੱਧ ਕਰੇ। ਇਸ ਸਵਾਲ ਬਾਰੇ ਸੋਧਵਾਦੀਆਂ ਨੇ ਸਮੁੱਚੇ ਤੌਰ ਉੱਤੇ ਸਰਮਾਏਦਾਰ ਪ੍ਰਬੰਧ ਨਾਲ਼ ਬਿਨਾਂ ਕੋਈ ਸੰਬੰਧ ਪੈਦਾ ਕੀਤਿਆਂ ਅਤੇ ਇੱਕ ਪਾਸੜ ਤੌਰ ਉੱਤੇ ਚੁਣੇ ਤੱਥਾਂ ਉੱਪਰ ਅਧਾਰਤ ਸਤੱਹੀ ਜਿਹੇ ਆਮ ਸੂਤਰ ਘੜ ਕੇ, ਵਿਗਿਆਨਕ ਅਰਥਾਂ ਵਿੱਚ ਗੁਨਾਹ ਕੀਤਾ ਹੈ। ਸਿਆਸੀ ਨਜ਼ਰੀਏ ਤੋਂ ਉਹਨਾਂ ਨੇ ਇਸ ਤੱਥ ਨਾਲ਼ ਗੁਨਾਹ ਕੀਤਾ ਹੈ ਕਿ ਉਹਨਾਂ ਨੇ ਅਟੱਲ ਤੌਰ ਉੱਤੇ ਭਾਵੇਂ ਉਹ ਚਾਹੁੰਦੇ ਸਨ ਜਾਂ ਨਹੀਂ, ਕਿਸਾਨ ਨੂੰ ਸੱਦਾ ਦਿੱਤਾ ਜਾਂ ਅਪੀਲ ਕੀਤੀ ਕਿ ਉਹ ਮਾਲਕ ਵਾਲ਼ਾ ਵਤੀਰਾ (ਭਾਵ ਬੁਰਜੂਆਜੀ ਵਾਲ਼ਾ ਵਤੀਰਾ) ਅਪਣਾਏ, ਬਜਾਏ ਇਸ ਦੇ ਕਿ ਉਸ ਨੂੰ ਇਨਕਲਾਬੀ ਪ੍ਰੋਲੇਤਾਰੀਆਂ ਦਾ ਨਜ਼ਰੀਆ ਅਪਨਾਉਣ ਦੀ ਅਪੀਲ ਕਰਦੇ। (ਲੈਨਿਨ-ਮਾਰਕਸਵਾਦ ਅਤੇ ਸੋਧਵਾਦ)

ਅੱਗੇ ਲੈਨਿਨ ਲਿਖਦੇ ਹਨ "ਸਰਮਾਏਦਾਰਾ ਸਮਾਜ ਵਿੱਚ ਇਸ ਦੀ ਅਟੱਲਤਾ ਕਿਸ ਚੀਜ਼ ਵਿੱਚ ਹੈ? ਇਹ ਕੌਮੀ ਵਿਲੱਖਣਤਾਈਆਂ ਦੇ ਸਰਮਾਏਦਾਰਾ ਵਿਕਾਸ ਦੀਆਂ ਹੱਦਾਂ/ਫਰਕਾਂ ਨਾਲ਼ੋਂ ਵਧੇਰੇ ਡੂੰਘਾ ਕਿਉਂ ਹੈ? ਕਿਉਂਕਿ ਹਰ ਸਰਮਾਏਦਾਰ ਦੇਸ਼ ਵਿੱਚ, ਪਰੋਲੇਤਾਰੀਆਂ ਦੇ ਨਾਲ਼ ਨਾਲ਼, ਹਮੇਸ਼ਾ ਹੀ ਪੈਟੀ ਬੁਰਜੂਆਜ਼ੀ, ਨਿੱਕੇ ਕਾਰੋਬਾਰ ਮਾਲਕਾਂ ਦੇ ਵਿਸ਼ਾਲ ਤਬਕੇ ਹੁੰਦੇ ਹਨ। ਸਰਮਾਏਦਾਰੀ ਨਿੱਕੇ ਉਤਪਾਦਨ ਵਿੱਚੋਂ ਪੈਦਾ ਹੋਈ ਅਤੇ ਲਗਾਤਾਰ ਹੋ ਰਹੀ ਹੈ। ਸਰਮਾਏਦਾਰੀ ਵੱਲੋਂ ਮੁੜ-ਮੁੜ ਕੇ ਬਹੁਤ ਸਾਰੇ "ਵਿਚਲੇ ਤਬਕੇ" ਅਟੱਲ ਤੌਰ ਉੱਤੇ ਹੋਂਦ ਵਿੱਚ ਲਿਆਂਦੇ ਜਾਂਦੇ ਹਨ (ਫੈਕਟਰੀਆਂ ਦੇ ਸਹਾਇਕ ਅੰਗ, ਘਰ ਵਿੱਚ ਕੰਮ, ਬਾਈਸਾਈਕਲ ਅਤੇ ਮੋਟਰ ਸਨਅਤ ਆਦਿ ਜਿਹੀਆਂ ਵੱਡੀਆਂ ਸਨਅਤਾਂ ਦੀ ਲੋੜ ਨੂੰ ਪੂਰਿਆਂ ਕਰਨ ਲਈ ਦੇਸ਼ ਭਰ ਵਿੱਚ ਫੈਲੀਆਂ ਨਿੱਕੀਆਂ ਨਿੱਕੀਆਂ ਵਰਕਸ਼ਾਪਾਂ)। ਇਹ ਨਵੇਂ ਨਿੱਕੇ ਉਤਪਾਦਕ ਉਸੇ ਤਰ੍ਹਾਂ ਹੀ ਅਟੱਲ ਤੌਰ ਤੇ ਮੁੜ ਕੇ ਪ੍ਰੋਲੇਤਾਰੀਆਂ ਦੀਆਂ ਸਫਾਂ ਵਿੱਚ ਸੁੱਟ ਦਿੱਤੇ ਜਾਂਦੇ ਹਨ। ਇਹ ਬਿਲਕੁਲ ਕੁਦਰਤੀ ਹੈ ਕਿ ਵਿਸ਼ਾਲ ਮਜ਼ਦੂਰ ਪਾਰਟੀਆਂ ਦੀਆਂ ਸਫਾਂ ਵਿੱਚ ਨਿੱਕ ਬੁਰਜੂਆ ਸੰਸਾਰ ਨਜ਼ਰੀਆ ਮੁੜ-ਮੁੜ ਕੇ ਪੈਦਾ ਹੋ ਜਾਏ।" (ਉਪ੍ਰੋਕਤ)

ਭਾਰਤ ਜਿੱਥੇ ਅਜੇ ਵੀ ਬਦਕਿਸਮਤੀ ਨੂੰ ਵੱਡੇ ਪੱਧਰ 'ਤੇ ਛੋਟੇ ਪੈਮਾਨੇ ਦੀ ਜਿਣਸ ਪੈਦਾਵਾਰ ਦਾ ਬੋਲਬਾਲਾ ਹੈ, ਨਿੱਕ ਬੁਰਜੂਆ ਵਿਚਾਰਧਾਰਾਵਾਂ ਦੇ ਪੈਦਾ ਹੋਣ ਦੀ ਜ਼ਰਖੇਜ਼ ਭੋਇੰ ਹੈ। ਮਜ਼ਦੂਰ ਜਮਾਤ ਦੀ ਲਹਿਰ ਵਿੱਚ ਵਾਰ-ਵਾਰ ਇਹ ਮੱਧਵਰਗੀ ਰੁਝਾਨ ਸਿਰ ਚੱਕਦੇ ਰਹਿਣਗੇ। ਮਜ਼ਦੂਰ ਜਮਾਤ ਦੇ ਹਿਰਾਵਲ ਦਸਤੇ ਨੂੰ ਇਸ ਖਤਰੇ ਤੋਂ ਲਗਾਤਾਰ ਚੌਕਸ ਰਹਿਣਾ ਹੋਵੇਗਾ ਅਤੇ ਇਹਨਾਂ ਮੱਧਵਰਗੀ ਰੁਝਾਨਾਂ ਖਿਲਾਫ ਅਣਥੱਕ ਅਤੇ ਸਮਝੌਤਾ ਰਹਿਤ ਵਿਚਾਰਧਾਰਕ ਸੰਘਰਸ਼ ਜਾਰੀ ਰੱਖਣਾ ਹੋਵੇਗਾ।

***



# ਪੰਜਾਬ ਵਿੱਚ ਕਮਿਊਨਿਸਟ ਲਹਿਰ ਦੇ ਸਮਾਜਿਕ ਅਧਾਰ

ਮਾਰਕਸਵਾਦ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਹੈ ਅਤੇ ਮਾਰਕਸਵਾਦੀ ਸਿਧਾਂਤ ਉੱਪਰ ਉੱਸਰੀ ਕਮਿਊਨਿਸਟ ਪਾਰਟੀ ਇਸ ਜਮਾਤ ਦਾ ਜਥੇਬੰਦ ਆਗੂ ਦਸਤਾ। ਮਜ਼ਦੂਰ ਜਮਾਤ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਧ ਦ੍ਰਿੜ੍ਹ, ਸਭ ਤੋਂ ਉੱਨਤ ਅਤੇ ਆਖਰੀ ਇਨਕਲਾਬੀ ਜਮਾਤ ਹੈ। ਮਜ਼ਦੂਰ ਜਮਾਤ ਇਤਿਹਾਸ ਦੇ ਰੰਗ-ਮੰਚ ਉੱਪਰ ਪ੍ਰਗਟ ਹੀ ਇਸ ਲਈ ਹੋਈ ਹੈ ਕਿ ਇਹ ਆਪਣੀ ਮੁਕਤੀ ਦੇ ਨਾਲ਼-ਨਾਲ਼, ਪੂਰੀ ਮਨੁੱਖ ਜਾਤੀ ਨੂੰ ਹੀ ਲੁੱਟ ਦਾਬੇ, ਅਨਿਆਂ ਅਤੇ ਗੈਰ-ਬਰਾਬਰੀ ਅਧਾਰਤ ਪੂੰਜੀਵਾਦੀ ਪ੍ਰਬੰਧ ਦੇ ਜੂਲੇ ਤੋਂ ਮੁਕਤ ਕਰਾਵੇ। ਜਿੱਥੇ ਪੂੰਜੀ ਦੇ ਮੂੰਹ-ਮੂੰਹ ਖੜੀਆਂ ਹੋਰ ਦਰਮਿਆਨੀਆਂ ਜਮਾਤਾਂ ਦਿਨੋਂ-ਦਿਨ ਆਪਣੀ ਇਨਕਲਾਬੀ-ਲੜਾਕੂ ਸਮਰੱਥਾ ਗਵਾਉਂਦੀਆਂ ਜਾਂਦੀਆਂ ਹਨ ਅਤੇ ਇੱਥੋਂ ਤੱਕ ਕਿ ਆਵਦੀ ਹੋਂਦ ਹੀ ਗਵਾ ਬਹਿੰਦੀਆ ਨੇ, ਮਜ਼ਦੂਰ ਜਮਾਤ ਇਸੇ ਪ੍ਰੀਕ੍ਰਿਆ ਦੀ ਲਾਜ਼ਮੀ ਅਤੇ ਅਟੱਲ ਉਪਜ ਹੈ, ਜਿਸ ਦੀਆਂ ਸਫਾਂ ਦਾ ਲਗਾਤਾਰ ਵਿਸਥਾਰ ਹੁੰਦਾ ਹੈ, ਜਿਸ ਨਾਲ਼ ਇਸ ਦੀ ਲੜਾਕੂ ਸਮਰੱਥਾ ਦਿਨੋਂ-ਦਿਨ ਹੋਰ ਵੀ ਵਧਦੀ ਜਾਂਦੀ ਹੈ, ਮਜ਼ਦੂਰ ਜਮਾਤ ਪੂੰਜੀ ਵਿਰੁੱਧ ਆਪਣੀ ਜੱਦੋ ਜਹਿਦ ਨੂੰ ਕਿਸੇ ਮੁਕਾਮ ਉੱਪਰ ਤਾਂ ਹੀ ਪਹੁੰਚਾ ਸਕਦੀ ਹੈ, ਜੇਕਰ ਇਸ ਦੀ ਅਗਵਾਈ, ਇਨਕਲਾਬ ਦੇ ਵਿਗਿਆਨ (ਮਾਰਕਸਵਾਦ) ਤੋਂ ਚੰਗੀ ਤਰ੍ਹਾਂ ਸਿੱਖਿਅਤ, ਚੰਗੀ ਤਰ੍ਹਾਂ ਜਥੇਬੰਦ ਕਮਿਊਨਿਸਟ ਪਾਰਟੀ ਕਰਦੀ ਹੋਵੇ। ਪੂੰਜੀ ਦੇ ਜੂਲੇ ਤੋਂ ਮੁਕਤੀ ਪਾਉਣ ਲਈ ਮਜ਼ਦੂਰ ਜਮਾਤ, ਆਪਣੀ ਪਾਰਟੀ ਦੀ ਅਗਵਾਈ ਵਿੱਚ ਉਹਨਾਂ ਦਰਮਿਆਨੀਆਂ ਜਮਾਤਾਂ ਨਾਲ਼ ਸਾਂਝਾ ਮੋਰਚਾ ਬਣਾਉਂਦੀ ਹੈ, ਜਿਹਨਾਂ ਦੇ ਹਿੱਤ ਪੂੰਜੀਵਾਦੀ ਪ੍ਰਬੰਧ ਨਾਲ਼ ਕਿਸੇ ਨਾ ਕਿਸੇ ਰੂਪ ਵਿੱਚ ਟਕਰਾਉਂਦੇ ਹਨ। ਇੱਥੋਂ ਹੀ ਇੱਕ ਸਮੱਸਿਆ ਦੀ ਸ਼ੁਰੂਆਤ ਹੁੰਦੀ ਹੈ। ਕਈ ਵਾਰ ਕਮਿਊਨਿਸਟਾਂ ਦੁਆਰਾ ਪਾਰਟੀ ਅਤੇ ਸਾਂਝੇ ਮੋਰਚੇ ਦੇ ਫਰਕ ਨੂੰ ਹੀ ਮੇਸ ਦਿੱਤਾ ਜਾਂਦਾ ਹੈ। ਪਾਰਟੀ ਦਾ ਜਨਤਕ ਅਧਾਰ ਆਪਣੀ ਜਮਾਤ ਵਿੱਚ ਤਾਂ ਨਾ ਮਾਤਰ ਹੀ ਹੁੰਦਾ ਹੈ ਪਰ ਸੰਗੀ ਦਰਮਿਆਨੀਆਂ ਜਮਾਤਾਂ ਵਿੱਚ ਵਧੇਰੇ। ਇਸ ਤਰ੍ਹਾਂ ਕਮਿਊਨਿਸਟਾਂ ਨੂੰ ਆਪਣੀ ਜਮਾਤ ਦੀ ਚਿੰਤਾ ਤਾਂ ਘੱਟ ਸਤਾਉਂਦੀ ਹੈ ਪਰ ਉਹ ਸੰਗੀਆਂ ਦੇ ਦੁੱਖ ਦਰਦ ਅਤੇ ਗਮ ਵਿੱਚ ਵੀ ਸੁੱਕਦੇ ਜਾਂਦੇ ਹਨ। ਇਸ ਤਰ੍ਹਾਂ ਪਾਰਟੀ ਨੂੰ ਮਜ਼ਦੂਰ ਜਮਾਤ ਦੇ ਵਿਕਸਿਤ ਤੱਤਾਂ ਤੋਂ ਬਣੇ ਹਿਰਾਵਲ ਦਸਤੇ ਦੀ ਥਾਵੇਂ, ਵੱਖ-ਵੱਖ ਜਮਾਤਾਂ ਦੇ ਮਹਾਂਸੰਘ ਵਿੱਚ ਬਦਲ ਦਿੱਤਾਂ ਜਾਂਦਾ ਹੈ ਅਤੇ ਹਿੰਦੋਸਤਾਨ ਵਿੱਚ ਇਹ ਸਭ ਵੱਡੀ ਪੱਧਰ ਉੱਤੇ ਵਾਪਰਿਆ ਹੈ।

ਜੇਕਰ ਕਮਿਊਨਿਸਟ ਪਾਰਟੀ ਦਾ ਸਮਾਜਿਕ ਅਧਾਰ ਮਜ਼ਦੂਰ ਜ਼ਮਾਤ ਦੀ ਬਜਾਏ, ਦਰਮਿਆਨੀਆਂ ਜਮਾਤਾਂ ਵਿੱਚ ਹੀ ਲੰਬੇ ਸਮੇਂ ਤੱਕ ਬਣਿਆ ਰਹਿੰਦਾ ਹੈ, ਤਾਂ ਇਹ ਪਾਰਟੀ ਅੰਦਰ ਸਿਰ ਚੁੱਕਣ ਵਾਲ਼ੇ ਮੱਧਵਰਗੀ ਰੁਝਾਨਾਂ, ਭਟਕਾਵਾਂ ਲਈ ਜ਼ਰਖੇਜ਼ ਭੋਇੰ ਦਾ ਕੰਮ ਕਰਦਾ ਹੈ ਜਿਸ ਦਾ ਅੰਤਮ ਸਿੱਟਾ ਪਾਰਟੀ ਦੁਆਰਾ ਇਨਕਲਾਬੀ ਕਾਜ ਨੂੰ ਤਿਲਾਂਜਲੀ ਦੇ ਕੇ ਮੁਕੰਮਲ ਰੂਪ ਵਿੱਚ ਸੋਧਵਾਦੀ ਰਾਹ ਉੱਪਰ ਤੁਰ ਪੈਣ ਵਿੱਚ ਨਿਕਲਦਾ ਹੈ, ਕਿਉਂਕਿ ਪਦਾਰਥਕ ਅਧਾਰ ਆਪਣੇ ਅਨੁਕੂਲ ਇੱਕ ਚੇਤਨਾ ਨੂੰ ਵੀ ਜਨਮ ਦਿੰਦਾ ਹੈ। ਇਸ ਲਈ ਪਾਰਟੀ ਦੀ ਸਮੁੱਚੀ ਮਾਨਸਿਕਤਾ ਦਾ ਮੱਧਵਰਗੀ ਪ੍ਰਭਾਵਾਂ ਦੀ ਰੰਗਤ ਵਿੱਚ ਰੰਗੇ ਜਾਣਾ ਕੋਈ ਅਲੋਕਾਰੀ ਗੱਲ ਨਹੀਂ, ਸਗੋਂ ਇਸ ਨਾਲ਼ ਇਸ ਮਾਰਕਸਵਾਦੀ ਧਾਰਨਾ ਦੀ ਹੀ ਪੁਸ਼ਟੀ ਹੁੰਦੀ ਹੈ ਕਿ ਹੋਂਦ, ਚੇਤਨਾ ਨੂੰ ਮਿੱਥਦੀ ਹੈ ਨਾ ਕਿ ਇਸ ਦੇ ਉਲਟ।

ਇਸ ਤਰ੍ਹਾਂ ਕਿਸੇ ਵੀ ਕਮਿਊਨਿਸ਼ਟ ਪਾਰਟੀ ਦੇ ਵਿਕਾਸ ਅਤੇ ਨਿਘਾਰ ਵਿੱਚ ਇਹ ਤੱਥ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿ ਪਾਰਟੀ ਦਾ ਸਮਾਜਿਕ ਅਧਾਰ ਸਮਾਜ ਦੇ ਕਿਹੜੇ ਹਿੱਸਿਆਂ ਵਿੱਚ ਹੈ। ਬੇਸ਼ੱਕ ਕਿਸੇ ਪਾਰਟੀ ਦੇ ਵਿਕਾਸ ਅਤੇ ਨਿਘਾਰ ਦਾ ਇਹ ਇਕੋ-ਇਕ ਕਾਰਕ ਨਹੀਂ ਹੁੰਦਾ ਪਰ ਇਹ ਇੱਕ ਬੇਹੱਦ ਮਹੱਤਵਪੂਰਨ ਕਾਰਕ ਜ਼ਰੂਰ ਹੈ। ਇਸ ਲੇਖ ਵਿੱਚ

ਅਸੀਂ ਪੰਜਾਬ ਵਿੱਚ ਕਮਿਊਨਿਸਟ ਲਹਿਰ ਦੇ ਸਮਾਜਿਕ ਆਧਾਰਾਂ ਦੀ ਪੜਤਾਲ਼ ਕਰਾਂਗੇ, ਜਿਸ ਨੇ ਪੰਜਾਬ ਦੀ ਕਮਿਊਨਿਸਟ ਲਹਿਰ ਨੂੰ ਕਈ ਪੱਖਾਂ ਤੋਂ ਪ੍ਰਭਾਵਤ ਕੀਤਾ। ਪੰਜਾਬ ਵਿੱਚ ਕਮਿਊਨਿਸਟ ਲਹਿਰ ਦੇ ਸਮਾਜਿਕ ਆਧਾਰਾਂ ਦੀ ਪੜਤਾਲ ਕਰਨ ਲਈ ਸਾਨੂੰ ਇਸਦੇ ਇਤਿਹਾਸਕ ਪਿਛੋਕੜ ਉੱਪਰ ਵੀ ਝਾਤ ਮਾਰਨੀ ਹੋਵੇਗੀ।

**ਇਤਿਹਾਸਿਕ ਪਿਛੋਕੜ**— ਪੂਰੇ ਭਾਰਤ ਦੀ ਤਰ੍ਹਾਂ ਪੰਜਾਬ ਵਿੱਚ ਵੀ ਮਾਰਕਸਵਾਦ ਦੀ ਆਮਦ ਰੂਸੀ ਇਨਕਲਾਬ ਤੋਂ ਬਾਅਦ ਹੀ ਸ਼ੁਰੂ ਹੁੰਦੀ ਹੈ। ਕੌਮੀ ਮੁਕਤੀ ਲਹਿਰ ਦੀਆਂ ਜੁਝਾਰੂ ਟੁਕੜੀਆਂ ਵਿੱਚੋਂ ਹੀ ਉਹ ਲੋਕ ਅੱਗੇ ਆਏ ਜਿਹਨਾਂ ਨੇ ਸਮਾਜਵਾਦ ਜਾਂ ਮਾਰਕਸਵਾਦ ਨੂੰ ਅਪਣਾਇਆ (ਭਾਵੇਂ ਇਹਨਾਂ ਦੀ ਮਾਰਕਸਵਾਦ ਦੀ ਸਮਝ ਬਹੁਤ ਹੀ ਸਤੱਹੀ ਸੀ) ਅਤੇ ਇਹਨਾਂ ਲੋਕਾਂ ਨੇ ਹੀ ਅੱਗੇ ਵਧਕੇ ਪੰਜਾਬ ਵਿੱਚ ਕਮਿਊਨਿਸਟ ਪਾਰਟੀ ਦੀ ਇਕਾਈ ਕਾਇਮ ਕੀਤੀ। ਪੰਜਾਬ ਵਿੱਚ ਮਾਰਕਸਵਾਦ ਵੱਲ ਆਉਣ ਵਾਲੇ ਲੋਕ ਮੁੱਖ ਰੂਪ ਵਿੱਚ ਇਹਨਾਂ ਚਾਰ ਕੌਮੀ ਰੁਝਾਨਾਂ ਵਿੱਚੋਂ ਆਏ ਸਨ-ਮੁਹਾਜ਼ੀਰ, ਕੌਮਵਾਦੀ ਨੌਜਵਾਨ, ਮਿਲੀਟੈਂਟ ਅਕਾਲੀ ਅਤੇ ਗਦਰ ਪਾਰਟੀ ਦੇ ਮੈਂਬਰ ਅਤੇ ਹਮਦਰਦ। ਪੰਜਾਬ ਦੇ ਕੌਮਵਾਦੀਆਂ ਨੇ 1920ਵਿਆਂ ਦੇ ਸ਼ੁਰੂ ਵਿੱਚ ਹੀ ਰੂਸੀ ਇਨਕਲਾਬ ਦਾ ਪ੍ਰਭਾਵ ਕਬੂਲਣਾ ਸ਼ੁਰੂ ਕਰ ਦਿੱਤਾ ਸੀ, ਜਦੋਂ ਗਦਰ ਪਾਰਟੀ ਦੇ ਕਾਰਕੁਨ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ 1922 ਦੇ ਅੰਤ ਵਿੱਚ ਜਾਂ 1923 ਦੇ ਸ਼ੁਰੂ ਵਿੱਚ ਰੂਸ ਪਹੁੰਚੇ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿੱਚ ਸ਼ਿਰਕਤ ਕੀਤੀ। ਇਹਨਾਂ ਵਿੱਚੋਂ ਹੀ ਭਾਈ ਸੰਤੋਖ ਸਿੰਘ ਨੇ 1926 ਵਿੱਚ 'ਕਿਰਤੀ' ਅਖਬਾਰ ਦੀ ਨੀਂਹ ਰੱਖੀ, ਜਿਸ ਰਾਹੀਂ ਇਸ ਅਖਬਾਰ ਦੇ ਸੰਪਾਦਕਾਂ-ਪ੍ਰਬੰਧਕਾਂ ਨੇ ਆਪਣੀ ਸਮਝ ਅਨੁਸਾਰ ਪੰਜਾਬ ਵਿੱਚ ਮਾਰਕਸਵਾਦੀ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਸ਼ੁਰੂ ਕੀਤਾ।

ਭਾਰਤ ਦੀ ਉਸ ਸਮੇਂ ਦੀ ਸਮਾਜੀ ਆਰਥਿਕ ਸੰਰਚਨਾ ਉੱਪਰ ਝਾਤ ਮਾਰੀਏ, ਤਾਂ ਭਾਰਤ ਦੇ ਵਿਸ਼ਾਲ ਪੇਂਡੂ ਇਲਾਕੇ ਜਗੀਰੂ ਲੁੱਟ ਦਾਬੇ ਹੇਠ ਬੁਰੀ ਤਰ੍ਹਾਂ ਨਪੀੜੇ ਹੋਏ ਸਨ, ਜਿਸ ਨੂੰ ਬਸਤੀਵਾਦੀ ਰਾਜ ਪ੍ਰਬੰਧ ਦੀ ਛਤਰ-ਛਾਇਆ ਹਾਸਲ ਸੀ। ਉਸ ਸਮੇਂ ਭਾਰਤ ਦੀ ਸਮਾਜੀ-ਆਰਥਿਕ ਸੰਰਚਨਾ ਨੂੰ ਅਰਧ ਜਗੀਰੂ-ਬਸਤੀਵਾਦੀ ਸੰਰਚਨਾ ਕਿਹਾ ਜਾ ਸਕਦਾ ਹੈ, ਜੋ ਕਿ ਸਾਮਰਾਜ ਵਿਰੋਧੀ ਜਗੀਰਦਾਰੀ ਵਿਰੋਧੀ ਕੌਮੀ ਜਮਹੂਰੀ ਇਨਕਲਾਬ ਦੇ ਪੜਾਅ ਵਿੱਚ ਸੀ। ਪੰਜਾਬ ਵੀ ਇਸੇ ਸਮਾਜੀ ਆਰਥਿਕ ਬਣਤਰ ਦਾ ਹੀ ਅਟੁੱਟ ਅੰਗ ਸੀ।।ਸਮੁੱਚੇ ਭਾਰਤ ਵਿੱਚ ਹੀ ਉਦਯੋਗਿਕ ਵਿਕਾਸ ਨਾ ਮਾਤਰ ਸੀ ਅਤੇ ਪੰਜਾਬ ਤਾਂ ਇਸ ਮਾਮਲੇ ਵਿੱਚ ਹੋਰ ਵੀ ਪੱਛੜਿਆ ਹੋਇਆ ਸੀ। ਪੰਜਾਬ ਦੀ ਕਿਸਾਨੀ ਦਾ ਵੱਡਾ ਹਿੱਸਾ (ਲੱਗਭੱਗ 46 ਫੀਸਦੀ) ਭੂਮੀ ਹੀਣ ਮੁਜ਼ਾਰੇ ਕਿਸਾਨ ਅਤੇ ਖੇਤ ਮਜ਼ਦੂਰ ਦਾ ਸੀ। ਲਗਭਗ ਇੰਨੀ ਹੀ (48 ਫੀਸਦੀ) ਗਿਣਤੀ ਛੋਟੇ ਮਾਲਕ ਕਿਸਾਨਾਂ ਦੀ ਸੀ, ਜਿਹਨਾਂ ਦੀ ਆਰਥਿਕ ਹਾਲਤ ਮੁਜ਼ਾਰੇ ਕਿਸਾਨਾਂ ਤੋਂ ਬਹੁਤ ਭਿੰਨ ਨਹੀਂ ਸੀ, ਕਿਉਂਕਿ ਸਰਕਾਰੀ ਟੈਕਸ ਅਤੇ ਲਗਾਨ ਹੀ ਇਹਨਾਂ ਦਾ ਕਚੂੰਮਰ ਕੱਢੀ ਰੱਖਦੇ ਸਨ। ਇਸ ਹਾਲਤ ਵਿੱਚ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਭੂਮੀ ਹੀਣ ਕਿਸਾਨੀ (ਖੇਤ ਮਜ਼ਦੂਰਾਂ ਸਮੇਤ) ਅਤੇ ਗਰੀਬ ਕਿਸਾਨੀ ਨੇ ਇਨਕਲਾਬੀ ਲਹਿਰ ਦੀ ਮੁੱਖ ਤਾਕਤ ਬਣਨਾ ਸੀ ਅਤੇ ਪੇਂਡੂ ਖਿੱਤਿਆਂ ਨੇ ਇਨਕਲਾਬ ਦਾ ਤੂਫਾਨੀ ਕੇਂਦਰ ਬਣਨਾ ਸੀ। ਪਰ ਉਸ ਸਮੇਂ ਦੀ ਕਮਿਊਨਿਸਟ ਪਾਰਟੀ ਦੇ ਅਮਲ ਉੱਪਰ ਇੱਕ ਸਰਸਰੀ ਝਾਤ ਮਾਰਿਆ ਵੀ ਇਹ ਗੱਲ ਸਪੱਸ਼ਟ ਰੂਪ ਵਿੱਚ ਉੱਭਰਕੇ ਸਾਹਮਣੇ ਆਉਂਦੀ ਹੈ ਕਿ ਇਹ ਪਾਰਟੀ ਵਿਚਾਰਧਾਰਕ ਪੱਖ.ਤੋਂ ਬੇਹੱਦ ਕਮਜ਼ੋਰ ਸੀ। ਮਾਰਕਸਵਾਦ ਦੀ ਸਮਝ ਇੰਨੀ ਪੇਤਲੀ ਸੀ ਕਿ ਲਗਭਗ ਨਾ ਸਮਝੀ ਦਾ ਹੀ ਆਲਮ ਸੀ, ਜਿਸ ਪਾਰਟੀ ਦੀ ਵਿਚਾਰਧਾਰਕ ਸਮਝ ਹੀ ਇੰਨੀ ਕਮਜ਼ੋਰ ਹੋਵੇ ਉਹ ਆਪਣੇ ਦੇਸ਼-ਸਮਾਜ ਦੀਆਂ "ਠੋਸ ਹਾਲਤਾਂ ਦੇ ਠੋਸ ਵਿਸ਼ਲੇਸ਼ਣ" ਰਾਹੀਂ ਕੋਈ ਦਰੁਸਤ ਪ੍ਰੋਗਰਾਮ, ਯੁੱਧਨੀਤੀ ਅਤੇ ਦਾਅਪੇਚ ਨਹੀਂ ਘੜ ਸਕਦੀ। ਇਹੋ ਵਜ੍ਹਾ ਸੀ ਕਿ 1933 ਵਿੱਚ ਤੀਜੀ ਕੌਮਾਂਤਰੀ ਦੇ ਨਿਰਦੇਸ਼ ਮੁਤਾਬਕ



ਆਪਣੀ ਕੇਂਦਰੀ ਕਮੇਟੀ ਦਾ ਗਠਨ ਕਰਨ ਤੋਂ ਲੈ ਕੇ 1951 ਤੱਕ ਭਾਰਤ ਦੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਕੋਲ਼ ਭਾਰਤੀ ਇਨਕਲਾਬ ਦਾ ਕੋਈ ਪ੍ਰੋਗਰਾਮ ਨਹੀਂ ਸੀ ਅਤੇ ਅਲੱਗ ਤੋਂ ਇਸ ਪਾਰਟੀ ਕੋਲੋਂ ਕਿਸੇ ਜ਼ਰਈ ਪ੍ਰੋਗਰਾਮ ਦੀ ਆਸ ਤਾਂ ਕੀਤੀ ਹੀ ਕੀ ਜਾ ਸਕਦੀ ਸੀ। ਇੱਥੇ ਇਸ ਚਰਚਾ ਦਾ ਮਤਲਬ ਸੀ.ਪੀ.ਆਈ. ਦੀ ਇਤਿਹਾਸਕ ਭੂਮਿਕਾ ਨੂੰ ਮੁੱਢੋਂ ਹੀ ਖਾਰਜ ਕਰਨਾ ਨਹੀਂ ਹੈ। ਸਾਡਾ ਇਹ ਮੰਨਣਾ ਹੈ ਕਿ 1933 ਤੋਂ ਲੈ ਕੇ 1951 ਤੱਕ, ਜਦੋਂ ਪਾਰਟੀ ਸੰਸਦਵਾਦ ਦੇ ਰਾਹ ਨਹੀਂ ਸੀ ਤੁਰੀ, ਭਾਰਤ ਵਿੱਚ ਇੱਕ ਕਮਿਊਨਿਸਟ ਪਾਰਟੀ ਦੀ ਹੋਂਦ ਸੀ ਭਾਵੇਂ ਇਹ ਪਾਰਟੀ ਅਨੇਕਾਂ ਵਿਚਾਰਧਾਰਕ ਕਮਜ਼ੋਰੀਆਂ ਭਟਕਾਵਾਂ ਨਾਲ ਗ੍ਰਸੀ ਹੋਈ ਸੀ। ਇੱਥੇ ਇਸ ਚਰਚਾ ਦਾ ਮਤਲਬ ਉਨ੍ਹਾਂ ਗੰਭੀਰ ਭੁੱਲਾਂ ਵੱਲ ਧਿਆਨ ਦਿਵਾਉਣਾ ਹੈ, ਜਿਹਨਾਂ ਦੀ ਭਾਰਤੀ ਕਮਿਊਨਿਸਟਾਂ ਅਤੇ ਇੱਥੋਂ ਦੇ ਕਿਰਤੀ ਲੋਕਾਂ ਨੂੰ ਡਾਹਢੀ ਕੀਮਤ ਚੁਕਾਉਣੀ ਪਈ ਹੈ।

ਕਿਉਂਕਿ ਕਿਸਾਨੀ ਇਸ ਸਮੇਂ ਭਾਰਤ ਦੀ ਮਿਹਨਤਕਸ਼ ਲੋਕਾਈ ਦਾ ਵੱਡਾ ਹਿੱਸਾ ਬਣਦੀ ਸੀ, ਜੋ ਕਿ ਸਾਮਰਾਜੀ ਜਗੀਰੂ ਲੁੱਟ ਅਤੇ ਦਾਬੇ ਹੇਠ ਪਿਸ ਰਹੀ ਸੀ, ਇਸ ਲਈ ਇਸ ਜਮਾਤ ਨੂੰ ਇਨਕਲਾਬੀ ਜੱਦੋ ਜਹਿਦ ਵਿੱਚ ਖਿੱਚਣਾ ਕਮਿਊਨਿਸਟਾਂ ਦਾ ਇੱਕ ਅਹਿਮ ਕਾਰਜ ਸੀ। ਪੰਜਾਬ 'ਚ ਵੀ ਕਮਿਊਨਿਸਟਾਂ ਨੇ ਕਿਸਾਨੀ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ, ਜਿਸ ਵਿੱਚ ਕਿ ਸ਼ੁਰੂ ਵਿੱਚ ਉਹਨਾਂ ਨੂੰ ਖਾਸ ਸਫਲਤਾ ਨਹੀਂ ਮਿਲੀ। 1936-37 ਵਿੱਚ ਜਾ ਕੇ ਹੀ ਕਮਿਊਨਿਸਟਾਂ ਦੇ ਕਿਸਾਨੀ ਵਿੱਚ ਪੈਰ ਜੰਮਣੇ ਸ਼ੁਰੂ ਹੋਏ, ਜਦੋਂ 1936 ਵਿੱਚ ਪੰਜਾਬ ਕਿਸਾਨ ਕਮੇਟੀ ਦੀ ਸਥਾਪਨਾ ਹੋਈ। 1938 ਵਿੱਚ ਪੰਜਾਬ ਕਿਸਾਨ ਕਮੇਟੀ ਦੇ ਮੈਂਬਰਾਂ ਦੀ ਗਿਣਤੀ 73469 ਸੀ ਅਤੇ ਇਸ ਸਮੇਂ ਤੱਕ ਪੰਜਾਬ ਵਿੱਚ ਵੱਖ-ਵੱਖ ਥਾਵਾਂ ਉੱਪਰ 1800 ਲੋਕਲ ਕਿਸਾਨ ਕਮੇਟੀਆਂ ਸਨ। ਇਸ ਕੁੱਲ ਮੈਂਬਰਸ਼ਿਪ ਦਾ 74 ਫੀਸਦੀ ਹਿੱਸਾ ਕੇਂਦਰੀ ਪੰਜਾਬ ਦੇ ਚਾਰ ਜਿਲ੍ਹਿਆਂ ਅੰਮ੍ਰਿਤਸਰ, ਲਾਹੌਰ, ਜਲੰਧਰ ਅਤੇ ਫਿਰੋਜ਼ਪੁਰ ਵਿੱਚ ਸੀ। ਪੰਜਾਬ ਕਿਸਾਨ ਕਮੇਟੀ ਦੀ ਲੀਡਰਸ਼ਿਪ ਵਧੇਰੇ ਕਰਕੇ ਉਹਨਾਂ ਜ਼ਿਲ੍ਹਿਆਂ ਵਿੱਚੋਂ ਸੀ, ਜਿੱਥੇ ਗਦਰ ਅਤੇ ਅਕਾਲੀ ਲਹਿਰਾਂ ਦਾ ਪ੍ਰਭਾਵ ਰਿਹਾ ਸੀ। ਪੰਜਾਬ ਦੇ ਪੱਛਮੀ ਅਤੇ ਵੱਧ ਮੁਸਲਿਮ ਵਸੋਂ ਵਾਲ਼ੇ ਜ਼ਿਲ੍ਹਿਆਂ ਵਿੱਚ ਜਿੱਥੇ ਕਿਸਾਨਾਂ ਦਾ ਲਗਭਗ 80 ਫੀਸਦੀ ਹਿੱਸਾ ਮੁਜ਼ਾਰੇ ਸਨ, ਪੰਜਾਬ ਕਿਸਾਨ ਕਮੇਟੀ ਦੀ ਮੈਂਬਰਸ਼ਿਪ ਅਤੇ ਪ੍ਰਭਾਵ ਕੇਂਦਰੀ ਜ਼ਿਲ੍ਹਿਆਂ ਦੇ ਮੁਕਾਬਲੇ ਬਿਲਕੁੱਲ ਘੱਟ ਸੀ। ਪੰਜਾਬ ਕਿਸਾਨ ਕਮੇਟੀ ਦੇ ਮਿੰਟਗੁਮਰੀ ਅਤੇ ਮੁਲਤਾਨ ਜ਼ਿਲ੍ਹਿਆਂ ਵਿੱਚ ਮੈਂਬਰ ਕੇਵਲ 1865 ਸਨ, ਜਦਕਿ ਇਸ ਦੇ ਮੁਕਾਬਲੇ ਅੰਮ੍ਰਿਤਸਰ, ਲਾਹੌਰ ਅਤੇ ਜਲੰਧਰ ਵਿੱਚ ਮੈਂਬਰਾਂ ਦੀ ਗਿਣਤੀ ਕ੍ਰਮਵਾਰ 26, 199, 14817 ਅਤੇ 7,429 ਸੀ। (ਸ੍ਰੋਤ- ਭਗਵਾਨ ਸਿੰਘ ਜੋਸ਼ ਦੀ ਲਿਖੀ ਕਿਤਾਬ 'ਪੰਜਾਬ ਵਿੱਚ ਕਮਿਊਨਿਸਟ ਲਹਿਰ')

ਇਸ ਸਮੇਂ ਤੱਕ ਕਮਿਊਨਿਸਟਾਂ ਦਾ ਕਿਸਾਨੀ ਵਿੱਚ ਤਾਂ ਇੱਕ ਹੱਦ ਤੱਕ ਅਧਾਰ ਨਜ਼ਰ ਆਉਂਦਾ ਹੈ, ਪਰ ਇਹ ਵੀ ਭਾਰਤ ਜਾਂ ਪੰਜਾਬ ਦੀ ਸਮਾਜਕ-ਆਰਥਕ ਬਣਤਰ, ਇਨਕਲਾਬ ਦੇ ਪੜਾਅ ਅਤੇ ਯੁੱਧਨੀਤੀ ਸਬੰਧੀ ਕਿਸੇ ਸਮਝਦਾਰੀ ਦਾ ਨਤੀਜਾ ਨਹੀਂ ਸੀ। ਬੱਸ ਕਮਿਊਨਿਸਟਾਂ ਨੇ ਅਨੁਭਵਵਾਦੀ ਢੰਗ ਨਾਲ ਕਿਸਾਨੀ ਵਿੱਚ ਕੰਮ ਕੀਤਾ ਸੀ ਜੋ ਕਿ ਕੁਝ ਖਾੜਕੂ ਜਨਤਕ ਐਜੀਟੇਸ਼ਨਾਂ ਤੋਂ ਅੱਗੇ ਨਹੀਂ ਵਧ ਸਕਿਆ। ਇਹ ਬ੍ਰਿਟਿਸ਼ ਸਾਮਰਾਜ ਅਤੇ ਉਸ ਦੀ ਥੰਮ ਜਗੀਰਦਾਰੀ ਵਿਰੁੱਧ ਲੋਕ ਯੁੱਧ ਨਹੀਂ ਬਣ ਸਕਿਆ। ਇਸ ਦੀ ਵਜ੍ਹਾ ਪੰਜਾਬ ਦੀ ਕਿਸਾਨੀ ਦਾ ਕੋਈ ਵਿਸ਼ੇਸ਼ ਚਰਿੱਤਰ ਨਹੀਂ ਸੀ (ਜਿਵੇਂ ਕਿ ਭਗਵਾਨ ਸਿੰਘ ਜੋਸ਼ ਲਿਖਦੇ ਹਨ) ਸਗੋਂ ਇਸ ਦੀ ਮੁੱਖ ਵਜ੍ਹਾ ਇਹ ਸੀ ਕਿ ਉਸ ਸਮੇਂ ਦੀ ਕਮਿਊਨਿਸਟ ਲੀਡਰਸ਼ਿਪ ਕੋਲ਼ ਇਸ ਕਿਸਮ ਦਾ ਕੋਈ ਭਵਿੱਖ ਨਕਸ਼ਾ ਹੀ ਨਹੀਂ ਸੀ।

ਇਸ ਸਮੇਂ ਤੱਕ ਪੰਜਾਬ ਦੀ ਕਿਸਾਨੀ ਵਿੱਚ ਤਾਂ ਕਮਿਊਨਿਸਟਾਂ ਦਾ ਇੱਕ ਹੱਦ ਤੱਕ ਦਾ ਅਧਾਰ ਨਜ਼ਰ ਆਉਂਦਾ ਹੈ, ਪਰ ਸਨਅਤੀ ਮਜ਼ਦੂਰਾਂ ਅਤੇ ਖੇਤ ਮਜ਼ਦੂਰਾਂ ਵਿੱਚ ਕਮਿਊਨਿਸਟਾਂ

ਦਾ ਜਨਤਕ ਅਧਾਰ ਨਾ ਮਾਤਰ ਹੀ ਸੀ ਅਤੇ ਇਹਨਾਂ ਜਮਾਤਾਂ ਖਾਸ ਕਰਕੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਦੇ ਕੋਈ ਵਿਸ਼ੇਸ਼ ਯਤਨ ਵੀ ਨਜ਼ਰ ਨਹੀਂ ਆਉਂਦੇ। 1939 ਵਿੱਚ ਪੰਜਾਬ ਵਿੱਚ ਸਨਅਤੀ ਮਜ਼ਦੂਰਾਂ ਦੀ ਸੰਖਿਆ 78000 ਸੀ, ਇਹਨਾਂ ਵਿੱਚੋਂ ਮਜ਼ਦੂਰਾਂ ਦਾ ਇੱਕ ਹਿੱਸਾ ਮੌਸਮੀ ਫੈਕਟਰੀਆਂ, ਜੋ ਸਾਲ ਵਿੱਚ ਕੁਝ ਮਹੀਨੇ ਹੀ ਚੱਲਦੀਆਂ ਸਨ, ਵਿੱਚ ਕੰਮ ਕਰਦਾ ਸੀ। ਜਦੋਂ ਕਿ 1925 ਵਿੱਚ ਪੰਜਾਬ ਵਿੱਚ ਖੇਤ ਮਜ਼ਦੂਰਾਂ ਦੀ ਸੰਖਿਆ 5,10,892 ਸੀ (ਸ੍ਰੋਤ ਉਪ੍ਰੋਕਤ)। ਗਿਣਤੀ ਪੱਖੋਂ ਸਨਅਤੀ ਅਤੇ ਖੇਤ ਮਜ਼ਦੂਰ ਭਾਵੇਂ ਵੱਡੀ ਤਾਕਤ ਨਹੀਂ ਬਣਦੇ, ਪਰ ਜਾਇਦਾਦ ਹੀਣ ਹੋਣ ਕਾਰਨ ਅਤੇ ਸਨਅਤੀ ਮਜ਼ਦੂਰਾਂ ਦੇ ਮਾਮਲੇ ਵਿੱਚ ਪੈਦਾਵਾਰ ਦੇ ਵਿਕਸਤ ਸਾਧਨਾ ਨਾਲ਼ ਜੁੜੇ ਹੋਣੇ ਹੋਣ ਕਾਰਨ, ਆਪਣੀ ਇਤਿਹਾਸਕ ਭੂਮਿਕਾ ਪੱਖੋਂ ਇਹ ਜ਼ਮਾਤਾਂ ਬਹੁਤ ਅਹਿਮੀਅਤ ਰੱਖਦੀਆਂ ਸਨ। ਕਮਿਊਨਿਸਟ ਪਾਰਟੀ ਦੇ ਪ੍ਰੋਲਤਾਰੀ ਚਰਿੱਤਰ ਦੀ ਬਰਕਰਾਰੀ ਲਈ ਵੀ ਇਹ ਜ਼ਰੂਰੀ ਹੁੰਦਾ ਹੈ ਇਹਨਾਂ ਜਮਾਤਾਂ ਵਿੱਚੋਂ ਪਾਰਟੀ ਭਰਤੀ ਕੀਤੀ ਜਾਵੇ। ਪਰ ਅਜ਼ਾਦੀ ਤੋਂ ਪਹਿਲਾਂ ਪਾਰਟੀ ਦਾ ਅਧਾਰ ਮੁੱਖ ਤੌਰ 'ਤੇ ਕਿਸਾਨੀ ਵਿੱਚ ਹੀ ਸੀ। ਕਿਸਾਨੀ 'ਚੋਂ ਵੀ ਮੁਜ਼ਾਰੇ ਕਿਸਾਨਾਂ, ਜਿਹਨਾਂ ਦੀ ਹਾਲਤ ਖੇਤ ਮਜ਼ਦੂਰਾਂ ਜੇਹੀ ਹੀ ਸੀ, ਵਿੱਚ ਪਾਰਟੀ ਦਾ ਕੋਈ ਖਾਸ ਅਧਾਰ ਨਹੀਂ ਸੀ। "ਇੰਝ ਪੰਜਾਬ ਦੀ ਕਿਸਾਨ ਲਹਿਰ (ਜਿਸ ਦੀ ਅਗਵਾਈ ਕਮਿਊਨਿਸਟ ਕਰਦੇ ਸਨ- ਲੇਖਕ) ਕੇਵਲ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਦੀ ਛੋਟੀ ਕਿਸਾਨੀ ਤੱਕ ਹੀ ਸੀਮਤ ਰਹੀ, ਜਿਸ ਵਿੱਚ ਮੁਕਾਬਲਤਨ ਰੱਜੇ-ਪੁੱਜੇ ਕਿਸਾਨਾਂ ਨੇ ਵਧੇਰੇ ਕਰਕੇ ਲੀਡਰਸ਼ਿਪ ਦਾ ਰੋਲ ਅਦਾ ਕੀਤਾ।" (ਭਗਵਾਨ ਸਿੰਘ ਜੋਸ਼-ਉਪ੍ਰੋਕਤ)

ਬੇਸ਼ੱਕ ਉਸ ਸਮੇਂ ਕਿਸਾਨੀ ਵਿੱਚ ਕਮਿਊਨਿਸਟਾਂ ਦਾ ਅਧਾਰ ਹੋਣਾ ਉਹਨਾਂ ਇਤਿਹਾਸਕ ਸੀਮਾਵਾਂ ਕਾਰਨ ਵੀ ਸੀ, ਜਿਹਨਾਂ ਵਿੱਚ ਭਾਰਤ ਦੀ ਕਮਿਊਨਿਸਟ ਪਾਰਟੀ ਕੰਮ ਕਰ ਰਹੀ ਸੀ, ਪਰ ਕਿਸਾਨੀ ਵਿੱਚੋਂ ਵੀ ਪਾਰਟੀ ਦੇ ਅਧਾਰ ਦਾ ਸਿਰਫ ਛੋਟੀ ਮਾਲਕ ਕਿਸਾਨੀ ਅਤੇ ਮੁਕਾਬਲਤਨ ਰੱਜੀ-ਪੁੱਜੀ ਕਿਸਾਨੀ ਤੱਕ ਹੀ ਸੀਮਤ ਰਹਿਣਾ, ਕਿਸੇ ਇਤਿਹਾਸਕ ਸੀਮਾ ਕਾਰਨ ਨਹੀਂ ਸੀ। ਇਸ ਦੀ ਮੁੱਖ ਵਜ੍ਹਾ ਇਹੋ ਸੀ ਕਿ ਪਾਰਟੀ ਕੋਲ਼ ਕਿਸਾਨੀ ਦੀਆਂ ਵੱਖ-ਵੱਖ ਪਰਤਾਂ ਦੀ ਵੱਖ-ਵੱਖ ਇਨਕਲਾਬੀ ਭੂਮਿਕਾ ਸੰਬੰਧੀ ਕੋਈ ਵਿਸ਼ਲੇਸ਼ਣ ਹੀ ਨਹੀਂ ਸੀ। ਬਾਅਦ ਦੇ ਸਮੇਂ ਵਿੱਚ ਭਾਵੇਂ ਲਾਲ ਪਾਰਟੀ ਦੀ ਅਗਵਾਈ ਵਿੱਚ ਪੈਪਸੂ ਮੁਜ਼ਾਰਾ ਘੋਲ਼ ਜਿਹਾ ਸ਼ਾਨਦਾਰ ਘੋਲ਼ ਲੜਿਆ ਗਿਆ, ਪਰ ਇਹ ਘੋਲ਼ ਵੀ ਸੁਧਾਰਵਾਦੀ ਸਿੱਟਿਆਂ 'ਚ ਹੀ ਜਾ ਖਤਮ ਹੋਇਆ। ਇਹ ਸਿਰਫ ਮੁਜ਼ਾਰੇ ਕਿਸਾਨਾਂ ਨੂੰ ਜ਼ਮੀਨਾਂ ਵੰਡਣ ਤੱਕ ਹੀ ਪਹੁੰਚ ਸਕਿਆ, ਰਾਜ ਸੱਤਾ 'ਤੇ ਕਾਬਜ਼ ਹੋਣ ਤੱਕ ਨਹੀਂ।

## ਅਜ਼ਾਦੀ ਤੋਂ ਬਾਅਦ ਦਾ ਦ੍ਰਿਸ਼–

ਅਜ਼ਾਦੀ ਤੋਂ ਫੌਰੀ ਬਾਅਦ ਸੀ.ਪੀ.ਆਈ. ਤੇਲੰਗਨਾ ਦੇ ਸ਼ਾਨਾਮੱਤੇ ਹਥਿਆਰਬੰਦ ਕਿਸਾਨ ਘੋਲ਼ ਨਾਲ਼ ਗਦਾਰੀ ਕਰਕੇ ਸੰਸਦਵਾਦ ਦੀ ਦਲਦਲ ਵਿੱਚ ਜਾ ਖੁੱਭਦੀ ਹੈ। ਵਿਚਾਰਧਾਰਕ ਕਮਜ਼ੋਰੀਆਂ ਨਾਲ਼ ਬੁਰੀ ਤਰਾਂ ਗ੍ਰਸੀ ਪਾਰਟੀ ਜਿਸ ਕੋਲ਼ ਆਪਣੀ ਬਕਾਇਦਾ ਸਥਾਪਨਾ (1933) ਤੋਂ 18 ਸਾਲ ਬਾਅਦ ਤੱਕ ਵੀ ਭਾਰਤੀ ਇਨਕਲਾਬ ਦਾ ਕੋਈ ਪ੍ਰੋਗਰਾਮ ਨਹੀਂ ਸੀ, ਭਾਰਤੀ ਸਮਾਜ ਦਾ ਕੋਈ ਵਿਗਿਆਨਕ ਵਿਸ਼ਲੇਸ਼ਣ ਨਹੀਂ ਸੀ, ਜੋ ਬੱਸ ਅਨੁਭਵਵਾਦੀ ਢੰਗ ਨਾਲ਼ ਹੀ ਕੰਮ ਚਲਾ ਰਹੀ ਸੀ, ਅਜਿਹੀ ਪਾਰਟੀ ਨੇ ਇਸ ਮੁਕਾਮ ਉੱਪਰ ਹੀ ਪਹੁੰਚਣਾ ਸੀ। 1951 ਵਿੱਚ ਵੀ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਇਸ ਨੇ ਜੋ ਪ੍ਰੋਗਰਾਮ ਅਪਣਾਇਆ ਸੀ, ਉਹ ਵੀ ਭਾਰਤ ਦੀ ਸਮਾਜੀ ਆਰਥਿਕ ਬਣਤਰ ਬਾਰੇ ਇਸ ਦੇ ਖੁਦ ਦੇ ਵਿਸ਼ਲੇਸ਼ਣ 'ਤੇ ਅਧਾਰਤ ਨਹੀਂ ਸੀ, ਸਗੋਂ ਸੀ.ਪੀ.ਆਈ. ਦੇ ਡੈਲੀਗੇਸ਼ਨ ਦੀ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ (ਸੀ.ਪੀ.ਐੱਸ.ਯੂ.) ਦੇ ਆਗੂਆਂ ਨਾਲ਼ ਗੱਲਬਾਤ ਉੱਪਰ ਅਧਾਰਤ ਸੀ, ਜਿਸ ਅਨੁਸਾਰ ਭਾਰਤ ਨੂੰ ਜਮਹੂਰੀ ਇਨਕਲਾਬ ਦੇ ਪੜਾਅ ਵਿੱਚ ਮੰਨਿਆ ਗਿਆ ਸੀ।



ਪਰ ਇਸ ਸਮੇਂ ਤੱਕ ਪਾਰਟੀ ਲਈ ਭਾਰਤੀ ਇਨਕਲਾਬ ਦੇ ਪ੍ਰੋਗਰਾਮ ਦਾ ਕੋਈ ਸਵਾਲ ਹੀ ਨਹੀਂ ਰਹਿ ਗਿਆ ਸੀ, ਕਿਉਂਕਿ ਹੁਣ ਪਾਰਟੀ ਨਹਿਰੂ ਦੇ ਕੌਮਵਾਦ ਦੇ ਸੋਹਲੇ ਗਾਉਂਦੀ ਹੋਈ ਸੰਸਦ ਦੀਆਂ ਸੁੱਖ ਸਹੂਲਤਾਂ ਲਈ ਲਲਚਾਈ ਹੋਈ ਇਨਕਲਾਬ ਨੂੰ ਹੀ ਤਿਲਾਂਜਲੀ ਦੇ ਰਹੀ ਸੀ। ਸੀ.ਪੀ.ਆਈ. ਜੋ 1951 'ਚ ਹੀ ਸੰਸਦਵਾਦ ਦੇ ਰਾਹ ਤੁਰ ਪਈ ਸੀ, ਨੂੰ 1956 ਵਿੱਚ ਸੀ.ਪੀ.ਐੱਸ.ਯੂ. ਦੀ ਲੀਡਰਸ਼ਿਪ ਉੱਪਰ ਖਰੁਸ਼ਚੇਵ ਗੁੱਟ ਦੇ ਕਾਬਜ਼ ਹੋਣ ਨੇ ਹੋਰ ਹੌਸਲਾ ਬਖਸ਼ਿਆ। ਖਰੁਸ਼ਚੇਵ ਗੁੱਟ ਨੇ ਸੀ.ਪੀ.ਐੱਸ.ਯੂ. ਉੱਪਰ ਕਾਬਜ਼ ਹੋਣ ਤੋਂ ਬਾਅਦ ਸੋਵੀਅਤ ਯੂਨੀਅਨ ਵਿੱਚ ਪੂੰਜੀਵਾਦੀ ਮੁੜ ਬਹਾਲੀ ਦੀ ਪ੍ਰੀਕ੍ਰਿਆ ਦੀ ਸ਼ੁਰੂਆਤ ਕੀਤੀ। ਖਰੁਸ਼ਚੇਵ ਦੁਆਰਾ ਘੜੇ ਤਿੰਨ ਸ਼ਾਂਤੀਆਂ ਦੇ ਸਿਧਾਂਤ ਨੇ ਸੀ.ਪੀ.ਆਈ. ਦੇ ਸੰਸਦਵਾਦ ਨੂੰ ਸਿਧਾਂਤਕ ਬੁਨਿਆਦ ਮੁਹੱਈਆ ਕੀਤੀ। 1958 ਵਿੱਚ ਪਾਰਟੀ ਨੇ ਆਪਣੀ ਅੰਮ੍ਰਿਤਸਰ ਕਾਂਗਰਸ ਵਿੱਚ ਪਾਰਟੀ ਸੰਵਿਧਾਨ ਵਿੱਚੋਂ "ਹਿੰਸਕ ਇਨਕਲਾਬ" ਦੀ ਧਾਰਾ ਕੱਢ ਕੇ ਬਾਜਇਦਾ ਖਰੁਸ਼ਚੇਵਵਾਦ ਨੂੰ ਅਪਣਾ ਲਿਆ।

ਹੁਣ ਜਦੋਂ ਇਨਕਲਾਬ ਹੀ ਪਾਰਟੀ ਦੇ ਏਜੰਡੇ ਉੱਪਰ ਨਹੀਂ ਰਹਿ ਗਿਆ ਸੀ, ਤਾਂ ਅਜਿਹੀ ਹਾਲਤ ਵਿੱਚ ਆਪਣੇ ਸਮਾਜਕ ਅਧਾਰਾਂ ਬਾਰੇ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ ਰਹਿ ਗਈ ਸੀ, ਹੁਣ ਪਾਰਟੀ ਦਾ ਸਾਰਾ ਕੰਮ ਸੰਸਦ ਵਿੱਚ ਵੱਧ ਤੋਂ ਵੱਧ ਸੀਟਾਂ ਹਾਸਲ ਕਰਨ ਲਈ ਵੋਟਾਂ ਦੀਆਂ ਗਿਣਤੀਆਂ ਮਿਣਤੀਆਂ ਦੁਆਲੇ ਹੀ ਘੁੰਮਦਾ ਸੀ।

ਪੰਜਾਬ ਵਿੱਚ ਅਜ਼ਾਦੀ ਤੋਂ ਬਾਅਦ ਵੀ ਪਾਰਟੀ ਦਾ ਕਿਸਾਨੀ ਅਧਾਰ ਕਾਇਮ ਰਿਹਾ, ਪਰ ਹੁਣ ਇਸ ਵਿੱਚ ਇੱਕ ਗੁਣਾਤਮਕ ਤਬਦੀਲੀ ਆ ਚੁੱਕੀ ਸੀ। ਅਜ਼ਾਦੀ ਤੋਂ ਪਹਿਲਾਂ ਦੇ ਮੁਜ਼ਾਰੇ ਕਿਸਾਨਾਂ ਦਾ ਵੱਡਾ ਹਿੱਸਾ ਹੁਣ ਜ਼ਮੀਨ ਦਾ ਮਾਲਕ ਬਣ ਚੁੱਕਾ ਸੀ। ਅਜ਼ਾਦੀ ਤੋਂ ਪਹਿਲਾਂ ਦੇ ਮਾਲਕ ਕਿਸਾਨ, ਜੋ ਕਿ ਅੰਗਰੇਜ਼ ਸਰਕਾਰ ਦੇ ਟੈਕਸਾਂ ਅਤੇ ਲਗਾਨ ਦੇ ਭਾਰ ਹੇਠ ਦੱਬੇ ਰਹਿੰਦੇ ਸਨ, ਹੁਣ ਨਵੇਂ ਮਾਹੌਲ ਵਿੱਚ, ਇਹਨਾਂ ਟੈਕਸਾਂ, ਲਗਾਨਾਂ ਤੋਂ ਮੁਕਤ ਹੋ ਕੇ, ਅਸਲ ਅਰਥਾਂ ਵਿੱਚ ਜ਼ਮੀਨ ਦੇ ਮਾਲਕ ਬਣੇ ਕਿਉਂਕਿ ਸੀ.ਪੀ.ਆਈ. ਦਾ ਮੁੱਖ ਅਧਾਰ ਇਸ ਜਮਾਤ ਵਿੱਚ ਰਿਹਾ ਸੀ, ਇਸ ਦੀ ਲੀਡਰਸ਼ਿਪ ਅਤੇ ਕਾਡਰ ਫੋਰਸ ਇਸੇ ਜਮਾਤ ਵਿੱਚੋਂ ਆਏ ਸਨ। ਹੁਣ ਇਸ ਜਮਾਤ ਨਾਲੋਂ ਰਿਸ਼ਤਾ ਤੋੜਨ ਦੀ ਪਾਰਟੀ ਨੂੰ ਹੁਣ ਜ਼ਰੂਰਤ ਹੀ ਨਹੀਂ ਰਹਿ ਗਈ ਸੀ। ਬਦਲੇ ਹੋਏ ਮਹੌਲ ਵਿੱਚ ਵੀ ਸੀ.ਪੀ.ਆਈ. ਨੇ ਇਸੇ ਜਮਾਤ ਦੇ ਮੰਗਾਂ ਮਸਲਿਆਂ ਨੂੰ ਅਪਣਾ ਲਿਆ। ਹੁਣ ਲਗਾਨ ਤੋਂ ਮੁਕਤੀ ਜਾਂ "ਜ਼ਮੀਨ ਹਲਵਾਹਕ ਦੀ" ਆਦਿ ਮੰਗਾਂ ਇਸ ਜਮਾਤ ਦੀਆਂ ਮੰਗਾਂ ਨਹੀਂ ਸੀ ਰਹਿ ਗਈਆਂ। ਪੂੰਜੀਵਾਦੀ ਲੀਹਾਂ 'ਤੇ ਸ਼ੁਰੂ ਹੋਈ ਖੇਤੀ ਕਾਰਨ ਵੱਧ ਤੋਂ ਵੱਧ ਮੁਨਾਫਾ ਹੀ ਇਸ ਜਮਾਤ ਦੀ ਮੁੱਖ ਮੰਗ ਬਣ ਗਈ ਸੀ। ਇਸ ਦੌਰ ਵਿੱਚ ਸ਼ੀ.ਪੀ.ਆਈ. ਦੀ ਅਗਵਾਈ ਵਿੱਚ ਮਾਲਕ ਕਿਸਾਨੀ ਦੁਆਰਾ ਲੜੇ ਗਏ ਕੁਝ ਵੱਡੇ ਸੰਘਰਸ਼ ਵੀ ਨਜ਼ਰ ਆਉਂਦੇ ਹਨ, ਜਿਹਨਾਂ ਵਿੱਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਵਿਰੁੱਧ ਲਾਇਆ ਗਿਆ ਖੁਸ਼ਹੈਸੀਅਤੀ ਟੈਕਸ ਵਿਰੋਧੀ ਮੋਰਚਾ ਪ੍ਰਮੁੱਖ ਹੈ। 1964 ਵਿੱਚ ਸੀ.ਪੀ.ਆਈ. ਤੋਂ ਟੁੱਟ ਕੇ ਬਣੀ ਸੀ.ਪੀ.ਆਈ. (ਐੱਮ) ਨੇ ਵੀ ਇਸੇ ਪਰੰਪਰਾ ਦਾ ਨਿਰਵਾਹ ਕੀਤਾ। ਸੀ. ਪੀ. ਆਈ. (ਐਮ.) ਕਿਸੇ ਵੀ ਪੱਖੋਂ ਸੀ.ਪੀ.ਆਈ. ਤੋਂ ਭਿੰਨ ਨਹੀਂ ਸੀ।

## ਨਕਸਲਬਾੜੀ ਅਤੇ ਉਸ ਤੋਂ ਬਾਅਦ–

1967 ਵਿੱਚ ਪੱਛਮੀ ਬੰਗਾਲ 'ਚੋਂ ਉੱਠੀ ਨਕਸਲਬਾੜੀ ਦੀ ਬਗਾਵਤ ਭਾਰਤ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਵਿੱਚ ਇੱਕ ਅਹਿਮ ਮੋੜ ਸਾਬਤ ਹੋਈ। ਨਕਸਲਬਾੜੀ ਨੇ ਭਾਰਤੀ ਕਮਿਊਨਿਸਟ ਲਹਿਰ ਦੀਆਂ ਸਫਾਂ ਵਿੱਚ ਨਵੇਂ ਲਹੂ ਦਾ ਸੰਚਾਰ ਕੀਤਾ। ਭਾਰਤ ਦੀ ਕਮਿਊਨਿਸਟ ਲਹਿਰ ਨੂੰ ਸੰਸਦਵਾਦ ਸੋਧਵਾਦ ਦੀ ਦਲਦਲ ਚੋਂ ਬਾਹਰ ਕੱਢਿਆ। ਨਕਸਲਬਾੜੀ ਰਾਹੀਂ ਹੀ ਭਾਰਤ ਵਿੱਚ ਮਾਓਵਾਦ ਦਾ ਚਾਨਣ ਫੈਲਿਆ।

ਪਰ ਨਕਸਲਬਾੜੀ ਲਹਿਰ ਦੇ ਕਮਿਊਨਿਸਟ ਇਨਕਲਾਬੀਆਂ ਨੇ ਸੀ.ਪੀ.ਆਈ. ਅਤੇ ਸੀ.ਪੀ.ਆਈ. (ਐੱਮ) ਦੇ ਸੋਧਵਾਦ, ਸੰਸਦਵਾਦ ਉੱਪਰ ਤਾਂ ਸਵਾਲ ਉਠਾਇਆ, ਪਰ ਇਹਨਾਂ ਪਾਰਟੀਆਂ ਦੇ ਸਮਾਜਕ ਅਧਾਰ ਉੱਪਰ ਨਹੀਂ। ਵਿਚਾਰਧਾਰਕ ਕੰਗਾਲੀ ਦਾ ਜੋ ਰੋਗ ਭਾਰਤ ਦੀ ਕਮਿਊਨਿਸਟ ਲਹਿਰ ਨੂੰ ਜਨਮ ਤੋਂ ਹੀ ਚੰਬੜਿਆ ਰਿਹਾ ਸੀ, ਨਕਸਲਬਾੜੀ ਲਹਿਰ ਦੇ ਕਮਿਊਨਿਸਟ ਇਨਕਲਾਬੀ ਵੀ ਇਸ ਦੀ ਲਾਗ ਤੋਂ ਸੁਰਖਰੂ ਨਹੀਂ ਸਨ ਹੋ ਸਕੇ। ਜਿੱਥੇ ਸੀ.ਪੀ.ਆਈ. ਹਰ ਔਖੇ-ਸੌਖੇ ਸਮੇਂ ਮਾਸਕੋ ਵੱਲ ਝਾਕਦੀ ਰਹਿੰਦੀ ਸੀ ਜਾਂ ਤੀਸਰੀ ਕੌਮਾਂਤਰੀ ਤੋਂ ਮਿਲਣ ਵਾਲੇ ਨਿਰਦੇਸ਼ਾਂ ਦਾ ਅੰਨ੍ਹੇਵਾਹ ਪਾਲਣ ਕਰਦੀ ਸੀ, ਉਸੇ ਤਰ੍ਹਾਂ ਨਕਲਬਾੜੀ ਲਹਿਰ ਦੇ ਇਨਕਲਾਬੀਆਂ ਨੇ ਚੀਨ ਵੱਲ ਝਾਕਣਾ ਸ਼ੁਰੂ ਕਰ ਦਿੱਤਾ। ਉਹਨਾਂ ਚੀਨੀ ਇਨਕਲਾਬ ਦੇ ਮਾਡਲ ਨੂੰ ਹੂ-ਬ-ਹੂ ਭਾਰਤ ਵਿੱਚ ਫਿੱਟ ਕਰਨ ਦੀ ਕੋਸ਼ਿਸ਼ ਕੀਤੀ। ਚੀਨੀ ਕਮਿਊਨਿਸਟ ਪਾਰਟੀ ਵੱਲੋਂ ਵੇਲ਼ੇ-ਵੇਲ਼ੇ 'ਤੇ ਕੀ ਤੇ ਹਾਲਤਾਂ ਦੇ ਜਾਇਜ਼ੇ ਨੂੰ ਹੀ ਮਾਓ ਵਿਚਾਰਧਾਰਾ ਬਣਾ ਦਿੱਤਾ ਗਿਆ। ਭਾਰਤੀ ਸਮਾਜ ਦੇ ਬਿਨਾਂ ਕਿਸੇ ਗਹਿਰੇ ਅਧਿਐਨ ਵਿਸ਼ਲੇਸ਼ਣ ਦੇ ਇਸ ਨੂੰ ਅਰਧ ਜਗੀਰੂ-ਅਰਧ ਬਸਤੀ ਐਲਾਨ ਦਿੱਤਾ ਗਿਆ ਅਤੇ ਇਹ ਮੰਨਿਆ ਗਿਆ ਕਿ ਇੱਥੇ ਚੀਨੀ ਤਰਜ਼ ਦਾ ਨਵ-ਜਮਹੂਰੀ ਇਨਕਲਾਬ ਹੋਵੇਗਾ, ਜਿਸ ਦੀ ਯੁੱਧਨੀਤੀ ਦਾਅਪੇਚ ਵੀ ਚੀਨੀ ਇਨਕਲਾਬ ਦੀ ਕਾਰਬਨ ਕਾਪੀ ਹੋਣਗੇ। ਪਰ ਇਹ ਵਿਸ਼ਲੇਸ਼ਣ ਭਾਰਤੀ ਸਮਾਜ ਦੀਆਂ ਠੋਸ ਹਕੀਕਤਾਂ ਤੋਂ ਕੋਹਾਂ ਦੂਰ ਸੀ।

1947 ਵਿੱਚ ਭਾਰਤੀ ਬੁਰਜੂਆਜੀ ਦੇ ਭਾਰਤੀ ਰਾਜਸੱਤਾ ਉੱਪਰ ਕਾਬਜ਼ ਹੋਣ ਤੋਂ ਬਾਅਦ ਇੱਥੇ ਜੋ ਪੂੰਜੀਵਾਦੀ ਰੂਪਬਦਲੀ ਦੀ ਪ੍ਰੀਕ੍ਰਿਆ ਸ਼ੁਰੂ ਹੋਈ, ਉਹ 1967 ਤੱਕ ਪਹੁੰਚ ਕੇ ਕਾਫੀ ਪ੍ਰਪੱਕ ਰੂਪ ਧਾਰਨ ਕਰ ਚੁੱਕੀ ਸੀ। ਨਕਸਲਬਾੜੀ ਦੇ ਵੇਲੇ ਤੱਕ ਹੀ ਭਾਰਤੀ ਸਮਾਜ ਮੁੱਖ ਰੂਪ ਵਿੱਚ ਪੂੰਜੀਵਾਦੀ ਸਮਾਜ ਵਿੱਚ ਵਟ ਚੁੱਕਾ ਸੀ, ਜਿਸ ਦੇ ਸਿੱਟੇ ਵਜੋਂ ਇੱਥੇ ਸਨਅਤੀ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਅਤੇ ਬਾਅਦ ਦੇ ਸਮੇਂ ਵਿੱਚ ਵੀ ਭਾਰਤ ਵਿੱਚ ਸਨਅਤੀ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਦਾ ਗ੍ਰਾਫ ਲਗਾਤਾਰ ਉੱਪਰ ਵੱਲ ਹੀ ਗਿਆ ਹੈ। ਹੁਣ ਭਾਰਤੀ ਸਮਾਜ ਚੀਨੀ ਤਰਜ਼ ਦੇ ਨਵ-ਜਮਹੂਰੀ ਇਨਕਲਾਬ ਦਾ ਪੜਾਅ ਪਾਰ ਕਰ ਚੁੱਕਾ ਸੀ ਅਤੇ ਆਪਣੀਆਂ ਹੀ ਵਿਸ਼ੇਸ਼ਤਾਵਾਂ ਵਾਲ਼ੇ ਸਮਾਜਵਾਦੀ ਇਨਕਲਾਬ ਦੇ ਪੜਾਅ ਵਿੱਚ ਦਾਖਲ ਹੋ ਚੁੱਕਾ ਸੀ।

ਪੰਜਾਬ ਵਿੱਚ 1967 ਵਿੱਚ ਹੀ ਹਰੇ ਇਨਕਲਾਬ ਦੀ ਸ਼ੁਰੂਆਤ ਹੁੰਦੀ ਹੈ, ਜਿਸ ਨੂੰ ਕਿ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਪੂੰਜੀਵਾਦੀ ਵਿਕਾਸ ਦਾ ਦੂਸਰਾ ਦੌਰ (Phase) ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਪੰਜਾਬ ਦੀ ਹਾਲਤ ਤਾਂ ਬਾਕੀ ਭਾਰਤ ਤੋਂ ਹੋਰ ਵੀ ਭਿੰਨ ਸੀ।

ਭਾਰਤੀ ਸਮਾਜ ਦੀ ਦਰੁਸਤ ਸਮਝਦਾਰੀ, ਪ੍ਰੋਗਰਾਮ, ਯੁੱਧਨੀਤੀ ਅਤੇ ਦਾਅਪੇਚਾਂ ਦੀ ਅਣਹੋਂਦ ਵਿੱਚ, ਭਾਵ ਕਿਸੇ ਦਰੁਸਤ ਵਿਚਾਰਧਾਰਕ-ਸਿਆਸੀ-ਜਥੇਬੰਦਕ ਲੀਹ ਦੀ ਅਣਹੋਂਦ ਵਿੱਚ ਜਲਦ ਹੀ ਨਕਲਬਾੜੀ ਲਹਿਰ ਵਿੱਚ ਵੀ ਟੁੱਟ ਖਿੰਡਾਅ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ, ਪੰਜਾਬ ਵਿੱਚ ਵੀ ਇਹ ਲਹਿਰ ਕਈ ਗਰੁੱਪਾਂ ਵਿੱਚ ਵੰਡੀ ਜਾਂਦੀ ਹੈ।

ਕਿਉਂਕਿ ਪੰਜਾਬ ਦੇ ਮ.ਲ. ਗਰੁੱਪਾਂ (ਨਕਸਲਬਾੜੀ ਲਹਿਰ ਨਾਲ ਸਬੰਧਤ ਗਰੁੱਪਾਂ) ਨੇ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਮੱਧਵਰਗੀ ਸਮਾਜਿਕ ਅਧਾਰ ਉੱਪਰ ਕਦੇ ਵੀ ਸਵਾਲ ਨਹੀਂ ਸੀ ਉਠਾਇਆ। ਇਸ ਲਈ ਖੁਦ ਵੀ ਇਹਨਾਂ ਨੇ ਉਸੇ ਪ੍ਰੰਪਰਾ ਦਾ ਹੀ ਨਿਰਵਾਹ ਕੀਤਾ, ਜਿਸ ਉੱਪਰ ਸੀ.ਪੀ.ਆਈ. ਅਤੇ ਸੀ.ਪੀ. ਐੱਮ. ਚੱਲਦੀਆਂ ਆ ਰਹੀਆਂ ਸਨ ਭਾਵ ਮਾਲਕ ਕਿਸਾਨੀ ਵਿੱਚ ਇਹਨਾਂ ਗਰੁੱਪਾਂ ਨੇ ਵੀ ਕੰਮ ਜਾਰੀ ਰੱਖਿਆ, ਜੋ ਕਿ ਅੱਜ ਤੱਕ ਜ਼ਾਰੀ ਹੈ।

ਅਜ਼ਾਦੀ ਤੋਂ ਬਾਅਦ ਭਾਰਤ ਵਿੱਚ ਸ਼ੁਰੂ ਹੋਈ ਪੂੰਜੀਵਾਦੀ ਵਿਕਾਸ ਦੀ ਪ੍ਰੀਕ੍ਰਿਆ, ਜਿਸ ਵਿੱਚ ਕਿ ਪੰਜਾਬ ਸਭ ਤੋਂ ਅੱਗੇ ਸੀ, ਰਾਹੀਂ ਪੰਜਾਬ ਦੇ ਮਾਲਕ ਕਿਸਾਨਾਂ ਵਿੱਚ ਹੀ ਪੇਂਡੂ



ਸਰਮਾਈਦਾਰੀ (ਕੁਲਕਾਂ) ਦਾ ਜਨਮ ਹੁੰਦਾ ਹੈ ਅਤੇ ਇਸੇ ਤਸਵੀਰ ਦੇ ਦੂਸਰੇ ਪਾਸੇ ਖੇਤ ਮਜ਼ਦੂਰਾਂ ਅਤੇ ਸਨਅਤੀ ਮਜ਼ਦੂਰ ਦੀ ਫੌਜ ਵੀ ਵਧਦੀ ਜਾਂਦੀ ਹੈ। ਭਾਰਤੀ ਸਮਾਜ, ਭਾਰਤੀ ਇਨਕਲਾਬ ਦੇ ਪ੍ਰੋਗਰਾਮ ਸਬੰਧੀ ਗਲਤ ਸਮਝ ਹੋਣ ਕਾਰਨ ਮ.ਲ. ਗਰੁੱਪਾਂ ਦਾ ਮੁੱਖ ਜ਼ੋਰ ਕਿਸਾਨੀ (ਜੋ ਕਿ ਹੁਣ ਮਾਲਕੀ ਵਾਲੀ ਜਮਾਤ ਬਣ ਚੁੱਕੀ ਸੀ) ਨੂੰ ਜਥੇਬੰਦ ਕਰਨ ਉੱਪਰ ਹੀ ਰਿਹਾ ਹੈ। ਨਤੀਜੇ ਵਜੋਂ (ਮ.ਲ.) ਗਰੁੱਪਾਂ ਨੇ ਵੀ ਪੰਜਾਬ ਦੀ ਪੇਂਡੂ ਸਰਮਾਏਦਾਰੀ ਦੀਆਂ ਮੰਗਾਂ ਨੂੰ ਅਪਣਾਕੇ, ਸਨਅਤੀ ਅਤੇ ਖੇਤ ਮਜ਼ਦੂਰਾਂ ਦੇ ਹਿੱਤਾਂ ਦੀ ਕੀਮਤ ਉੱਪਰ ਪੇਂਡੂ ਖੇਤਰ ਦੀ ਇਸ ਲੁਟੇਰੀ ਜਮਾਤ ਦੀ ਸੇਵਾ ਕੀਤੀ ਹੈ ਅਤੇ ਅੱਜ ਵੀ ਕਰ ਰਹੇ ਹਨ।

ਮਾਰਕਸਵਾਦੀ-ਲੈਨਿਨਵਾਦੀ (ਮ.ਲ.) ਗਰੁੱਪਾਂ ਵਿੱਚੋਂ ਇੱਕ ਗਰੁੱਪ, ਜਿਸ ਨੇ ਭਾਰਤੀ ਇਨਕਲਾਬ ਦੀ ਮੁਕਾਬਲਤਨ ਦਰੁਸਤ ਸਮਝ (ਸਮਾਜਵਾਦੀ ਇਨਕਲਾਬ) ਅਪਣਾਈ ਸੀ, ਉਸ ਦਾ ਅਮਲ ਵੀ ਉਨ੍ਹਾਂ ਗਰੁੱਪਾਂ ਵਾਲ਼ਾ ਹੀ ਰਿਹਾ, ਜੋ ਨਵ ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਨੂੰ ਮੰਨਦੇ ਹਨ। ਇਹ ਗਰੁੱਪ ਵੀ ਧਨੀ ਕਿਸਾਨੀ ਨਾਲੋਂ ਆਪਣਾ ਮੋਹ ਨਹੀਂ ਤੋੜ ਸਕਿਆ ਅਤੇ ਅੱਜ ਤੱਕ ਉਸੇ ਦੀ ਹੀ ਪੂਛ ਬਣਿਆ ਹੋਇਆ ਹੈ। ਇਸ ਤਰ੍ਹਾਂ ਇਸ ਗਰੁੱਪ ਦੀ ਹਾਲਤ ਹੋਰ ਵੀ ਹਾਸੋਹੀਣੀ ਬਣ ਜਾਂਦੀ ਹੈ, ਕਿਉਂਕਿ ਇਨ੍ਹਾਂ ਦੇ ਸਿਧਾਂਤ ਮੁਤਾਬਕ ਧਨੀ ਕਿਸਾਨੀ ਇਨਕਲਾਬ ਦੀ ਦੁਸ਼ਮਣ ਜਮਾਤ ਹੈ।

ਮ.ਲ. ਗਰੁੱਪ ਵਿੱਚ ਨਾਗੀ ਰੈਡੀ ਗਰੁੱਪ ਨੇ 70ਵਿਆਂ 'ਚ ਸਨਅਤੀ ਮਜ਼ਦੂਰਾਂ ਵਿੱਚ ਕੰਮ ਸ਼ੁਰੂ ਕੀਤਾ ਸੀ। ਪਰ ਸਨਅਤੀ ਮਜ਼ਦੂਰਾਂ ਨੂੰ ਜਥੇਬੰਦ ਕਰਨ ਉੱਪਰ ਇਹਨਾਂ ਦਾ ਕਦੇ ਵੀ ਓਨਾ ਜ਼ੋਰ ਨਹੀਂ ਰਿਹਾ ਜਿੰਨਾ ਧਨੀ ਕਿਸਾਨਾਂ ਦੇ ਮੁਨਾਫੇ ਵਧਾਉਣ ਉੱਤੇ ਰਿਹਾ ਹੈ। ਜਲਦੀ ਹੀ ਸੱਨਅਤੀ ਮਜ਼ਦੂਰਾਂ ਵਿੱਚ ਜੋ ਇਹਨਾਂ ਦਾ ਥੋੜ੍ਹਾ ਬਹੁਤ ਕੰਮ ਸੀ ਉਹ ਵੀ ਖਿੰਡ ਖੱਪਰ ਗਿਆ।

ਖੇਤ ਮਜ਼ਦੂਰਾਂ ਵਿੱਚ ਲੱਗਭੱਗ ਇਹ ਸਾਰੇ ਹੀ ਮ.ਲ. ਗਰੁੱਪ ਕੰਮ ਕਰਦੇ ਰਹੇ ਹਨ, ਭਾਵੇਂ ਧਨੀ ਕਿਸਾਨਾਂ ਦੇ ਮੁਕਾਬਲੇ ਇਸ ਫਰੰਟ 'ਤੇ ਵੀ ਇਹਨਾਂ ਦਾ ਜ਼ੋਰ ਘੱਟ ਰਿਹਾ ਹੈ। ਇੱਥੇ ਇਹ ਜਮਾਤੀ ਸੰਘਰਸ਼ ਨੂੰ ਲੀਹੋਂ ਲਾਹੁਣ ਦਾ ਹੀ ਕੰਮ ਕਰਦੇ ਹਨ। ਇਹ ਖੇਤ ਮਜ਼ਦੂਰਾਂ ਦਾ ਧਨੀ ਕਿਸਾਨੀ, ਜੋ ਕਿ ਖੇਤ ਮਜ਼ਦੂਰਾਂ ਦੀ ਸਭ ਤੋਂ ਵੱਧ ਰੱਤ ਨਿਚੋੜਦੀ ਹੈ, ਵਿਰੁੱਧ ਕਦੇ ਵੀ ਸੰਘਰਸ਼ ਨਹੀਂ ਵਿਕਸਿਤ ਕਰਦੇ (ਆਖਰ ਜਿਸ ਟਾਹਣੀ ਉੱਪਰ ਇਹ ਬੈਠੇ ਹਨ, ਉਸ ਨੂੰ ਕੱਟ ਵੀ ਕਿਵੇਂ ਸਕਦੇ ਹਨ)। ਇਹ ਕਈ ਸਾਲਾਂ ਵਿੱਚ ਇੱਕ ਅੱਧ ਵਾਰ ਸਰਕਾਰ ਵਿਰੋਧੀ ਮੰਗਾਂ ਉੱਪਰ ਜ਼ਿਲ੍ਹਾ ਹੈਡ ਕੁਆਰਟਰਾਂ ਉੱਪਰ ਧਰਨੇ ਦੇਣ ਜਿਹੀਆਂ ਕਸਰਤਾਂ ਤੱਕ ਹੀ ਸੀਮਤ ਰਹਿੰਦੇ ਹਨ। ਜਿਹਨਾਂ ਪਿੰਡਾਂ ਵਿੱਚ ਇਹ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕਰਦੇ ਹਨ ਉੱਥੇ ਹੀ ਇਹ ਧਨੀ ਕਿਸਾਨਾਂ ਨੂੰ ਵੀ ਜਥੇਬੰਦ ਕਰ ਰਹੇ ਹੁੰਦੇ ਹਨ। ਜਿੱਥੇ ਦੋਹਾਂ ਦੇ ਹਿੱਤ ਟਕਰਾਉਂਦੇ ਹਨ ਉੱਥੇ ਇਹ ਧਨੀ ਕਿਸਾਨਾਂ ਦਾ ਹੀ ਪੱਖ ਪੂਰਦੇ ਹਨ। ਇਹਨਾਂ ਦੀ ਹਾਲਤ "ਸਹੇ ਨਾਲ਼ ਵੀ ਅਤੇ ਕੁੱਤੇ ਨਾਲ਼ ਵੀ" ਵਾਲੀ ਬਣ ਜਾਂਦੀ ਹੈ। ਇੱਕੋਂ ਸਮੇਂ ਦੋਹਾਂ ਨਾਲ਼ ਨਹੀਂ ਖੜਿਆ ਜਾ ਸਕਦਾ। ਇਸ ਲਈ ਇਹ ਧਨੀ ਕਿਸਾਨੀ ਦਾ ਹੀ ਸਾਥ ਦੇ ਕੇ ਇਸ ਭੋਜਪੁਰੀ ਕਹਾਵਤ ਨੂੰ ਸੱਚੀ ਸਿੱਧ ਕਰ ਦਿੰਦੇ ਹਨ ਕਿ "ਜਿਸਕਾ ਖਾਓਗੇ, ਉਸੀ ਕਾ ਗਾਓਗੇ"। ਇਹ ਐਵੇਂ ਹੀ ਨਹੀਂ ਹੈ ਕਿ ਕਣਕ, ਝੋਨੇ ਅਤੇ ਦੁੱਧ ਆਦਿ ਦੇ ਭਾਅ ਵਧਾਉਣ ਦੇ ਸੰਘਰਸ਼ ਵਿੱਚ ਇਹ ਆਪਣੇ ਪ੍ਰਭਾਵ ਨੂੰ ਹੇਠਲੇ ਮਜ਼ਦੂਰਾਂ ਨੂੰ ਵੀ ਵਰਗਲਾ ਕੇ ਸ਼ਾਮਲ ਕਰ ਲੈਂਦੇ ਹਨ।

ਪੰਜਾਬ ਵਿੱਚ ਮ.ਲ. ਗਰੁੱਪ ਮੁੱਖ ਰੂਪ ਵਿੱਚ ਮਾਲਕ ਕਿਸਾਨੀ (ਸਮੇਤ ਧਨੀ ਕਿਸਾਨੀ, ਕਿਉਂਕਿ ਨਵ ਜਮਹੂਰੀ ਇਨਕਲਾਬ ਦੀ ਸਮਝ ਮੁਤਾਬਕ, ਇਹ ਵੀ ਇਹਨਾਂ ਦੀ ਮਿੱਤਰ ਜਮਾਤ ਹੈ) ਵਿੱਚ ਹੀ ਕੰਮ ਕਰਦੇ ਰਹੇ ਹਾਂ ਅਤੇ ਅੱਜ ਵੀ ਕਰ ਰਹੇ ਹਨ। ਇਸ ਲਈ ਇਹਨਾਂ ਦੀ ਲੀਡਰਸ਼ਿਪ ਅਤੇ ਕਾਡਰ ਫੋਰਸ ਦਾ ਵੱਡਾ ਹਿੱਸਾ ਮਾਲਕ ਕਿਸਾਨੀ ਅਤੇ ਖਾਸ ਕਰ ਧਨੀ ਕਿਸਾਨੀ ਵਿੱਚੋਂ ਆਇਆ ਹੈ। ਇਹਨਾਂ ਗਰੁੱਪਾਂ ਦੀ ਸੰਰਚਨਾ (Composition)

ਅੱਜ ਪੂਰੀ ਤਰ੍ਹਾਂ ਗੈਰ ਪ੍ਰੋਲੇਤਾਰੀ ਹੈ। ਇਹਨਾਂ ਗਰੁੱਪਾਂ ਦੀ ਲੀਡਰਸ਼ਿਪ ਉੱਪਰ ਅੱਜ ਕੁਲਕਾਂ (ਧਨੀ ਕਿਸਾਨਾਂ) ਦਾ ਕਬਜ਼ਾ ਹੈ, ਜੋ ਕਿ ਇਹਨਾਂ ਗਰੁੱਪਾਂ ਨੂੰ ਆਪਣੇ ਹਿੱਤਾਂ ਲਈ ਇਸਤੇਮਾਲ ਕਰ ਰਹੇ ਹਨ। ਲਾਲਾ ਹਰਦਿਆਲ ਨੇ ਆਪਣੇ ਇੱਕ ਲੇਖ "ਸ਼੍ਰੇਣੀ ਰੁਚੀ ਦਾ ਵੱਖ-ਵੱਖ ਲਹਿਰਾਂ ਉੱਪਰ ਪ੍ਰਭਾਵ" ਵਿੱਚ ਬਹੁਤ ਪਹਿਲਾਂ ਹੀ ਇਸ ਗੱਲ ਵੱਲ ਇਸ਼ਾਰਾ ਕਰ ਦਿੱਤਾ ਸੀ ਕਿ ਵੱਖ ਵੱਖ ਲਹਿਰਾਂ, ਉਹਨਾਂ ਦੀ ਅਗਵਾਈ ਕਰਦੇ ਜਮਾਤੀ ਸਮੂਹਾਂ ਦੇ ਹਿੱਤਾਂ ਵਿੱਚ ਹੀ ਭੁਗਤਦੀਆਂ ਹਨ। ਕੌਮੀ ਲਹਿਰ 'ਚੋਂ ਉਦਾਹਰਣਾਂ ਦੇ ਕੇ ਉਹ ਦਰਸਾਉਂਦੇ ਹਨ ਕਿ ਕਿਵੇਂ ਕੌਮੀ ਲਹਿਰ ਦੀਆਂ ਵੱਖ-ਵੱਖ ਧਰਾਵਾਂ ਵਿੱਚ ਘੁਸੇ ਅਮੀਰਾਂ ਨੇ ਇਹਨਾਂ ਲਹਿਰਾਂ, ਨੂੰ ਆਪਣੇ ਹਿੱਤਾਂ ਲਈ ਵਰਤਿਆ ਹੈ। ਬਿਲਕੁੱਲ ਉਸੇ ਤਰ੍ਹਾਂ ਪੰਜਾਬ ਦੀ ਕਮਿਊਨਿਸਟ ਲਹਿਰ ਨਾਲ਼ ਵੀ ਵਾਪਰਿਆ ਹੈ, ਜਿਸ ਵਿੱਚ ਘੁਸੀ ਧਨੀ ਕਿਸਾਨੀ ਨੇ ਇਸ ਨੂੰ ਆਵਦੇ ਹਿੱਤਾਂ ਲਈ ਵਰਤਿਆ ਹੈ।

ਜਿਹਨਾਂ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਜਮਹੂਰੀ ਇਨਕਲਾਬ ਹੋਏ, ਜਦੋਂ ਉਹ ਪਾਰਟੀਆਂ ਸਮਾਜਵਾਦੀ ਇਨਕਲਾਬ ਦੇ ਪੜਾਅ ਵਿੱਚ ਦਾਖਲ ਹੋਈਆਂ, ਤਾਂ ਸਮਾਜਵਾਦੀ ਰਾਹ ਉੱਪਰ ਚੱਲਣ ਦਾ ਸਭ ਤੋਂ ਤਿੱਖਾ ਵਿਰੋਧ ਉਹਨਾਂ ਪਾਰਟੀਆਂ ਅੰਦਰੋਂ ਹੀ ਉੱਠਿਆ ਸੀ। ਕਿਉਂਕਿ ਜਮਹੂਰੀ ਇਨਕਲਾਬ ਦਾ ਚੋਟ ਨਿਸ਼ਾਨਾ ਸਾਮਰਾਜ ਅਤੇ ਜਗੀਰਦਾਰੀ ਹੁੰਦੀ ਹੈ, ਸਰਮਾਏਦਾਰੀ ਨਹੀਂ, ਇਸ ਲਈ ਬਹੁਤ ਸਾਰੇ ਕੌਮਵਾਦੀ ਅਤੇ ਬੁਰਜੂਆ ਜਮਹੂਰੀ ਤੱਤ ਪਾਰਟੀ ਦੀਆਂ ਸਫਾਂ ਵਿੱਚ ਆ ਸ਼ਾਮਲ ਹੁੰਦੇ ਹਨ, ਜਿਹਨਾਂ ਨੇ ਕਮਿਊਨਿਜ਼ਮ ਨੂੰ ਅਜੇ ਪੂਰੀ ਤਰ੍ਹਾਂ ਨਹੀਂ ਅਪਣਾਇਆ ਹੁੰਦਾ। ਉਹ ਕੌਮੀ ਮੁਕਤੀ ਅਤੇ ਜਮਹੂਰੀਅਤ ਦੇ ਏਜੰਡੇ ਉੱਪਰ ਪਾਰਟੀ ਨਾਲ ਆ ਖੜਦੇ ਹਨ, ਪਰ ਜਦੋਂ ਪਾਰਟੀ ਸਮਾਜਵਾਦੀ ਇਨਕਲਾਬ ਦੇ ਪੜਾਅ ਵਿੱਚ ਦਾਖਲ ਹੁੰਦੀ ਹੈ, ਜਦੋਂ ਇਨਕਲਾਬ ਦਾ ਚੋਟ ਨਿਸ਼ਾਨਾ ਸਰਮਾਏਦਾਰ ਜਮਾਤ ਹੁੰਦੀ ਹੈ, ਤਾਂ ਅਜਿਹੇ ਤੱਤ ਇਸ ਵਾਸਤੇ ਤਿਆਰ ਨਹੀਂ ਹੁੰਦੇ ਅਤੇ ਇਸ ਦਾ ਵਿਰੋਧ ਕਰਦੇ ਹਨ। ਚੀਨ ਦੀ ਕਮਿਊਨਿਸਟ ਪਾਰਟੀ ਦੀ ਉਦਾਹਰਣ ਸਾਡੇ ਸਾਹਮਣੇ ਹੈ। ਨਵ-ਜਮਹੂਰੀ ਇਨਕਲਾਬ ਦੇ ਪੜਾਅ (1949) ਤੱਕ ਜੋ ਲੋਕ ਪਾਰਟੀ ਨਾਲ਼ ਦ੍ਰਿੜਤਾ ਨਾਲ਼ ਖੜ੍ਹੇ ਸਨ, ਇੱਥੋਂ ਤੱਕ ਕਿ ਇਸ ਦੇ ਆਗੂ ਅਦਾਰਿਆਂ ਤੱਕ ਜਾ ਪਹੁੰਚੇ ਸਨ, ਸਮਾਜਵਾਦੀ ਇਨਕਲਾਬ ਦੇ ਦੌਰ ਵਿੱਚ, ਉਹ ਉਸੇ ਪਾਰਟੀ ਵਿਰੁੱਧ ਬਗਾਵਤ 'ਤੇ ਉੱਤਰ ਆਏ। ਲਿਊ-ਸ਼ਾਓ-ਚੀ ਜੇਹੇ ਪੂੰਜੀਵਾਦੀ ਰਾਹੀਆਂ ਨੂੰ ਪਾਰਟੀ ਦੇ ਅੰਦਰੋਂ ਹੀ ਭਾਰੀ ਸਮੱਰਥਨ ਪ੍ਰਾਪਤ ਹੋਇਆ ਸੀ।

ਇਸ ਤੋਂ ਅਸਾਨੀ ਨਾਲ਼ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੇ ਮ.ਲ. ਗਰੁੱਪ, ਜੋ ਸਮਾਜਵਾਦੀ ਇਨਕਲਾਬ ਦੇ ਪੜਾਅ ਵਿੱਚ ਵੀ ਨਵ-ਜਮਹੂਰੀ ਇਨਕਲਾਬ ਦੀ ਵੇਲਾ ਵਹਾਅ ਚੁੱਕੀ ਸਮਝ ਨੂੰ ਚੰਬੜੇ ਹੋਏ ਹਨ, ਉਹਨਾਂ ਵਿੱਚ ਧਨੀ ਕਿਸਾਨੀ ਜਾਂ ਹੋਰ ਬੁਰਜੂਆ ਤੱਤਾਂ ਦੀ ਘੁਸਪੈਠ ਕਿਸ ਖਤਰਨਾਕ ਹੱਦ ਤੱਕ ਹੋਵੇਗੀ। ਜੇਕਰ ਇਹ ਗਰੁੱਪ ਭਾਰਤ ਵਿੱਚ ਸਮਾਜਵਾਦੀ ਇਨਕਲਾਬ ਦੀ ਦਰੁਸਤ ਸਮਝ ਅਪਣਾ ਲੈਣ, ਤਾਂ ਇਹਨਾਂ ਨੂੰ ਆਪਣੇ ਜਥੇਬੰਦ ਢਾਂਚਿਆਂ ਦੀ ਮੁੜ ਢਲ਼ਾਈ ਕਰਨੀ ਹੋਵੇਗੀ, ਜਿਸ ਕਰਕੇ ਇਹਨਾਂ ਗਰੁੱਪਾਂ ਵਿੱਚ ਹੇਠਾਂ ਤੋਂ ਲੈ ਕੇ ਉੱਪਰ ਤੱਕ ਉੱਥਲ-ਪੁੱਥਲ ਮੱਚ ਜਾਵੇਗੀ। ਇਹਨਾਂ ਨੂੰ ਕੁਲਕਾਂ ਨਾਲ਼ੋਂ ਨਹੁੰ ਮਾਸ ਦੇ, ਖ਼ੂਨ ਦੇ, ਰੋਟੀ-ਬੇਟੀ ਦੇ ਰਿਸ਼ਤੇ ਤੋੜਨੇ ਪੈਣਗੇ। ਪਰ ਇਹ ਹੁਣ ਨਾ ਮੁਨਕਿਨ ਹੈ। ਅਜੇਹੀ ਆਸ ਕਰਨਾ ਹੀ ਸਿਰੇ ਦਾ ਭੋਲਾਪਣ ਹੋਵੇਗਾ। ਕੁਲਕਾਂ ਦੀ ਸੇਵਾ ਵਿੱਚ ਇਹ ਗਰੁੱਪ ਇੰਨੀ ਦੂਰ ਨਿਕਲ਼ ਚੁੱਕੇ ਹਨ ਕਿ ਹੁਣ ਘਰ ਵਾਪਸੀ ਦੀ ਕੋਈ ਆਸ ਹੀ ਨਹੀਂ ਰਹਿ ਗਈ।

***



# ਭਾਰਤੀ ਇਨਕਲਾਬ ਅਤੇ ਕਿਸਾਨੀ

ਕਮਿਊਨਿਸਟ ਜਦੋਂ ਵੀ ਕਿਸਾਨੀ ਸਵਾਲ ਨੂੰ ਸੰਬੋਧਤ ਹੁੰਦੇ ਹਨ, ਤਾਂ ਉਹ ਮਜ਼ਦੂਰ ਜਮਾਤ ਦੇ ਪੈਂਤੜੇ ਤੋਂ ਹੀ ਅਜਿਹਾ ਕਰ ਰਹੇ ਹੁੰਦੇ ਹਨ। ਉਹਨਾਂ ਲਈ ਇਹ ਸਵਾਲ ਪ੍ਰਮੁੱਖ ਹੁੰਦਾ ਹੈ ਕਿ ਕਿਸਾਨਾਂ ਦੀਆਂ ਇਨਕਲਾਬੀ ਸੰਭਾਵਨਾਵਾਂ ਨੂੰ ਮਜ਼ਦੂਰ ਇਨਕਲਾਬ ਦੇ ਹਿੱਤ ਵਿੱਚ ਕਿਵੇਂ ਭੁਗਤਾਇਆ ਜਾ ਸਕਦਾ ਹੈ। ਮਾਲਕ ਕਿਸਾਨਾਂ ਪ੍ਰਤੀ ਪਹੁੰਚ ਨੂੰ ਲੈ ਕੇ ਭਾਰਤ ਦੀ ਕਮਿਊਨਿਸਟ ਲਹਿਰ ਵਿੱਚ ਅਨੇਕਾਂ ਥਿੜਕਣਾਂ-ਭਟਕਾਵਾਂ ਦਾ ਬੋਲਬਾਲਾ ਰਿਹਾ ਹੈ, ਜਿਹਨਾਂ ਦੀ ਚਰਚਾ ਅਸੀਂ ਇਸੇ ਪੈਂਫਲੇਟ ਵਿੱਚ ਸ਼ਾਮਿਲ ਵੱਖ-ਵੱਖ ਲੇਖਾਂ ਵਿੱਚ ਕੀਤੀ ਹੈ।

ਪਿਛਲੀ ਅੱਧੀ ਸਦੀ ਤੋਂ ਵੀ ਵੱਧ ਸਮੇਂ ਵਿੱਚ ਭਾਰਤੀ ਖੇਤੀ ਵਿੱਚ ਹੋਏ ਪੂੰਜੀਵਾਦੀ ਵਿਕਾਸ ਦੀ ਬਦੌਲਤ ਕਿਸਾਨੀ ਵਿੱਚ ਵੀ ਵਿਭੇਦੀਕਰਨ ਦੀ ਪ੍ਰੀਕ੍ਰਿਆ ਜ਼ਾਰੀ ਰਹੀ ਹੈ। ਇਸ ਵਿਭੇਦੀਕਰਨ ਨੇ ਕਿਸਾਨੀ ਨੂੰ ਵੱਖ-ਵੱਖ ਹਿੱਤਾ ਵਾਲੇ, ਕਈ ਮਾਮਲਿਆਂ ਵਿੱਚ ਟਕਰਾਵੇਂ ਹਿੱਤਾਂ ਵਾਲ਼ੇ ਸਮੂਹਾਂ ਵਿੱਚ ਵੰਡ ਦਿੱਤਾ ਹੈ। ਇਸ ਦੇ ਇੱਕ ਸਿਰੇ ਤੇ ਧਨੀ ਕਿਸਾਨੀ (ਪੇਂਡੂ ਸਰਮਾਏਦਾਰੀ) ਹੈ ਅਤੇ ਦੂਸਰੇ ਸਿਰੇ 'ਤੇ ਉਜ਼ਰਤੀ ਖੇਤ ਮਜ਼ਦੂਰ। ਇਹ ਪੇਂਡੂ ਖੇਤਰ ਦੀਆਂ ਮੁੱਖ ਜਮਾਤਾਂ ਹਨ ਜਿਨ੍ਹਾਂ ਦੇ ਹਿੱਤ ਮੂਲੋਂ ਹੀ ਟਕਰਾਵੇਂ ਹਨ, ਜਿਨ੍ਹਾਂ ਵਿੱਚ ਕੋਈ ਸੁਲਾਹ-ਸਮਝੌਤਾ ਮੁਮਕਿਨ ਨਹੀਂ ਹੈ।

ਭਾਰਤੀ ਅਰਥਚਾਰੇ ਦੀ ਪੂੰਜੀਵਾਦੀ ਰੂਪਬਦਲੀ ਨੇ, ਭਾਰਤੀ ਸਮਾਜ ਨੂੰ ਇੱਕ ਅਜਿਹੇ ਪੜਾਅ ਤੇ ਲੈ ਆਂਦਾ ਹੈ, ਜਦੋਂ ਇਹ ਕਿਸੇ ਵੀ ਕਿਸਮ ਦੇ ਜਮਹੂਰੀ, ਨਵ ਜਮਹੂਰੀ ਇਨਕਲਾਬ ਦੇ ਪੜਾਅ ਨੂੰ ਪਾਰ ਕਰਕੇ, ਸਮਾਜਵਾਦੀ ਇਨਕਲਾਬ ਦੇ ਪੜਾਅ ਵਿੱਚ ਦਾਖਲ ਹੋ ਚੁੱਕਾ ਹੈ। ਭਾਰਤ ਦੇ ਜ਼ਰਈ ਖੇਤਰ ਚੋਂ ਜਗੀਰੂ ਪੈਦਾਵਾਰੀ ਸੰਬੰਧਾਂ ਦੇ ਖਾਤਮੇ ਅਤੇ ਸਰਮਾਏਦਾਰਾ ਪੈਦਾਵਾਰੀ ਸੰਬੰਧਾਂ ਦੇ ਭਾਰੂ ਹੋਣ ਨਾਲ਼ ਧਨੀ ਕਿਸਾਨਾਂ ਦੀ (ਸਮੁੱਚੀ ਕਿਸਾਨੀ ਦੀ ਵੀ) ਜਗੀਰਦਾਰਾਂ ਨਾਲ਼ ਜਮਾਤੀ ਵਿਰੋਧਤਾਈ ਵੀ ਲੁਪਤ ਹੋ ਚੁੱਕੀ ਹੈ। ਅੱਜ ਧਨੀ ਕਿਸਾਨੀ ਹਿੰਦੋਸਤਾਨ ਦੀ ਰਾਜਸੱਤਾ ਉੱਪਰ ਕਾਬਜ਼ ਹਾਕਮ ਜਮਾਤੀ ਗੱਠਜੋੜ ਦਾ ਅੰਗ ਹੈ। ਭਾਰਤ ਦੇ ਪੇਂਡੂ ਖੇਤਰ ਵਿੱਚ ਕਿਸੇ ਵੀ ਇਨਕਲਾਬੀ ਹਲਚਲ ਦੀ ਧਨੀ ਕਿਸਾਨੀ ਕੱਟੜ ਦੁਸ਼ਮਣ ਹੈ। ਇਸ ਤਰ੍ਹਾਂ ਭਾਰਤ ਦੇ ਪੇਂਡੂ ਖੇਤਰ ਵਿੱਚ ਜਮਹੂਰੀ ਇਨਕਲਾਬ ਦੇ ਦੌਰ ਦਾ, ਇਨਕਲਾਬੀ ਸਾਂਝੇ ਮੋਰਚੇ ਦਾ ਸੰਗੀ, ਅੱਜ ਦੁਸ਼ਮਣਾਂ ਦੀ ਕਤਾਰ ਵਿੱਚ ਸ਼ਾਮਿਲ ਹੋ ਚੁੱਕਾ ਹੈ। ਜਿਸ ਤਰ੍ਹਾਂ ਅੱਜ ਭਾਰਤ ਦੇ ਸ਼ਹਿਰੀ ਖੇਤਰ ਵਿੱਚ ਛੋਟੇ ਸਰਮਾਏਦਾਰਾਂ (ਜਮਹੂਰੀ ਇਨਕਲਾਬ ਦੇ ਦੌਰ ਦੇ ਕੌਮੀ ਸਰਮਾਏਦਾਰਾਂ) ਦੀ ਜਮਾਤ ਦੇ ਹਾਕਮ ਜਮਾਤ ਦਾ ਅੰਗ ਬਣ ਜਾਣ ਨਾਲ, ਅੱਜ ਸ਼ਹਿਰੀ ਖੇਤਰ ਵਿੱਚ ਪ੍ਰੋਲੇਤਾਰੀ, ਅਰਧ ਪ੍ਰੋਲੇਤਾਰੀ ਅਤੇ ਮੱਧ ਵਰਗ ਤੇ ਅਧਾਰਿਤ ਤਿੰਨ ਜਮਾਤਾਂ ਦਾ ਸਾਂਝਾ ਮੋਰਚਾ ਬਣੇਗਾ, ਉਸ ਤਰ੍ਹਾਂ ਅੱਜ ਭਾਰਤ ਦੇ ਪੇਂਡੂ ਖੇਤਰ ਵਿੱਚ ਵੀ ਪੇਂਡੂ ਪ੍ਰੋਲੇਤਾਰੀ, ਅਰਧ ਪ੍ਰੋਲੇਤਾਰੀ ਅਤੇ ਦਰਮਿਆਨੇ ਕਿਸਾਨਾਂ ਤੇ ਅਧਾਰਤ ਤਿੰਨ ਜਮਾਤਾਂ ਦਾ ਹੀ ਸਾਂਝਾ ਮੋਰਚਾ ਉਸਰੇਗਾ।

ਭਾਰਤ ਦੇ ਪੇਂਡੂ ਖੇਤਰ ਉੱਪਰ ਹੀ ਧਿਆਨ ਕੇਂਦਰਤ ਕਰੀਏ ਤਾਂ ਖੇਤ ਮਜ਼ਦੂਰਾਂ ਅਤੇ ਧਨੀ ਕਿਸਾਨਾਂ ਵਿਚਕਾਰ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀ ਇੱਕ ਵੱਡੀ ਜਮਾਤ ਡੋਲਦੀ ਵੇਖੀ ਜਾ ਸਕਦੀ ਹੈ। ਜ਼ਮੀਨ ਦੀ ਮਾਲਕੀ ਨੂੰ ਅਧਾਰ ਬਣਾਕੇ, ਗਰੀਬ, ਦਰਮਿਆਨੇ ਅਤੇ ਧਨੀ ਕਿਸਾਨਾਂ ਨੂੰ ਪ੍ਰੀਭਾਸ਼ਤ ਕਰਨ ਦੀ ਵਿਧੀ ਕਾਫੀ ਸਮੱਸਿਆਵਾਂ ਭਰਪੂਰ ਹੈ। ਕਿਉਂਕਿ ਜ਼ਮੀਨ ਦੀ ਗੁਣਵੱਤਾ, ਜ਼ਮੀਨ ਦੀ ਸਥਿਤੀ (ਸ਼ਹਿਰੀ ਖੇਤਰਾਂ ਤੋਂ ਦੂਰ ਜਾਂ ਨੇੜੇ ਹੋਣਾ) ਆਦਿ ਕਈ ਅਜਿਹੇ ਕਾਰਨ ਹਨ ਜੋ ਇੱਕੋ ਜਿਹੀ ਜ਼ਮੀਨ ਮਾਲਕੀ ਦੇ ਬਾਵਜੂਦ ਕਿਸਾਨੀ ਦੇ ਜਮਾਤੀ ਚਰਿੱਤਰ ਨੂੰ ਵੱਖ-ਵੱਖ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਇਸ ਲਈ ਪੈਦਾਵਾਰੀ ਪ੍ਰੀਕ੍ਰਿਆ ਵਿੱਚ ਭੂਮਿਕਾ ਤੋਂ ਕਿਸਾਨੀ ਦੇ ਵੱਖ-ਵੱਖ ਹਿੱਸਿਆਂ ਨੂੰ ਪ੍ਰੀਭਾਸ਼ਤ ਕਰਨਾ ਵਧੇਰੇ ਵਿਗਿਆਨਕ ਢੰਗ ਜਾਪਦਾ ਹੈ।

ਉਜ਼ਰਤੀ ਮਜ਼ਦੂਰਾਂ ਅਤੇ ਧਨੀ ਕਿਸਾਨਾਂ ਨੂੰ ਪ੍ਰੀਭਾਸ਼ਤ ਕਰਨ ਵਿੱਚ ਤਾਂ ਕੋਈ ਦਿੱਕਤ ਨਹੀਂ ਹੈ। ਉਜ਼ਰਤੀ ਮਜ਼ਦੂਰ ਪੈਦਾਵਾਰ ਦੇ ਸਭ ਸਾਧਨਾਂ ਤੋਂ ਵਾਂਝੇ ਹਨ, ਜਿਹਨਾਂ ਦੀ ਜੀਵਿਕਾ ਦਾ ਸ੍ਰੋਤ ਸਿਰਫ ਉਹਨਾਂ ਦੀ ਕਿਰਤ ਸ਼ਕਤੀ ਦੀ ਵਿਕਰੀ ਹੀ ਹੈ। ਇਸਦੇ ਉਲਟ ਧਨੀ ਕਿਸਾਨ ਖ਼ੁਦ ਕਿਰਤ ਪ੍ਰੀਕ੍ਰਿਆ ਵਿੱਚ ਕੋਈ ਹਿੱਸਾ ਨਹੀਂ ਲੈਂਦੇ, ਦੂਸਰਿਆਂ ਦੀ ਕਿਰਤ ਸ਼ਕਤੀ ਖਰੀਦਕੇ ਵਾਫਰ ਕਦਰ ਹੜੱਪਦੇ ਹਨ ਅਤੇ ਇਸ ਵਾਫਰ ਕਦਰ ਦੇ ਇੱਕ ਹਿੱਸੇ ਨੂੰ ਪੂੰਜੀ ਦੇ ਰੂਪ ਵਿੱਚ ਮੁੜ ਖੇਤੀ ਵਿੱਚ ਨਿਵੇਸ਼ ਕਰਕੇ ਵਿਸਤਰਾਤ ਮੁੜ ਉਤਪਾਦਨ ਦੀ ਪ੍ਰੀਕ੍ਰਿਆ ਨੂੰ ਅੰਜ਼ਾਮ ਦਿੰਦੇ ਹਨ। ਬਿਨਾਂ ਸ਼ੱਕ ਇਹਨਾਂ ਵੱਡੀਆਂ ਕੋਟੀਆਂ (Broad Categories) ਵਿੱਚ ਛੋਟਾ ਹੋ ਸਕਦੀਆਂ ਹਨ।

ਗਰੀਬ ਕਿਸਾਨ ਉਹ ਹਨ ਜੋ ਭਾਵੇਂ ਥੋੜੀ ਬਹੁਤ ਜ਼ਮੀਨ ਦੇ ਮਾਲਕ ਤਾਂ ਹਨ, ਪਰ ਇੰਨੀ ਕੁ ਜ਼ਮੀਨ ਉਹਨਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਤੋਰ ਸਕਣ ਲਈ ਨਾ ਕਾਫੀ ਹੈ, ਇਸ ਲਈ ਇਹਨਾਂ ਕਿਸਾਨਾਂ ਨੂੰ ਵੀ ਆਪਣਾ ਅਤੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਤੋਰਨ ਲਈ ਹੋਰਾਂ ਕੋਲ ਅਪਣੀ ਕਿਰਤ ਸ਼ਕਤੀ ਵੇਚਣੀ ਪੈਂਦੀ ਹੈ। ਇਹ ਗਰੀਬ ਕਿਸਾਨ ਹੀ ਹਨ ਜੋ ਅੱਜ ਤੇਜ਼ੀ ਨਾਲ਼ ਆਪਣੀ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ ਤੋਂ ਮੁਕਤ ਹੋ ਕੇ ਉਜ਼ਰਤੀ ਮਜ਼ਦੂਰਾਂ (ਸ਼ਹਿਰੀ ਅਤੇ ਪੇਂਡੂ) ਦੀਆਂ ਕਤਾਰਾਂ ਲੰਬੀਆਂ ਕਰ ਰਹੇ ਹਨ। ਇਸ ਤਰਾਂ ਇਹ ਗਰੀਬ ਕਿਸਾਨ ਆਪਣੇ ਵਰਤਮਾਨ ਜੀਵਨ ਪੱਧਰ ਅਤੇ ਭਵਿੱਖੀ ਹੋਣੀ ਪੱਖੋਂ ਉਜ਼ਰਤੀ ਮਜ਼ਦੂਰਾਂ ਦੇ ਸਭ ਤੋਂ ਨਜ਼ਦੀਕ ਹਨ। ਇਹ ਅਰਧ ਪ੍ਰੋਲੇਤਾਰੀ ਹਨ, ਪਿੰਡਾਂ ਦੇ ਪ੍ਰੋਲੇਤਾਰੀ ਅਤੇ ਅਰਧ ਪ੍ਰੋਲੇਤਾਰੀ ਮਿਲਕੇ, ਪੇਂਡੂ ਅਬਾਦੀ ਦਾ ਦੋ-ਤਿਹਾਈ ਬਣਦੇ ਹਨ।

ਧਨੀ ਅਤੇ ਗਰੀਬ ਕਿਸਾਨਾਂ ਦਰਮਿਆਨ ਕਿਸਾਨੀ ਦੀ ਇੱਕ ਹੋਰ ਪਰਤ ਹੈ- ਦਰਮਿਆਨੀ ਕਿਸਾਨੀ। ਗਿਣਤੀ ਪੱਖੋਂ ਇਹ ਪੇਂਡੂ ਅਬਾਦੀ ਦਾ ਲਗਭਗ ਇੱਕ ਚੌਥਾਈ ਬਣਦੇ ਹਨ। ਇਹ ਆਪਣੀ ਮਾਲਕੀ, ਜੀਵਨ ਪੱਧਰ ਆਦਿ ਪੱਖਾਂ ਤੋਂ ਵੀ ਉਪਰੋਕਤ ਦੋਹਾਂ ਜਮਾਤਾਂ ਦੇ ਦਰਮਿਆਨ ਹੈ। ਇਸ ਦੀਆਂ ਅੱਗੇ ਹੋਰ ਤਿੰਨ ਉਪ ਕੈਟਾਗਰੀਆਂ ਬਣਦੀਆਂ ਹਨ। ਉੱਚ ਮੱਧਵਰਗੀ ਕਿਸਾਨ, ਮੱਧ-ਮੱਧਵਰਗੀ ਕਿਸਾਨ ਅਤੇ ਨਿਮਨ ਮੱਧਵਰਗੀ ਕਿਸਾਨ। ਦਰਮਿਆਨੀ ਕਿਸਾਨੀ ਦਾ ਵੱਡਾ ਹਿੱਸਾ ਜਿੱਥੇ ਖ਼ੁਦ ਆਪਣੀ ਜ਼ਮੀਨ ਉੱਪਰ ਕਿਰਤ ਕਰਦਾ ਹੈ, ਉੱਥੇ ਉਜ਼ਰਤੀ ਕਿਰਤ ਸ਼ਕਤੀ ਵੀ ਖਰੀਦਦਾ ਹੈ ਅਤੇ ਕਿਸੇ ਹੱਦ ਤੱਕ ਉਜ਼ਰਤੀ ਮਜ਼ਦੂਰਾਂ ਦੀ ਲੁੱਟ ਵਿੱਚ ਸ਼ਾਮਿਲ ਹੁੰਦਾ ਹੈ। ਇਹਨਾਂ ਦਾ ਉੱਪਰਲਾ ਹਿੱਸਾ ਜਿੱਥੇ ਧਨੀ ਕਿਸਾਨ ਬਣਨ ਦੀਆਂ ਖਾਹਿਸ਼ਾਂ ਪਾਲਦਾ ਹੈ ਅਤੇ ਮੌਕਾ ਮਿਲਣ 'ਤੇ ਉਹਨਾਂ ਵਿੱਚ ਸ਼ਾਮਿਲ ਵੀ ਹੋ ਜਾਂਦਾ ਹੈ। ਪਰ ਇਸਦਾ ਹੇਠਲਾ ਹਿੱਸਾ ਲਗਾਤਾਰ ਸੰਕਟ ਵਿੱਚ ਰਹਿੰਦਾ ਹੈ ਅਤੇ ਇਸਦਾ ਇੱਕ ਹਿੱਸਾ ਲਗਾਤਾਰ ਪ੍ਰੋਲੇਤਾਰੀਆਂ-ਅਰਧ ਪ੍ਰੋਲੇਤਾਰੀਆਂ ਵਿੱਚ ਸ਼ਾਮਿਲ ਹੁੰਦਾ ਰਹਿੰਦਾ ਹੈ। ਕਿਰਤ ਪ੍ਰੀਕ੍ਰਿਆ ਵਿੱਚ ਦੂਹਰੇ ਚਰਿੱਤਰ (ਖ਼ੁਦ ਕਿਰਤ ਕਰਨਾ ਅਤੇ ਹੋਰਾਂ ਦੀ ਕਿਰਤ ਨੂੰ ਲੁੱਟਣਾ) ਚੋਂ ਇਸਦਾ ਦੂਹਰਾ ਸਿਆਸੀ ਚਰਿੱਤਰ ਵੀ ਜਨਮ ਲੈਂਦਾ ਹੈ। ਸਮਾਜਵਾਦੀ ਇਨਕਲਾਬ ਪ੍ਰਤੀ ਦਰਮਿਆਨੇ ਕਿਸਾਨ ਡਾਵਾਂਡੋਲ ਰੁਖ ਅਪਣਾਉਂਦੇ ਹਨ। ਉਹ ਸਮਾਜਵਾਦੀ ਇਨਕਲਾਬ ਵਿੱਚ ਮਜ਼ਦੂਰ ਜਮਾਤ ਦੇ ਡਾਵਾਂਡੋਲ ਸੰਗੀ ਹਨ।

ਦੇਸ਼ ਅੰਦਰ ਪੈਦਾ ਹੋਣ ਵਾਲੀ ਕੁੱਲ ਵਾਫਰ ਕਦਰ ਨੂੰ ਲੈਕੇ ਹਾਕਮ ਜਮਾਤਾਂ ਦੇ ਵੱਖ-ਵੱਖ ਧੜਿਆਂ ਵਿੱਚ ਵੀ ਵਿਰੋਧ ਉੱਠਦੇ ਰਹਿੰਦੇ ਹਨ। ਖਾਸ ਕਰ ਭਾਰਤ ਵਿੱਚ ਤਾਂ ਸੱਨਅਤੀ ਅਤੇ ਵਪਾਰਕ ਪੂੰਜੀ ਦੀ ਨਿਸਬਤ ਕੁੱਲ ਵਾਫਰ ਕਦਰ ਵਿੱਚ ਆਵਦਾ ਹਿੱਸਾ ਵਧਾਉਣ ਲਈ ਪੇਂਡੂ ਸਰਮਾਏਦਾਰੀ ਦੇ ਸੰਘਰਸ਼ ਆਮ ਹਨ। ਕੁੱਲ ਵਾਫਰ ਕਦਰ ਵਿੱਚ ਵਧੇਰੇ ਹਿੱਸਾ ਹਾਸਲ ਕਰਨ ਲਈ ਸੱਨਅਤੀ ਅਤੇ ਵਪਾਰਕ ਪੂੰਜੀ ਖਿਲਾਫ ਲੜਾਈ ਵਿੱਚ ਅਤੇ ਦੂਜੇ ਪਾਸ ਪਿੰਡਾਂ ਦੇ ਉਜ਼ਰਤੀ ਮਜ਼ਦੂਰਾਂ ਖਿਲਾਫ਼ ਲੜਾਈ ਵਿੱਚ ਪੇਂਡੂ ਸਰਮਾਏਦਾਰੀ ਦਰਮਿਆਨੇ ਕਿਸਾਨਾਂ ਅਤੇ ਇੱਥੋਂ ਤੱਕ ਕਿ ਛੋਟੇ ਕਿਸਾਨਾਂ ਨੂੰ ਵੀ ਆਵਦੇ ਹੱਕ ਵਿੱਚ ਭੁਗਤਾਉਣ ਦਾ ਯਤਨ ਕਰਦੀ ਹੈ। ਪੇਂਡੂ ਸਰਮਾਏਦਾਰੀ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀਆਂ ਮਾਲਕੀ ਵਾਲੇ ਖਾਸੇ ਚੋਂ ਪੈਦਾ ਹੋਣ



ਵਾਲ਼ੀਆਂ ਕਮਜ਼ੋਰੀਆਂ ਨੂੰ ਉਕਸਾਉਂਦੀ ਹੈ, ਉਹਨਾਂ ਨੂੰ ਜਿਣਸਾਂ ਦੇ ਲਾਭਕਾਰੀ ਭਾਵਾਂ ਅਤੇ ਸਬਸਿਡੀਆਂ ਆਦਿ ਦੇ ਫਾਇਦੇ ਵਿਖਾਕੇ ਆਪਣੇ ਵੱਲ ਜਿੱਤਦੀ ਹੈ। ਉਜ਼ਰਤੀ ਮਜ਼ਦੂਰਾਂ ਖਿਲਾਫ ਲੜਾਈ ਵਿੱਚ ਭਾਰਤ ਵਿੱਚਲਾ ਜਾਤ ਪਾਤੀ ਪ੍ਰਬੰਧ ਪੇਂਡੂ ਸਰਮਾਏਦਾਰ ਜਮਾਤ ਦਾ ਕੰਮ ਹੋਰ ਵੀ ਅਸਾਨ ਬਣਾ ਦਿੰਦਾ ਹੈ, ਕਿਉਂਕਿ ਇੱਥੇ ਅਕਸਰ ਮਾਲਕ ਕਿਸਾਨ ਇੱਕ ਹੀ ਜਾਤ ਨਾਲ ਸਬੰਧਿਤ ਹੁੰਦੇ ਹਨ ਅਤੇ ਮਜ਼ਦੂਰ ਦੂਸਰੀ ਜਾਤ ਨਾਲ। ਇਹ ਜਾਤਪਾਤੀ ਮਾਨਸਿਕਤਾ ਬਹੁਤੀ ਵਾਰ ਗਰੀਬ ਅਤੇ ਦਰਮਿਆਨੇ ਕਿਸਾਨਾਂ ਨੂੰ ਉਜ਼ਰਤੀ ਮਜ਼ਦੂਰਾਂ ਦੇ ਵਿਰੋਧ ਵਿੱਚ, ਧਨੀ ਕਿਸਾਨਾਂ ਦੇ ਹੱਕ ਵਿੱਚ ਲਿਜਾ ਖੜ੍ਹਾਉਂਦੀ ਹੈ। ਜਿੱਥੇ ਉਜ਼ਰਤੀ ਮਜ਼ਦੂਰਾਂ ਦੀ ਆਵਦੀ ਜਥੇਬੰਦੀ (ਕਮਿਊਨਿਸਟ ਜਥੇਬੰਦੀ) ਕਮਜ਼ੋਰ ਹੋਵੇ ਉੱਥੇ ਤਾਂ ਧਨੀ ਕਿਸਾਨੀ ਦਾ ਕੰਮ ਹੋਰ ਵੀ ਸੌਖਾ ਹੋ ਜਾਂਦਾ ਹੈ। ਪੇਂਡੂ ਉਜ਼ਰਤੀ ਮਜ਼ਦੂਰਾਂ ਅਤੇ ਧਨੀ ਕਿਸਾਨਾਂ ਦੇ ਦੋ ਸਿਰਿਆਂ ਵਿਚਕਾਰ ਡੋਲ਼ਦੀ ਛੋਟੇ ਜ਼ਮੀਨ ਮਾਲਕਾਂ ਦੀ ਹਿਮਾਇਤ ਦੀ ਜ਼ਰੂਰਤ ਉਪਰੋਕਤ ਦੋਹਾਂ ਜਮਾਤਾਂ ਨੂੰ ਆਵਦੀ ਲੜਾਈ (ਇੱਕ ਦੂਸਰੇ ਖਿਲਾਫ) ਵਿੱਚ ਪੈਂਦੀ ਹੈ। ਧਨੀ ਕਿਸਾਨੀ ਆਵਦੇ ਜਮਾਤੀ ਪੈਂਤੜੇ ਤੋਂ ਗਰੀਬ ਅਤੇ ਦਰਮਿਆਨੇ ਕਿਸਾਨਾਂ ਨੂੰ ਆਪਦੇ ਪੱਖ ਵਿੱਚ ਜਿੱਤਣ ਦੀ ਕੋਸ਼ਿਸ਼ ਕਰਦੀ ਹੈ ਅਤੇ ਮਜ਼ਦੂਰ ਜਮਾਤ ਆਵਦੇ ਪੈਂਤੜੇ ਤੋਂ ਦੋਹਾਂ ਜਮਾਤਾਂ ਦਾ ਪੈਂਤੜਾ ਇੱਕੋ ਹੀ ਨਹੀਂ ਹੋ ਸਕਦਾ। ਧਨੀ ਕਿਸਾਨੀ ਜਿੱਥੇ ਗਰੀਬ ਅਤੇ ਦਰਮਿਆਨੇ ਕਿਸਾਨਾਂ ਨੂੰ ਲਾਭਕਾਰੀ ਭਾਵਾਂ ਅਤੇ ਲਾਗਤ ਮੁੱਲ ਘਟਾਉਣ ਦੇ ਸਬਜ਼ਬਾਗ ਦਿਖਾਉਂਦੀ ਹੈ, ਉੱਥੇ ਮਜ਼ਦੂਰ ਜਮਾਤ ਧਨੀ ਕਿਸਾਨਾਂ ਦੇ ਇਸ ਸਬਜ਼ਬਾਗ ਦੀ ਅਸਲੀਅਤ ਗਰੀਬ ਅਤੇ ਦਰਮਿਆਨੇ ਕਿਸਾਨਾਂ ਸਾਹਮਣੇ ਨਸ਼ਰ ਕਰਦੀ ਹੈ ਕਿ ਕਿਵੇਂ ਜਿਣਸਾਂ ਦੇ ਲਾਭਕਾਰੀ ਭਾਵਾਂ ਅਤੇ ਲਾਗਤ ਮੁੱਲ ਘਟਾਉਣ ਦਾ ਸਭ ਤੋਂ ਵੱਧ ਫਾਇਦਾ ਧਨੀ ਕਿਸਾਨਾਂ ਨੂੰ ਹੀ ਹੁੰਦਾ ਹੈ। ਲਾਭਕਾਰੀ ਭਾਵਾਂ ਰਾਹੀਂ ਅਤੇ ਲਾਗਤ ਮੁੱਲ ਵਿੱਚ ਕਮੀ ਰਾਹੀਂ ਧਨੀ ਕਿਸਾਨਾਂ ਨੂੰ ਜੋ ਵਧੇਰੇ ਮੁਨਾਫਾ ਹਾਸਲ ਹੁੰਦਾ ਹੈ, ਉਸਦਾ ਇਸਤੇਮਾਲ ਉਹ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀਆਂ ਜ਼ਮੀਨਾਂ ਖਰੀਦਣ ਵਾਸਤੇ ਹੀ ਕਰਦੇ ਹਨ। ਮਜ਼ਦੂਰ ਜਮਾਤ ਛੋਟੇ ਮਾਲ ਉਤਪਾਦਕਾਂ ਦੇ ਰੂਪ ਵਿੱਚ ਕਿਸਾਨਾਂ ਦੀ ਕਿਸੇ ਵੀ ਮੰਗ ਦੀ ਹਿਮਾਇਤ ਨਹੀਂ ਕਰੇਗੀ ਕਿਉਂਕਿ ਇਸ ਤਰਾਂ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੇ ਛੋਟੇ ਮਾਲ ਉਤਪਾਦਕਾਂ ਦੇ ਰੂਪ ਵਿੱਚ ਬਚੇ ਰਹਿਣ ਦਾ ਭਰਮ ਹੋਰ ਲੰਮੇਰਾ ਹੋਵੇਗਾ ਅਤੇ ਫਿਰ ਇਹ ਭਰਮ ਹੀ ਗਰੀਬ ਅਤੇ ਦਰਮਿਆਨੇ ਕਿਸਾਨਾਂ ਨੂੰ ਧਨੀ ਕਿਸਾਨਾਂ ਦੇ ਪੱਖ ਵਿੱਚ ਲਿਜਾ ਖੜ੍ਹਾਉਂਦਾ ਹੈ। ਇਸ ਦੇ ਉਲਟ ਮਜ਼ਦੂਰ ਜਮਾਤ ਨੂੰ ਛੋਟੇ ਕਿਸਾਨਾਂ ਦੇ ਹਮੇਸ਼ਾ ਹੀ ਛੋਟੇ ਮਾਲ ਉਤਪਾਦਕ ਦੇ ਰੂਪ ਵਿੱਚ ਬਣੇ ਰਹਿਣ ਦੇ ਭਰਮ ਤੋਂ ਉਸ ਨੂੰ ਮੁਕਤ ਕਰਾਉਣ ਵਿੱਚ ਸਹਾਈ ਹੋਣਾ ਚਾਹੀਦਾ ਹੈ।

ਉਜ਼ਰਤਾਂ ਵਿੱਚ ਵਾਧਾ ਪੇਂਡੂ ਗਰੀਬਾਂ ਦੀ ਸਭ ਤੋਂ ਮਹੱਤਵਪੂਰਨ ਮੰਗ ਹੈ। ਇਸ ਮੰਗ ਉੱਪਰ ਪਿੰਡਾਂ ਦੇ ਮਜ਼ਦੂਰ ਤਾਂ ਜਥੇਬੰਦ ਹੋਣਗੇ ਹੀ, ਨਾਲ ਦੀ ਨਾਲ ਗਰੀਬ ਕਿਸਾਨਾਂ (ਅਰਧ ਪ੍ਰੋਲੇਤਾਰੀਆਂ) ਨੂੰ ਵੀ ਲਾਮਬੰਦ ਕੀਤਾ ਜਾ ਸਕਦਾ ਹੈ, ਗਰੀਬ ਕਿਸਾਨ ਜਿਸਦੀ ਜ਼ਮੀਨ ਲਗਾਤਾਰ ਖੁੱਸਦੀ ਜਾਂਦੀ ਹੈ, ਪੂਰੀ ਤਰਾਂ ਉਜ਼ਰਤੀ ਮਜ਼ਦੂਰ ਬਣਨਾ ਹੀ ਜਿਸਦਾ ਭਵਿੱਖ ਹੈ। ਛੋਟੀ ਜ਼ਮੀਨ ਮਾਲਕੀ ਉਸਦੇ ਅੱਜ ਦਾ ਸੱਚ ਹੈ, ਸੰਪਤੀਹੀਣ ਉਜ਼ਰਤੀ ਮਜ਼ਦੂਰ ਹੋਣਾ ਉਸਦਾ ਆਉਣ ਵਾਲਾ ਕੱਲ੍ਹ ਹੈ। ਮਾਲਕੀ ਵਾਲਾ ਪੱਖ ਗਰੀਬ ਕਿਸਾਨ ਦਾ ਖਤਮ ਹੋ ਰਿਹਾ ਪੱਖ ਹੈ ਅਤੇ ਉਜ਼ਰਤੀ ਮਜ਼ਦੂਰ ਵਾਲਾ ਪੱਖ ਉਸਦਾ ਉੱਭਰ ਰਿਹਾ ਪੱਖ ਹੈ। ਕਮਿਊਨਿਸਟਾਂ ਨੂੰ ਚਾਹੀਦਾ ਹੈ ਕਿ ਉਹ ਗਰੀਬ ਕਿਸਾਨ ਨੂੰ ਉਸਦੇ ਉੱਭਰ ਰਹੇ ਪੱਖ ਤੋਂ ਚੰਗੀ ਤਰਾਂ ਜਾਣੂ ਕਰਵਾਉਣ, ਉਸ ਨੂੰ ਪੂੰਜੀਵਾਦੀ ਪੈਦਾਵਾਰੀ ਢਾਂਚੇ 'ਚ ਉਸਦੀ ਅਟੱਲ ਹੋਣੀ ਬਾਰੇ ਖਰੇ ਖਰੇ ਸ਼ਬਦਾਂ ਵਿੱਚ ਦੱਸਣ, ਕਿ ਕਿਵੇਂ ਪੂੰਜੀਵਾਦੀ ਖੇਤੀ ਅਧੀਨ ਛੋਟੇ ਜ਼ਮੀਨ ਮਾਲਕਾਂ ਦਾ ਆਪਣੀ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ ਨੂੰ ਬਚਾਈ ਰੱਖਣਾ ਨਾ ਮੁਮਕਿਨ ਹੈ। ਸਾਡੇ ਦੇਸ਼ ਦਾ ਗਰੀਬ ਕਿਸਾਨ ਜੋ ਸੱਭਿਆਚਾਰਕ ਕਾਰਨਾਂ ਅਤੇ ਜਾਤਪਾਤੀ ਸੰਸਕਾਰਾਂ ਕਰਕੇ ਆਪਣੇ ਪਿੰਡ ਵਿੱਚ ਹੀ ਦੂਸਰੇ ਮਾਲਕ ਕਿਸਾਨਾਂ ਦੇ ਖੇਤਾਂ

ਵਿੱਚ ਮਜ਼ਦੂਰੀ ਕਰਨਾ ਖੁਦ ਦਾ ਅਪਮਾਨ ਸਮਝਦਾ ਹੈ ਅਤੇ ਅਕਸਰ ਆਸ ਪਾਸ ਦੇ ਸ਼ਹਿਰ ਜਾਂ ਕਸਬੇ ਵਿੱਚ ਜਾ ਕੇ ਹੀ ਮਜ਼ਦੂਰੀ ਕਰਨ ਨੂੰ ਪਹਿਲ ਦਿੰਦਾ ਹੈ। ਪਿੰਡ ਵਿੱਚ ਜੇਕਰ ਮਜ਼ਦੂਰੀ ਕਰਦਾ ਵੀ ਹੈ ਤਾਂ ਲੁਕੇ ਹੋਏ ਰੂਪ ਵਿੱਚ। ਜਿਵੇਂ ਕਿ ਗਰੀਬ ਕਿਸਾਨ, ਜੋ ਆਪਣੇ ਖੇਤੀ ਦੇ ਸੰਦ ਅਤੇ ਬਲਦ ਵਗੈਰਾ ਵੇਚ ਚੁੱਕੇ ਹਨ, ਧਨੀ ਕਿਸਾਨਾਂ ਤੋਂ ਟ੍ਰੈਕਟਰ ਰਾਹੀਂ ਆਪਣੇ ਖੇਤ ਵਹਾ ਲੈਂਦੇ ਹਨ ਅਤੇ ਵਹਾਈ ਦਾ ਖਰਚਾ ਉਹ ਧਨੀ ਕਿਸਾਨ ਦੇ ਖੇਤ ਵਿੱਚ ਦਿਹਾੜੀਆਂ ਲਾ ਕੇ ਪੂਰਾ ਕਰ ਦਿੰਦੇ ਹਨ। ਅੱਜ ਦਾ ਅਰਧ ਪ੍ਰੋਲੇਤਾਰੀ (ਗਰੀਬ ਕਿਸਾਨ) ਕੱਲ ਦਾ ਪ੍ਰੋਲੇਤਾਰੀ ਹੈ। ਉਜ਼ਰਤਾਂ 'ਚ ਵਾਧੇ ਦੀ ਲੜਾਈ ਵਿੱਚ ਇਸ ਅਰਧ ਪ੍ਰੋਲੇਤਾਰੀ ਅਬਾਦੀ ਨੂੰ ਸ਼ਾਮਿਲ ਕਰ ਸਕਣ ਦੀ ਅੱਜ ਹੀ ਜ਼ਮੀਨ ਮੌਜੂਦ ਹੈ। ਬੇਸ਼ੱਕ ਭਾਰਤ ਜੇਹੇ ਦੇਸ਼ ਵਿੱਚ (ਜਾਤ-ਪਾਤੀ ਪ੍ਰਬੰਧ ਦੀ ਜਕੜ ਪੀਡੀ ਹੋਣ ਕਰਕੇ) ਇਹ ਇੰਨਾ ਸਿੱਧਾ ਪੱਧਰਾ ਨਹੀਂ ਹੈ। ਇਹ ਪਿੰਡਾਂ ਦੇ ਗਰੀਬਾਂ ਨੂੰ ਜਥੇਬੰਦ ਕਰਨ ਵਾਲੀਆਂ ਕਮਿਊਨਿਸਟ ਤਾਕਤਾਂ ਦੀ ਸੂਝ ਸਿਆਣਪ ਉੱਪਰ ਵੀ ਨਿਰਭਰ ਕਰੇਗਾ ਕਿ ਉਹ ਕਿਵੇਂ ਗਰੀਬਾਂ ਕਿਸਾਨਾਂ ਨੂੰ ਆਪਣੇ ਪੱਖ ਵਿੱਚ ਕਰਦੀਆਂ ਹਨ।

ਇਸ ਤੋਂ ਬਿਨਾਂ ਕਈ ਰਾਜ ਵਿਰੋਧੀ ਮੰਗਾਂ ਮਸਲੇ ਹਨ ਜੋ ਕਿ ਪੇਂਡੂ ਮਜ਼ਦੂਰਾਂ ਤੋਂ ਲੈ ਕੇ ਦਰਮਿਆਨੇ ਕਿਸਾਨਾਂ ਤੱਕ ਸਾਂਝੇ ਹਨ। ਜਿਵੇਂ ਕਿ ਬੱਚਿਆਂ ਨੂੰ ਮੁਫ਼ਤ ਪੜ੍ਹਾਈ, ਮੁਫ਼ਤ ਸਿਹਤ ਸਹੂਲਤਾਂ, ਘਰੇਲੂ ਖਪਤ ਵਾਸਤੇ ਸਸਤੀ ਬਿਜਲੀ ਸਪਲਾਈ, ਬੱਸਾਂ ਦੇ ਕਿਰਾਏ ਘੱਟ ਕਰਨਾ, ਅਸਿੱਧੇ ਟੈਕਸਾਂ ਦੀ ਮਨਸੂਖੀ ਆਦਿ। ਇਸ ਤਰਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਮੰਗਾਂ ਹੋ ਸਕਦੀਆਂ ਹਨ। ਇਸ ਤੋਂ ਬਿਨਾਂ ਬੇਰੁਜ਼ਗਾਰੀ ਇੱਕ ਅਜੇਹਾ ਮੁੱਦਾ ਹੈ ਜਿਸ ਦੀ ਸਭ ਤੋਂ ਵੱਧ ਮਾਰ ਪੇਂਡੂ ਗਰੀਬਾਂ (ਪੇਂਡੂ ਮਜ਼ਦੂਰ ਅਤੇ ਗਰੀਬ ਕਿਸਾਨ) ਅਤੇ ਦਰਮਿਆਨੇ ਕਿਸਾਨ ਪਰਿਵਾਰਾਂ ਚੋਂ ਆਉਣ ਵਾਲੇ ਨੌਜਵਾਨ ਹੀ ਝੱਲਦੇ ਹਨ। "ਹਰ ਹੱਥ ਨੂੰ ਰੁਜ਼ਗਾਰ ਦਿਓ" ਦੀ ਮੰਗ ਵੀ ਇਹਨਾਂ ਜਮਾਤਾਂ ਦੀ ਸਾਂਝ ਪੱਕੀ ਕਰਨ ਵਿੱਚ ਸਹਾਈ ਹੋਵੇਗੀ। ਇਸ ਤੋਂ ਇਲਾਵਾ ਰਾਜ ਦੁਆਰਾ ਸਮੇਂ ਸਮੇਂ ਤੇ ਲੋਕਾਂ ਦੇ ਜਮਹੂਰੀ ਹੱਕਾਂ ਤੇ ਮਾਰੇ ਜਾਂਦੇ ਛਾਪਿਆਂ ਵਿਰੁੱਧ ਵੀ ਉਪਰੋਕਤ ਤਿੰਨ ਜਮਾਤ ਵਿੱਚ ਸਾਂਝ ਪੈਦਾ ਕੀਤੀ ਜਾ ਸਕਦੀ ਹੈ।

ਗਰੀਬ ਅਤੇ ਦਰਮਿਆਨੇ ਕਿਸਾਨਾਂ ਦੇ ਸਮਾਜਵਾਦੀ ਇਨਕਲਾਬ ਵਿੱਚ ਮਜ਼ਦੂਰ ਜਮਾਤ ਦੇ ਸੰਗੀ ਹੋਣ ਦਾ ਇੱਕ ਮਹੱਤਵਪੂਰਨ ਅਰਥ ਇਹ ਵੀ ਹੈ ਕਿ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀ ਜ਼ਾਇਦਾਦ ਸਮਾਜਵਾਦੀ ਇਨਕਲਾਬ ਦਾ ਚੋਟ ਨਿਸ਼ਾਨਾ ਨਹੀਂ ਹੈ। ਸਮਾਜਵਾਦੀ ਇਨਕਲਾਬ ਜਿੱਥੇ ਧਨੀ ਕਿਸਾਨਾਂ ਦੀ ਪੂਰੀ ਸੰਪੱਤੀ ਜ਼ਬਤ ਕਰੇਗਾ, ਉੱਥੇ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੇ ਮਾਮਲੇ ਵਿੱਚ ਅਜਿਹਾ ਨਹੀਂ ਕੀਤਾ ਜਾਵੇਗਾ। ਸਮਾਜਵਾਦੀ ਸਮਾਜ ਵਿੱਚ ਗਰੀਬ ਅਤੇ ਦਰਮਿਆਨੇ ਕਿਸਾਨ ਨੂੰ ਪ੍ਰੇਰਿਤ ਕਰਕੇ, ਸਾਂਝੀ ਖੇਤੀ ਦੇ ਫਾਇਦਿਆਂ ਦੀਆਂ ਉਦਾਹਰਣਾ ਰਾਹੀਂ ਹੀ ਉਹਨਾਂ ਨੂੰ ਸਾਂਝੀ ਖੇਤੀ ਵਿੱਚ ਸ਼ਾਮਿਲ ਹੋਣ ਲਈ ਰਜ਼ਾਮੰਦਾ ਕੀਤਾ ਜਾਵੇਗਾ, ਜ਼ੋਰ ਜਬਰਦਸਤੀ ਰਾਹੀਂ ਨਹੀਂ। ਧਨੀ ਕਿਸਾਨ, ਗਰੀਬ ਅਤੇ ਦਰਮਿਆਨੇ ਕਿਸਾਨਾਂ ਵਿੱਚ ਝੂਠਾ ਪ੍ਰਚਾਰ ਕਰਕੇ ਕਿ ਕਮਿਊਨਿਸਟ ਉਹਨਾਂ ਦੀਆਂ ਜ਼ਮੀਨਾਂ ਖੋਹ ਲੈਣਗੇ, ਉਹਨਾਂ ਨੂੰ ਕਮਿਊਨਿਸਟਾ ਵਿਰੁੱਧ ਭੜਕਾਉਂਦੇ ਹਨ। ਕਮਿਊਨਿਸਟਾਂ ਨੂੰ ਵੀ ਗਰੀਬ ਅਤੇ ਦਰਮਿਆਨੇ ਕਿਸਾਨਾਂ ਵਿੱਚ ਆਪਣੇ ਪੱਖ ਦਾ ਜ਼ੋਰਦਾਰ ਪ੍ਰਚਾਰ ਕਰਕੇ ਧਨੀ ਕਿਸਾਨਾਂ ਦੇ ਝੂਠੇ ਪ੍ਰਚਾਰ ਨੂੰ ਕੱਟਣਾ ਹੋਵੇਗਾ। ਪੇਂਡੂ ਖੇਤਰ ਵਿੱਚ ਕਮਿਊਨਿਸਟਾਂ ਦੀ ਸਰਵਉੱਚ ਪ੍ਰਾਥਮਿਕਤਾ ਪਿੰਡਾਂ ਦੀ ਪ੍ਰੋਲੇਤਾਰੀ ਅਤੇ ਅਰਧ ਪ੍ਰੋਲੇਤਾਰੀ ਅਬਾਦੀ ਨੂੰ ਜਥੇਬੰਦ ਕਰਨਾ ਹੋਵੇਗੀ। ਦਰਮਿਆਨੇ ਕਿਸਾਨ ਲੰਬਾ ਸਮਾਂ ਮਜ਼ਦੂਰ ਜਮਾਤ ਦੀ ਲਹਿਰ ਪ੍ਰਤੀ ਡਾਵਾਂਡੋਲ ਰੁਖ ਅਪਣਾਉਣਗੇ। ਜਮਾਤੀ ਸੰਘਰਸ਼ ਦੇ ਉੱਨਤ ਪੜਾਵਾਂ, ਜਦੋਂ ਪੇਂਡੂ ਗਰੀਬਾਂ ਦੀ ਇੱਕ ਮਜ਼ਬੂਤ ਜਥੇਬੰਦ ਧਿਰ ਦਿਖਾਈ ਦੇਂਦੀ ਹੋਵੇਗੀ, ਤਾਂ ਲਗਾਤਾਰ ਜ਼ੋਰਦਾਰ ਕਮਿਊਨਿਸਟ ਪ੍ਰਚਾਰ ਪ੍ਰਾਪੇਗੰਡੇ ਰਾਹੀਂ ਦਰਮਿਆਨੇ ਕਿਸਾਨਾਂ ਵਿੱਚ ਫੁੱਟ ਪੈ ਸਕਦੀ ਹੈ। ਦਰਮਿਆਨੇ ਕਿਸਾਨਾਂ ਦਾ ਉੱਪਰਲਾ ਹਿੱਸਾ ਤਦ ਧਨੀ ਕਿਸਾਨਾਂ ਵੱਲ ਜਾ ਸਕਦਾ



ਹੈ, ਇੱਕ ਹਿੱਸਾ ਪੇਂਡੂ ਗਰੀਬਾਂ ਦਾ ਪੱਖ ਲਵੇਗਾ ਅਤੇ ਇੱਕ ਹਿੱਸਾ ਅਜੇ ਵੀ ਡਾਵਾਂਡੋਲ ਰਹੇਗਾ। ਕਮਿਊਨਿਸਟ ਅੱਗੇ ਇਸ ਡਾਵਾਂਡੋਲ ਹਿੱਸੇ ਨੂੰ ਨਿਰਪੱਖ (Neutral) ਬਣਾਉਣ ਦਾ ਕਾਰਜ ਕਰਣਗੇ ਰਹੇਗਾ।

ਧਨੀ ਕਿਸਾਨੀ ਪੇਂਡੂ ਖੇਤਰ ਵਿੱਚ ਇਨਕਲਾਬ ਦੀ ਮੁੱਖ ਦੁਸ਼ਮਣ ਹੈ। ਪਰ ਧਨੀ ਕਿਸਾਨੀ ਦੀ ਸੱਨਅਤੀ ਅਤੇ ਵਪਾਰਕ ਸਰਮਾਏ ਨਾਲ ਵੀ ਵਿਰੋਧਤਾਈ ਹੈ। ਜੇਕਰ ਦੇਸ਼ ਵਿੱਚ ਇੱਕ ਮਜ਼ਬੂਤ ਕਮਿਊਨਿਸਟ ਲਹਿਰ ਹੋਵੇ ਤਾਂ ਦੁਸ਼ਮਣ ਦੇ ਆਪਸੀ ਵਿਰੋਧਾਂ ਦਾ ਫਾਇਦਾ ਲੈਣ ਲਈ ਕਿਸੇ ਖਾਸ ਹਾਲਤ ਵਿੱਚ ਧਨੀ ਕਿਸਾਨੀ ਨਾਲ ਵੀ ਦਾਅਪੇਚਕ ਗੱਠਜੋੜ ਬਣ ਸਕਦਾ ਹੈ, ਜੇਕਰ ਧਨੀ ਕਿਸਾਨੀ ਦੀ ਅਗਵਾਈ ਵਾਲੇ ਅੰਦੋਲਨ ਵਿੱਚ ਗਰੀਬ ਅਤੇ ਦਰਮਿਆਨੇ ਕਿਸਾਨ ਵੀ ਵੱਡੀ ਪੱਧਰ ਤੇ ਸ਼ਾਮਿਲ ਹੋਣ। ਬੇਸ਼ੱਕ ਇਸ ਤਰਾਂ ਦੇ ਗੱਠਜੋੜਾਂ ਵਿੱਚ ਮੰਗਾਂ ਦੇ ਸਵਾਲ ਤੇ ਲਚਕ ਵਿਖਾਉਣੀ ਪੈਂਦੀ ਹੈ ਪਰ ਤਾਂ ਵੀ ਇਸ ਗੱਠਜੋੜ ਦੀਆਂ ਮੰਗਾਂ ਮਜ਼ਦੂਰ ਜਮਾਤ ਦੇ ਹਿੱਤਾਂ ਦੇ ਵਿਰੋਧ ਵਿੱਚ ਨਹੀਂ ਹੋਣੀਆਂ ਚਾਹੀਦੀਆਂ। ਜੇਕਰ ਮਜ਼ਦੂਰ ਜਮਾਤ ਦੀ ਗਿਣਨਯੋਗ ਜਥੇਬੰਦ ਤਾਕਤ ਮੌਜੂਦ ਹੋਵੇ ਤਾਂ ਧਨੀ ਕਿਸਾਨਾਂ ਨੂੰ ਲਾਭਕਾਰੀ ਭਾਵਾਂ ਦੀ ਥਾਂ ਲਾਗਤ ਮੁੱਲ ਘਟਾਉਣ ਦੀ ਮੰਗ ਨੂੰ ਆਵਦੀ ਮੁੱਖ ਮੰਗ ਬਣਾਉਣ ਲਈ ਰਾਜ਼ੀ ਕੀਤਾ ਜਾ ਸਕਦਾ ਹੈ। ਭਾਵੇਂ ਦੂਰ ਰਸ ਤੌਰ ਤੇ ਇਹ ਮੰਗ ਵੀ ਮਜ਼ਦੂਰ ਜਮਾਤ ਦੇ ਖਿਲਾਫ ਜਾਂਦੀ ਹੈ, ਕਿਉਂਕਿ ਇਸ ਨਾਲ ਪੇਂਡੂ ਖੇਤਰ ਵਿੱਚ ਜਮਾਤੀ ਧਰੁਵੀਕਰਨ ਦੀ ਰਫ਼ਤਾਰ ਸੁਸਤ ਹੁੰਦੀ ਹੈ, ਛੋਟੇ ਮਾਲ ਉਤਪਾਦਕਾਂ ਦੇ ਭਰਮਾਂ ਦੀ ਉਮਰ ਲੰਬੀ ਹੁੰਦੀ ਹੈ। ਪਰ ਫੌਰੀ ਤੋਰ ਤੇ ਇਹ ਮੰਗ ਮਜ਼ਦੂਰਾਂ ਦੇ ਪੱਖ ਵਿੱਚ ਵੀ ਜਾਂਦੀ ਹੈ। ਬਸ਼ਰਤੇ ਕਿ ਮਜ਼ਦੂਰਾਂ ਕੋਲ ਇੱਕ ਮਜ਼ਬੂਤ ਜਥੇਬੰਦੀ ਹੋਵੇ ਤਾਂ ਕਿ ਲਾਗਤ ਮੁੱਲ ਘਟਣ ਨਾਲ ਜੋ ਜਿਣਸਾਂ ਦੇ ਭਾਵਾਂ ਵਿੱਚ ਗਿਰਾਵਟ ਆਵੇਗੀ, ਉਸ ਦੀ ਬਦੌਲਤ ਸਨਅਤੀ ਜਾਂ ਖੇਤੀ ਬੁਰਜ਼ੂਆਜ਼ੀ ਉਜ਼ਰਤਾਂ ਵਿੱਚ ਕਮੀ ਨਾ ਕਰ ਸਕੇ। ਇਸ ਤਰਾਂ ਮਜ਼ਦੂਰ ਜਮਾਤ ਨੂੰ ਦੂਹਰਾ ਫਾਇਦਾ ਹੋਵੇਗਾ। ਉਸਦੇ ਉਪਭੋਗ ਦੀਆਂ ਵਸਤਾਂ ਵੀ ਸਸਤੀਆਂ ਹੋ ਜਾਣਗੀਆਂ ਅਤੇ ਉਜ਼ਰਤਾਂ ਵੀ ਨਹੀਂ ਡਿੱਗਣਗੀਆਂ। ਪਰ ਅਜਿਹੇ ਦਾਅਪੇਚਕ ਗੱਠਜੋੜ ਕੁੱਝ ਵਿਸ਼ੇਸ਼ ਹਾਲਤਾਂ ਦੀ ਹੀ ਉਪਜ ਹੋ ਸਕਦੇ ਹਨ ਜਿਹਨਾਂ ਵਿੱਚ ਕੁਝ ਦਾ ਅਸੀਂ ਇੱਥੇ ਜ਼ਿਕਰ ਕੀਤਾ ਵੀ ਹੈ, ਅਜਿਹੇ ਗੱਠਜੋੜ ਆਮ ਵਰਤਾਰਾ ਨਹੀਂ ਹੋ ਸਕਦੇ।

ਅਜਿਹਾ ਹੈ ਉਹ ਸਿਧਾਂਤਕ ਚੌਖਟਾ ਜਿਸਦੇ ਤਹਿਤ ਕਮਿਊਨਿਸਟ ਪਿੰਡਾਂ ਦੇ ਗਰੀਬਾਂ ਨੂੰ ਜਥੇਬੰਦ ਕਰਨਗੇ, ਪਿੰਡਾਂ ਵਿੱਚ ਤਿੰਨ ਜਮਾਤਾਂ ਦਾ ਸਾਂਝ ਮੋਰਚਾ ਉਸਾਰਨਗੇ। ਇਨਕਲਾਬੀ ਸਾਂਝੇ ਮੋਰਚੇ ਦਾ ਅੰਗ ਬਣਨ ਵਾਲੀਆਂ ਵੱਖ-ਵੱਖ ਜਮਾਤਾਂ ਦੀਆਂ ਮੰਗਾਂ ਵਿੱਚੋਂ ਸਾਂਝੀਆਂ ਮੰਗਾਂ ਤਲਾਸ਼ਣੀਆਂ ਜ਼ਰੂਰੀ ਹਨ, ਕਿਉਂਕਿ ਮੰਗਾਂ ਮਸਲਿਆਂ ਦੀ ਸਾਂਝ, ਸਾਂਝੇ ਮੋਰਚੇ ਦੀ ਲਾਜ਼ਮੀ ਸ਼ਰਤ ਹੁੰਦੀ ਹੈ।

***

# ਕੀ ਕਰ ਰਹੇ ਹਨ ਅੱਜਕੱਲ੍ਹ ਪੰਜਾਬ ਦੇ 'ਕਾਮਰੇਡ'?

ਸੀ.ਪੀ.ਆਈ., ਸੀ.ਪੀ.ਐੱਮ. ਜੇਹੇ ਸੰਸਦ ਮਾਰਗੀਆਂ ਤੋਂ ਇਲਾਵਾ ਇਸ ਸਮੇਂ ਪੰਜਾਬ ਵਿੱਚ ਖੁਦ ਨੂੰ ਕਮਿਊਨਿਸਟ ਇਨਕਲਾਬੀ ਕਹਾਉਣ ਵਾਲੀਆਂ ਮਾਰਕਸਵਾਦ-ਲੈਨਿਨਵਾਦ-ਮਾਓਵਾਦ ਵਿਚਾਰਧਾਰਾ ਦਾ ਜਾਪ ਕਰਨ ਵਾਲੀਆਂ ਲੱਗਭਗ ਅੱਧੀ ਦਰਜਣ ਜਥੇਬੰਦੀਆਂ ਸਰਗਰਮ ਹਨ। ਕਮਿਊਨਿਸਟ ਪਾਰਟੀਆਂ, ਜਥੇਬੰਦੀਆਂ ਦੇ ਨਾਂ ਉੱਪਰ ਸਰਗਰਮ ਇਹ ਤਰਾਂ-ਤਰਾਂ ਦੇ 'ਕਮਿਊਨਿਸਟ' ਅੱਜਕੱਲ੍ਹ ਇਹ ਭੁੱਲ ਹੀ ਗਏ ਹਨ ਕਿ ਕਮਿਊਨਿਸਟ ਪਾਰਟੀ/ਜਥੇਬੰਦੀ ਮਜ਼ਦੂਰ ਜਮਾਤ ਦਾ ਹਿਰਾਵਲ ਦਸਤਾ ਹੁੰਦੀ ਹੈ, ਜਿਸ ਲਈ ਮਜ਼ਦੂਰ ਜਮਾਤ ਦੇ ਹਿੱਤ ਸਭ ਤੋਂ ਪਹਿਲੀ ਥਾਂ ਹੁੰਦੇ ਹਨ। ਇਹਨਾਂ ਦੁਆਰਾ ਪ੍ਰਕਾਸ਼ਤ ਵੱਖ--ਵੱਖ ਮੈਗਜ਼ੀਨਾਂ ਚੋਂ ਅੱਜ ਮਜ਼ਦੂਰ ਗਾਇਬ ਹੈ। ਮਜ਼ਦੂਰ ਜਮਾਤ ਦੀ ਲੜਾਈ, ਉਸਦੇ ਸੁਪਨੇ, ਉਮੀਦਾਂ, ਦੁੱਖ ਦਰਦ ਅਤੇ ਉਸ ਦੀ ਵਿਚਾਰਧਾਰਾ ਵੀ ਗਾਇਬ ਹੈ। ਕੁਝ ਹੈ ਤਾਂ ਬੱਸ ਕਿਸਾਨਾਂ ਨੂੰ ਬਚਾਉਣ ਦੀ ਚੀਕ-ਪੁਕਾਰ। ਕਿਸਾਨਾਂ ਵਿੱਚ ਵੀ ਅਮੀਰ ਗਰੀਬ ਕਿਸਾਨਾਂ ਵਿੱਚ ਕੋਈ ਫਰਕ ਨਹੀਂ, ਸਗੋਂ ਸਾਰੇ ਕਿਸਾਨਾਂ ਨੂੰ ਬਚਾਉਣ, ਉਹਨਾਂ ਦੇ ਕਰਜ਼ੇ ਮਾਫ ਕਰਾਉਣ ਅਤੇ ਉਹਨਾਂ ਦੇ ਮੁਨਾਫੇ ਵਧਾਉਣ ਦੀਆਂ ਚਿੰਤਾਵਾਂ ਇਹਨਾਂ 'ਕਮਿਊਨਿਸਟਾਂ' ਦੇ ਸਿਰ ਚੜ੍ਹ ਕੇ ਬੋਲ ਰਹੀਆਂ ਹਨ। ਸੰਖੇਪ ਵਿੱਚ ਕਿਹਾ ਜਾਵੇ ਤਾਂ ਇਹਨੀਂ ਦਿਨੀਂ ਪੰਜਾਬ ਵਿੱਚ ਸਰਗਰਮ ਭਾਂਤ-ਸੁਭਾਂਤੇ 'ਕਮਿਊਨਿਸਟਾਂ' ਦਾ ਧਨੀ ਕਿਸਾਨਾਂ (ਕੁਲਕਾਂ) ਜਾਂ ਖੇਤੀ ਬੁਰਜ਼ੁਆਜ਼ੀ ਨਾਲ ਟਾਂਕਾ ਭਿੜਿਆ ਹੋਇਆ ਹੈ।

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੀ ਕਿਸਾਨ ਲਹਿਰ ਸਥਾਨਕ ਮੀਡੀਆ ਦੀਆਂ ਸੁਰਖੀਆਂ ਵਿੱਚ ਹੈ। ਕੌਮੀ ਮੀਡੀਆ ਵਿੱਚ ਵੀ ਇਸਦੀ ਅਕਸਰ ਚਰਚਾ ਹੁੰਦੀ ਰਹਿੰਦੀ ਹੈ। ਲਗਭਗ ਦੋ ਸਾਲ ਪਹਿਲਾਂ ਸੀ.ਪੀ.ਆਈ., ਸੀ.ਪੀ.ਐੱਮ ਅਤੇ ਪੰਜਾਬ ਦੀਆਂ ਵੱਖ-ਵੱਖ ਨਕਸਲੀ ਜਥੇਬੰਦੀਆਂ ਦੁਆਰਾ ਚਲਾਈਆਂ ਜਾਣ ਵਾਲੀਆਂ ਪੰਜ ਕਿਸਾਨ ਜਥੇਬੰਦੀਆਂ ਨੇ ਮਿਲ ਕੇ ਇੱਕ ਸੰਘਰਸ਼ ਦੀ ਸ਼ੁਰੂਆਤ ਕੀਤੀ ਸੀ ਜਿਸ ਨੂੰ ਇਹਨਾਂ ਨੇ 'ਕਰਜ਼ਾ ਮੁਕਤੀ ਅਤੇ ਕਿਸਾਨ ਬਚਾਓ ਸੰਗਰਾਮ' ਦਾ ਨਾਮ ਦਿੱਤਾ ਸੀ। ਪਰ ਕਿਸਾਨਾਂ ਤੋਂ ਕੋਈ ਖਾਸ ਸਮਰਥਨ ਨਾ ਮਿਲਣ ਕਾਰਨ ਜਲਦੀ ਹੀ ਇਹ ਮੋਰਚਾ ਖਿੰਡ ਗਿਆ ਸੀ। ਪਰ ਤਿੰਨ ਮਹੀਨੇ ਪਹਿਲਾਂ ਇਹ ਖਿੰਡਿਆ ਹੋਇਆ ਕੁਟੰਬ ਫਿਰ ਇੱਕਠਾ ਹੋ ਗਿਆ। ਇਸ ਵਾਰ ਜਥੇਬੰਦੀਆਂ ਦੀ ਗਿਣਤੀ ਵੀ ਵਧੇਰੇ ਸੀ ਕਿਉਂਕਿ ਕੁਝ ਕਿਸਾਨ ਜਥੇਬੰਦੀਆਂ ਵਿੱਚ ਫੁੱਟ ਪੈਣ ਕਾਰਨ, ਇਸ ਕੁਟੰਬ ਵਿੱਚ ਦੋ ਨਵੇਂ ਮੈਂਬਰ ਸ਼ਾਮਿਲ ਹੋ ਗਏ ਸਨ। ਇਸ ਵਾਰ ਮੁੱਦੇ ਵੀ ਕੁਝ ਅਲੱਗ ਸਨ। ਇਸ ਵਾਰ ਮੁੱਖ ਮੁੱਦਾ ਸੀ ਝੋਨੇ ਦੀ ਕੀਮਤ 600 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 750 ਰੁਪਏ ਕਰਵਾਉਣਾ। ਇਸ ਤੋਂ ਇਲਾਵਾ ਹੋਰ ਮੰਗਾਂ ਸਨ, ਦੁੱਧ ਦੀ ਕੀਮਤ ਵਿੱਚ ਵਾਧਾ, ਕਿਸਾਨਾਂ ਦੇ ਕਰਜ਼ੇ ਮਾਫ ਕਰਵਾਉਣਾ, ਕੈਪਟਨ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਕਿਸਾਨਾਂ ਦੇ ਮੋਟਰਾਂ ਦੇ ਬਿਲ ਮਾਫ਼ ਕਰਵਾਉਣਾ। ਜੋ ਕਿ ਅਕਾਲੀ ਸਰਕਾਰ ਸਮੇਂ ਮਾਫ਼ ਸਨ।

ਇਹਨਾਂ ਮੰਗਾਂ ਨੂੰ ਲੈਕੇ ਇਹਨਾਂ ਕਮਿਊਨਿਸਟ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਸ਼ੁਰੂ ਕੀਤਾ। ਪਰ ਇਸ ਵਾਰ ਵੀ ਇਹ ਫਲਾਪ ਸ਼ੋਅ ਹੀ ਸਾਬਤ ਹੋਇਆ। 29 ਅਕਤੂਬਰ 2002 ਨੂੰ ਇਹਨਾਂ ਨੇ 'ਪੰਜਾਬ ਬੰਦ' ਦਾ ਸੱਦਾ ਦਿੱਤਾ। ਪਰ ਪੰਜਾਬ ਦੇ ਲੋਕਾਂ ਨੇ ਇਸ ਸੱਦੇ ਨੂੰ ਤਵੱਜੋ ਨਹੀਂ ਦਿੱਤੀ। ਇਹਨੀਂ ਦਿਨੀਂ ਇਹ ਮੋਰਚਾ ਫਿਰ ਖਿੰਡਿਆ ਹੋਇਆ ਹੈ। ਵੱਖ-ਵੱਖ ਜਥੇਬੰਦੀਆਂ, ਵੱਖ-ਵੱਖ ਰਹਿ ਕੇ ਕਿਸਾਨਾਂ ਤੋਂ ਮੋਟਰਾਂ ਦੇ ਬਿੱਲਾਂ ਦਾ ਬਾਈਕਾਟ ਕਰਵਾਉਣ ਵਿੱਚ ਰੁੱਝੀਆਂ ਹੋਈਆਂ ਹਨ ਅਤੇ ਬਿਜਲੀ ਮੁਲਾਜ਼ਮਾਂ ਨਾਲ ਲੜ ਝਗੜ ਕੇ ਆਪਣੇ ਲੜਾਕੂਪਣ ਦੀ ਨੁਮਾਇਸ਼ ਲਗਾ ਰਹੀਆਂ ਹਨ।

ਕੋਈ ਵੀ ਜਮਾਤ ਆਵਦੇ ਹਿੱਤਾਂ ਵਾਸਤੇ ਲੜਨ ਲਈ ਆਜ਼ਾਦ ਹੈ, ਉਹ ਖੁਸ਼ੀ ਨਾਲ



ਆਪਣੀ ਲੜਾਈ ਲੜੇ। ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਧਰਤੀ ਉੱਪਰ ਇਹ ਸਭ ਕੁਝ ਕਮਿਊਨਿਸਟਾਂ ਦੇ ਭੇਸ ਵਿੱਚ ਹੋ ਰਿਹਾ ਹੈ। ਇਹਨਾਂ 'ਕਮਿਊਨਿਸਟਾਂ' ਦੀ ਰਾਹਨੁਮਾਈ ਵਿੱਚ ਲੜੇ ਜਾ ਰਹੇ ਇਹਨਾਂ ਕਿਸਾਨੀ ਸੰਘਰਸ਼ਾਂ ਦੀਆਂ ਮੰਗਾਂ ਮਜ਼ਦੂਰ ਵਿਰੋਧੀ ਅਤੇ ਧਨੀ ਕਿਸਾਨਾਂ ਦੇ ਹਿੱਤ ਵਿੱਚ ਹਨ। ਮਜ਼ਦੂਰਾਂ ਦੀਆਂ ਰੋਜਾਨਾਂ ਦੀ ਵਰਤੋਂ ਦੀਆਂ ਚੀਜਾਂ ਜਿਵੇਂ ਕਣਕ, ਚਾਵਲ, ਦੁੱਧ ਆਦਿ ਦੀਆਂ ਕੀਮਤਾਂ ਵਿੱਚ ਵਾਧਾ ਤਾਂ ਸਿੱਧਾ ਸਿੱਧਾ ਮਜ਼ਦੂਰਾਂ ਦੀ ਜੇਬ ਉੱਪਰ ਡਾਕਾ ਹੈ। ਉੱਪਰੋਂ ਸਿਤਮ ਇਹ ਹੈ ਕਿ ਇਸ ਡਕੈਤੀ ਵਿੱਚ ਕੋਈ ਹੋਰ ਨਹੀਂ ਸਗੋਂ ਖੁਦ ਨੂੰ ਮਜ਼ਦੂਰ ਜਮਾਤ ਦੇ ਪ੍ਰਤੀਨਿੱਧ ਕਹਾਉਣ ਵਾਲੇ ਰੰਗ-ਬਰੰਗੇ ਕਮਿਊਨਿਸਟ ਹੀ ਜਾਣੇ-ਅਣਜਾਣੇ ਸਹਾਈ ਹੋ ਰਹੇ ਹਨ।

ਜਿੱਥੋਂ ਤੱਕ ਕਿਸਾਨਾਂ ਦੀਆਂ ਮੋਟਰਾਂ ਦੇ ਬਿੱਲ ਮਾਫ ਕਰਨ ਦੀ ਮੰਗ ਦਾ ਸਵਾਲ ਹੈ, ਜਿਸ ਉੱਪਰ ਇਹ ਟਿੱਪਣੀ ਲਿਖੇ ਜਾਣ ਦੇ ਸਮੇਂ ਤੱਕ ਸੰਘਰਸ਼ ਜ਼ਾਰੀ ਹੈ। ਇਸ ਦੀ ਅਸਲੀਅਤ ਇਹ ਹੈ ਕਿ ਗਰੀਬ ਕਿਸਾਨਾਂ (ਅਰਧ ਪ੍ਰੋਲੇਤਾਰੀਆਂ) ਕੋਲ ਤਾਂ ਮੋਟਰਾਂ ਹੈ ਹੀ ਨਹੀਂ। ਜ਼ਿਆਦਾਤਰ ਗਰੀਬ ਕਿਸਾਨਾਂ ਕੋਲ ਜਾਂ ਤਾਂ ਸਿੰਚਾਈ ਦਾ ਕੋਈ ਸਾਧਨ ਹੀ ਨਹੀਂ ਹਨ। ਜੇਕਰ ਹੈ ਤਾਂ ਉਹ ਹੈ ਡੀਜ਼ਲ ਇੰਜਣ। ਘੱਟ ਜ਼ਮੀਨ ਵਾਲੇ ਜ਼ਿਆਦਾਤਰ ਕਿਸਾਨ ਸਿੰਚਾਈ ਵਾਸਤੇ ਧਨੀ ਕਿਸਾਨਾਂ ਉੱਪਰ ਨਿਰਭਰ ਹਨ। ਪੰਜਾਬ ਵਿੱਚ ਕੁੱਲ ਮੋਟਰਾਂ ਦੀ ਵੱਡੀ ਸੰਖਿਆ ਧਨੀ ਕਿਸਾਨਾਂ ਕੋਲ ਹੈ ਜਾਂ ਕੁਝ ਇੱਕ ਦਰਮਿਆਨੇ ਕਿਸਾਨਾਂ ਕੋਲ। ਕਈ ਅਮੀਰ ਕਿਸਾਨ ਤਾਂ ਅਜੇਹੇ ਹਨ ਜਿਹਨਾਂ ਦਾ ਮੋਟਰਾਂ ਦਾ ਬਿੱਲ ਲੱਖਾਂ 'ਚ ਬਣਦਾ ਹੈ। ਜਿਵੇਂ ਕਿ ਜੰਗ ਬਹਾਦਰ ਸਿੰਘ ਸੰਘਾ (ਨਕੋਦਰ), ਪ੍ਰਕਾਸ਼ ਸਿੰਘ ਬਾਦਲ, ਹਰਚਰਨ ਬਰਾੜ ਆਦਿ।

ਇਸ ਵਿਸ਼ਲੇਸ਼ਣ ਤੋਂ ਇਹ ਅਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਮਿਊਨਿਸਟ ਜਥੇਬੰਦੀਆਂ ਪਾਰਟੀਆਂ ਦੇ ਨਾਮ ਉੱਪਰ ਸਰਗਰਮ ਇਹ ਜਥੇਬੰਦੀਆਂ ਕਿਸ ਦੇ ਹੱਕ ਵਿੱਚ ਖੜ੍ਹੀਆਂ ਹਨ ਅਤੇ ਕਿਸ ਦੇ ਵਿਰੋਧ ਵਿੱਚ। ਇਹ ਹੈ ਰੂਸੀ ਨਰੋਦਵਾਦ ਦੇ ਭਾਰਤੀ ਐਡੀਸ਼ਨ ਦੀ ਇੱਕ ਝਲਕ। ਨਰੋਦਵਾਦ ਦੇ ਇਸ ਭਾਰਤੀ ਐਡੀਸ਼ਨ ਦੀ ਹੋਰ ਚੀਰਫਾੜ ਕਰਨਾ ਅਤੇ ਮਜ਼ਦੂਰ ਜਮਾਤ ਵਿੱਚ ਇਸ ਦੀ ਅਸਲੀਅਤ ਨੂੰ ਉਜ਼ਾਗਰ ਕਰਨ ਭਾਰਤ ਦੇ ਮਜ਼ਦੂਰ ਇਨਕਲਾਬ ਨੂੰ ਅੱਗੇ ਵਧਾਉਣ ਲਈ ਬੇਹੱਦ ਜ਼ਰੂਰੀ ਹੈ।

(ਹਿੰਦੀ ਮਜ਼ਦੂਰ ਅਖਬਾਰ ਬਿਗੁਲ (ਦਸੰਬਰ 2002) ਚੋਂ ਧੰਨਵਾਦ ਸਹਿਤ)

* * *